
# ਮੁਕਤੀ



ਚਰਨ ਸਿੰਘ

# ਮੁਕਤੀ

(ਲੰਬੀ ਕਵਿਤਾ)

ਚਰਨ ਸਿੰਘ

ਪੇਸ਼ਕਸ਼

ਪੰਜਾਬ ਬੁੱਕ ਸੈਂਟਰ

# Muktee

( A Long Poem )

By : CHARAN SINGH
9251 ARVIDA, DR.
RICHMOND B.C. V7A 4K5
CANADA
Phone : 604-448-0331
Email : virdycharan@gmail.com

© Author

Edition: 2014

Price : Rs. 200/-

Title Designed by : Harpreet Singh

**Published by :**
Punjab Book Centre
Sector 22, Chandigarh
Tel. : 0172-2701952

---

ਮੁਕਤੀ (ਲੰਬੀ ਕਵਿਤਾ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਪੰਜਾਬੀ ਸਾਹਿਤ ਦੇ ਵਿਦਵਾਨ ਸਾਹਿਤਕਾਰ
## ਸਵਰਗਵਾਸੀ ਸੰਤ ਸਿੰਘ ਸੇਖੋਂ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੂਤ (ਲੰਬੀ ਕਵਿਤਾ) 1998
* ਗਗਨ ਮੇਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੂਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014

# ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਪ੍ਰਗੀਤਕ ਕਵਿਤਾਵਾਂ)
(2) ਕੁਕਨੂਸ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਟੱਪੇ)
(4) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(5) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(6) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਨੀਲਾ ਅਸਮਾਨ
(12) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(13) ਮਹਿਮਾਂ (ਕਾਵਿ ਸੰਗ੍ਰਹਿ)
(14) ਚੁੱਪ ਦੀ ਆਵਾਜ਼ (ਕਾਵਿ ਸੰਗ੍ਰਹਿ)
(15) ਕਿਵ ਸੱਚਿਆਰਾ ਹੋਈਐ (ਕਾਵਿ–ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

## ਤਤਕਰਾ


1. ਜਿਉਂਦੇ ਜੀਅ ਮੋਕਸ਼
2. ਪ੍ਰਕਿਰਤੀ ਤੇ ਪ੍ਰਕਿਰਤੀ ਦਾ ਮੁਥਾਜ਼ੀ
3. ਦੁਨੀਆਂ ਤੇ ਦੁਨੀਆਂ ਦਾ ਮੁਥਾਜ਼ੀ
4. ਮਨੁੱਖੀ ਦੇਹ ਤੇ ਮਨ
5. ਗੁਰੂ
6. ਸਿਮਰਨ
7. ਮਿਲਾਪ ਅਵੱਸਥਾ
8. ਅਹਿਸਾਸ
9. ਸਰਦਲ ਤੋਂ ਆਰ-ਪਾਰ
10. ਮੂਲਮੰਤਰ ਦਾ ਅਕੁੰਰ ਤੇ ਸਿਰਜਣਾ
11. ਆਤਮ ਮੋਕਸ਼ ਤੇ ਸ਼ੂਨਯ ਪ੍ਰਭੂ ਦੀ ਪ੍ਰਾਪਤੀ

## ਜਿਉਂਦੇ ਜੀਅ ਮੋਕਸ਼

ਵੇਦਾਂ ਸ਼ਾਸਤਰਾਂ ਦਾ ਕਥਨ ਹੈ
"ਮਨੁੱਖ ਜਿਉਂਦੇ ਜੀਅ
ਮੋਕਸ਼ ਪ੍ਰਾਪਤ ਕਰੇ"
ਜਿਉਂਦੇ ਜੀਅ
ਜੋ ਨਰ ਮੁਕਤੀ ਪਾਏਗਾ
ਮੁਕਤ ਹੋਣ ਦਾ ਅਹਿਸਾਸ
ਜਿਉਂਦੇ ਜੀਅ ਤੇ ਮੋਇਆ ਵੀ
ਜਿਉਂਦੇ ਜੀਅ ਹੰਢਾਏਗਾ

–0–

ਬਾਣੀ ਫੁਰਮਾਉਂਦੀ ਹੈ :
"ਸੋ ਭਗਉਤੀ ਜੋ ਭਗਵੰਤੈ ਜਾਣੈ ॥
ਗੁਰ ਪ੍ਰਸਾਦਿ ਆਪ ਪਛਾਣੈ ॥
ਧਾਵਤ ਰਾਖੈ ਇਕ ਘਰ ਆਵੈ ॥
ਜੀਤ ਮਰੈ ਹਰਿਨਾਮ ਵਖਾਣੈ ॥
ਐਸਾ ਭਗਾਉਤੀ ਉਤਮ ਹੋਇ ॥
ਨਾਨਕ ਸੱਚ ਸਮਾਵੈ ਸੋਇ ॥

–0–

"ਸੱਚਾ ਭਗਤ ਪ੍ਰਭੂ ਨੂੰ ਜਾਣੇ ॥
ਗੁਰ ਕ੍ਰਿਪਾ ਕਰ ਆਪ ਪਛਾਣੇ ॥
ਵਾਸ਼ਨਾ ਵਲੋਂ ਮਨ ਆਪਣਾ ਸਾਂਭੇ ॥
ਹਰ ਪਲ ਰੂਪ ਪ੍ਰਭੂ ਧਿਆਨੇ ॥
ਜਿਉਂਦੇ ਜੀਅ ਉਹ ਪ੍ਰਭੂ ਪਾਵੇ ॥

–0–

ਸ਼ਾਸਤਰ ਦਾ ਕਥਨ ਹੈ
ਜਿਉਂਦੇ ਜੀਅ ਮੁਕਤੀ ਪਾਉਣਾ
ਮੁਕਤੀ ਦਾ ਹੈ ਸੱਚ ਹੰਢਾਉਣਾ
ਹਨ੍ਹੇਰਿਆਂ 'ਚ ਸੂਰਜ ਚੜ੍ਹ ਆਉਣਾ
ਜਿਉਂਦਾ ਮਨੁੱਖ ਹੀ
ਮੁਕਤੀ ਦਾ ਸੱਚ ਤੇ ਹੋਂਦ
ਅਨੁਭਵ ਕਰ ਸਕਦਾ ਹੈ
ਜਿਉਂਦੇ ਜੀਅ ਮੋਕਸ਼ ਦਾ ਸੂਰਜ,
ਲੋਕਾਈ ਮੱਥੇ ਧਰ ਸਕਦਾ ਹੈ

−0−

ਜਿਉਂਦਾ ਮਨੁੱਖ
ਬ੍ਰਹਮ ਦਾ ਸੱਚ ਪ੍ਰਗਟਾਅ ਸਕਦਾ ਹੈ
ਮਨੁੱਖ ਹਿਰਦੇ ਵਸੀ ਜੋਤ
ਵਿਖਾ ਸਕਦਾ ਹੈ
ਜੇ ਮਰਨ ਪਿੱਛੋਂ
ਮਨੁੱਖ ਮੋਕਸ਼ ਪ੍ਰਾਪਤ ਕਰੇਗਾ
ਤਾਂ ਮੋਕਸ਼ ਦਾ ਸੱਚ
ਕਿਹੜੀ ਤਲੀ ਤੇ ਧਰੇਗਾ
ਮਰ ਗਿਆਂ ਨੂੰ
ਤਾਂ ਆਪਣੀ ਸਾਰ ਨਹੀਂ ਹੈ
ਮੋਕਸ਼ ਕੀ ਹੈ
ਇਸਦਾ ਕੋਈ ਖ਼ਿਆਲ ਨਹੀਂ ਹੈ

−0−

ਮੋਏ ਮਨੁੱਖ ਦੀ ਮੋਕਸ਼ ਪ੍ਰਾਪਤੀ

ਜਿਉਂਦੇ ਲਈ ਸੱਚ ਹੋ ਨਹੀਂ ਸਕਦੀ
ਮੁਰਦਾ ਇਹ ਸੱਚ
ਆਪਣੀ ਦੇਹ 'ਚ ਗੁੰਨ ਨਹੀਂ ਸਕਦੀ
ਮੁਰਦਾ ਤਾਂ ਮੁਰਦਾ ਹੈ
ਮੁਰਦੇ ਦਾ ਮੂੰਹ ਖੁੱਲ੍ਹ ਨਹੀਂ ਸਕਦਾ
ਮੋਕਸ਼ ਦਾ ਸੱਚ ਮਹਿਸੂਸ
ਕਰ ਨਹੀਂ ਸਕਦਾ
ਇਸ ਸੱਚ ਦੇਂ ਜਾਨਣ ਦੀ
ਹਾਮੀ ਭਰ ਨਹੀਂ ਸਕਦਾ

-0-

ਸ਼ਾਸਤਰ ਦਾ ਕਥਨ ਹੈ
ਜਿਉਂਦੇ ਜੀਅ ਮੋਕਸ਼ ਪ੍ਰਾਪਤੀ
ਬ੍ਰਹਿਮ ਹੋਂਦ ਦਾ ਯਥਾਰਥ ਵਿਖਾਉਂਦੀ ਹੈ
ਉਸ ਸੱਚ ਦਾ ਯਥਾਰਥ ਵਿਖਾਉਂਦੀ ਹੈ
ਜਿਉਂਦੇ ਜੀਅ ਪਾਈ ਮੋਕਸ਼ ਪ੍ਰਾਪਤੀ
ਸਿੱਧ ਕਰਦੀ ਹੈ
ਕਿ ਹਰ ਜੀਵ ਦੇ ਹਿਰਦੇ
ਉਸ ਸੱਚ ਦੀ ਜੋਤ ਜਗਦੀ ਹੈ

-0-

ਜਿਉਂਦੀ ਜੀਅ ਮੋਕਸ਼ ਪ੍ਰਾਪਤੀ
ਇਹ ਕਾਰਜ ਕਰਮ ਕਰ ਜਾਂਦੀ ਹੈ
ਕਿ ਮੋਕਸ਼ ਮਨੁੱਖ ਦੇ ਮਰਨ ਦੇ ਪਿੱਛੋਂ
ਮੋਕਸ਼ ਪ੍ਰਾਪਤ ਦਾ ਅਹਿਸਾਸ

ਜਿਉਂਦੇ ਦਿਲਾਂ 'ਚ ਧਰ ਜਾਂਦੀ ਹੈ
ਮਿੱਟੀ ਦੇ ਦੀਵਿਆਂ ਦੀ ਲੋਅ
ਸੂਰਜ-ਕਰ ਜਾਂਦੀ ਹੈ

-0-

ਮੋਕਸ਼ ਅਹਿਸਾਸ
ਮਨੁੱਖ ਦੇ ਮਰਨ ਦੇ ਪਿੱਛੋਂ ਵੀ
ਮਰਨ ਵਾਲੇ ਦੇ ਸੰਗ ਜਾਂਦਾ ਹੈ
ਕਿਉਂਕਿ ਮਰਨ ਵਾਲਾ
ਜਿਉਂਦੇ ਜੀਅ ਮੁਕਤੀ ਪਾਉਂਦਾ ਹੈ
ਮੁਕਤੀ ਦਾ ਸੱਚ
ਮਰਨ ਵਾਲੇ ਲਈ
ਮੌਤੋਂ ਪਿੱਛਲੇਰਾ ਸੱਚ ਹੋ ਜਾਂਦਾ ਹੈ
ਮਰਨ ਵਾਲੇ ਦਾ ਲੋਕ ਪਰਲੋਕ
ਰੱਬੀ ਰੰਗ 'ਚ ਰੰਗਿਆ ਜਾਂਦਾ ਹੈ

-0-

ਜਿਉਂਦੇ ਜੀਅ
ਮੋਕਸ਼ ਪ੍ਰਾਪਤੀ ਦਾ ਸਾਧਨ
ਗੁਰੂ ਆਪ ਹੈ
ਜੋ ਮਾਨਵ ਦਾ ਆਤਮ ਦੁਆਰ ਹੈ
ਬਾਣੀ ਫੁਰਮਾਉਂਦੀ ਹੈ
"ਬਿਨ ਗੁਰ ਮੈਲ ਨਾ ਉਤਰੇ ॥
ਬਿਨ ਹਰਿ ਕਿਉਂ ਘਰ ਵਾਸ ॥
ਏਕ ਸ਼ਬਦ ਵੀਚਾਰੀਐ ॥
ਅਵਰ ਤਿਆਗੇ ਆਸ ॥

-0-

ਸਤਿਗੁਰ ਦੀ ਕ੍ਰਿਪਾ ਸੰਗ
ਜੀਵਨ ਮੁਕਤੀ ਪਾਈਦੀ ਹੈ
ਹੱਸਦਿਆਂ ਖੇਡਦਿਆਂ
ਖਾਂਦਿਆਂ ਪਹਿਣਦਿਆਂ
ਦੁਨੀਆਂ ਦੇ ਕੰਮ-ਕਾਜ਼ ਕਰਦਿਆਂ
ਆਪਣੇ ਆਤਮ ਨੂੰ ਧਿਆਈਐ
ਵਿਸ਼ੇ ਵਿਕਾਰਾਂ ਤੋਂ ਮੁਕਤੀ ਪਾਈਏ

-0-

ਇਸ ਸੰਸਾਰ ਦੀ
ਸੰਸਾਰੀ ਜੀਵਾਂ ਨੂੰ ਜਦ ਸਮਝ ਹੈ ਆਈ
ਜੀਵਾਂ ਤਦ ਜਿਉਂਦੇ ਜੀਅ ਹੈ
ਮੌਤ ਸਲਾਹੀ
ਮਾਇਆ ਦੇ ਵਿਚ ਰਹਿੰਦਿਆਂ
ਵਿਕਾਰਾਂ ਵਿਚ ਜਿਉਂਦਿਆਂ
ਮਾਇਆ ਤੇ ਵਿਕਾਰਾਂ ਤੋਂ
ਮਨ ਉਪਰਾਮਤਾ ਉਪਜ ਹੈ ਆਈ

-0-

ਜਦ ਤਕ ਸਮੇਂ ਸੰਵਾਇਆ
ਮਾਨਵ ਸੁਤਾ ਰਿਹਾ ਹੈ
ਜਦ ਸਮੇਂ ਜਗਾਇਆ
ਜੀਵਾਂ ਨੂੰ ਜੀਵਨ ਦਾ ਸੱਚ
ਸਮਝੀਂ ਆਇਆ
ਹਨ੍ਹੇਰੇ ਦੇ ਵਿਚ ਦੀਪ ਜਲਾਇਆ
ਸਤਿਗੁਰ ਦੀ ਕ੍ਰਿਪਾ ਸੰਗ

ਜੀਵਨ ਯੁਗਤੀ ਪਾਈ
ਮਾਇਆ ਤੇ ਵਿਕਾਰਾਂ ਤੋਂ
ਆਪਣੀ ਜਾਨ ਛੁਡਾਈ

−0−

ਕਬੀਰਾ ਆਖੇ
ਮਰਦਾ ਮਰਦਾ
ਉਂਜ ਤਾਂ ਸਾਰਾ ਜਗ ਮਰ ਰਿਹਾ ਹੈ
ਪਰ ਕਿਸੇ ਨੂੰ ਵੀ
ਸੱਚੀ ਮਰਨ ਦੀ ਜਾਂਚ ਨਹੀਂ ਹੈ
ਜੋ ਸੱਚੀ ਮੌਤ ਹੈ ਮਰਦਾ
ਉਸਨੂੰ ਫਿਰ ਮਰਨਾ ਨਹੀਂ ਪੈਂਦਾ
ਸੱਚ ਕਬੀਰਾ ਕਹਿੰਦਾ

−0−

ਮੈਂ ਕੀ ਜਾਣਾ ਸੱਚ ਮਰਨਾ ਕੀ ਹੈ
ਤੇ ਕਿੰਜ ਮਰਨਾ ਚਾਹੀਦਾ ਹੈ
ਮੈਂ ਬਸ ਜਾਣਾ
ਜੇ ਤੂੰ ਮਨੋ ਨਾ ਵਿਸਰੇ ਸਾਈਆਂ
ਤਾਂ ਮਰਨਾ ਸਫ਼ਲਾ ਹੋ ਜਾਈਦਾ ਹੈ
ਮਰਨ ਤੋਂ ਸਾਰਾ ਜਗ ਡਰਦਾ ਹੈ
ਹਰ ਕੋਈ ਜੀਣਾ ਚਾਹੇ
ਗੁਰੂ ਕ੍ਰਿਪਾ ਸੰਗ
ਜਿਉਂਦਾ ਮਰੇ ਜੇ ਕੋਈ
ਉਹ ਭਾਣਾ ਬੁੱਝ ਪਾਏ
ਐਸੀ ਮਰਨੀ ਜੋ ਮਰੇ ਫਿਰ ਨਾ ਮਰਨਾ ਹੋਏ

−0−

ਸਤਿਗੁਰ ਦੀ ਕ੍ਰਿਪਾ ਸੰਗ
ਜੋ ਹਰੀ ਚਰਨਾਂ ਵਿਚ
ਬਿਰਤੀ ਜੋੜ ਧਰੇ
ਸੋ ਨਰ ਜਿਉਂਦਾ ਮਰਜੀਵੜਾ ਹੋ ਰਹੇ
ਮਾਇਆ ਦੇ ਵਿਚ ਵਿਚਰਦਿਆਂ
ਮਾਇਆ ਤੋਂ ਨਿਰਲੇਪ ਰਹੇ
ਜਿਉਂਦੇ ਜੀਅ ਮੁਕਤੀ
ਉਹ ਨਰ ਅਪਣੀ ਤਲੀ ਆਪ ਧਰੇ

-0-

ਜੋ ਵੇਦਾਂ ਸ਼ਾਸਤਰਾਂ ਗ੍ਰੰਥਾਂ ਦਾ
ਗਿਆਨ ਕਹਾਉਂਦਾ ਹੈ
ਆਪਣੇ ਆਪ ਤੋਂ
ਉਹ ਵੀ ਮੁਕਤੀ ਚਾਹੁੰਦਾ ਹੈ
ਭਵਸਾਗਰ ਨੂੰ ਤਰਕੇ
ਆਪਣੇ ਨੂਰ 'ਚ ਰਲਕੇ
ਆਪਾ ਸੱਚ ਸੰਗ ਭਰਨਾ ਚਾਹੁੰਦਾ ਹੈ

-0-

ਪਰ ਮੁਕਤੀ ਲਈ
ਗਿਆਨ ਨੂੰ ਆਪਾ ਮਾਰਕੇ
ਮਰਜੀਵੜਾ ਹੋਣਾ ਪਏਗਾ
ਜੀਵਨ ਦਾ ਸੱਚ ਜਾਣਨ ਲਈ
ਅੰਬਰ ਤੋਂ ਮਿੱਟੀ ਹੋਣਾ ਪਏਗਾ
ਆਪਣਾ ਆਪਾ
ਮਾਂਜਣਾ ਛਾਨਣਾ ਧੋਣਾ ਪਏਗਾ

ਆਪਣਾ ਆਪ ਨਿਚੋੜ ਸੁੱਕਾ ਕੇ
ਆਪਣੇ ਗਲ ਵਿਚ ਪਾਉਣਾ ਪਏਗਾ
ਆਪਣੇ ਦਰਪਣ ਨੂੰ
ਆਪਣਾ ਸੱਚ ਵਿਖਾਉਣਾ ਪਏਗਾ

–0–

ਆਪਣੇ ਆਪ 'ਚ
ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂੰ ਅਤਿ ਨੀਚ ਦਾ
ਸਿਧਾਂਤ ਅਪਨਾਉਣਾ ਪਏਗਾ
ਆਪਣਾ ਭਾਂਡਾ ਸੱਚਾ ਸੁੱਚਾ
ਕਰਨਾ ਪਏਗਾ
ਆਪਣੇ ਆਪ ਦੇ
ਧੁਰ ਅੰਦਰ ਉਤਰਨਾ ਪਏਗਾ

–0–

ਮਨ ਤੂੰ ਜੋਤ ਸਰੂਪ ਹੈ ਦਾ
ਸੰਕਲਪ ਹੰਢਾਉਣਾ ਪਏਗਾ
ਇਸ ਸੰਕਲਪ ਨੂੰ
ਚੇਤਨ ਸਿਮਰਨ ਅਭਿਆਸ
ਦੇ ਰਾਹੀਂ
ਦੇਹੀ ਵਿਚ ਵਸਾਉਣਾ ਪਏਗਾ

–0–

ਮਨੁੱਖ ਦੀ ਤ੍ਰੈਕੁਟੀ 'ਚ
ਫਿਰ ਇਹ ਸੱਚ
ਸਵਾਯਮ ਪ੍ਰਗਟ ਹੋ ਜਾਏਗਾ
ਫਿਰ ਮਾਨਵ ਨੂੰ

ਹਰ ਵਕਤ ਆਪਣੇ ਮਸਤਕ ਚੋਂ
ਇਸ ਸੱਚ ਦਾ ਦੀਵਾ ਬਲਦਾ
ਨਜ਼ਰ ਆਏਗਾ
ਅਗਿਆਨ ਹਨ੍ਹੇਰੇ ਵਿਚ
ਚਾਨਣ ਪਸਰ ਜਾਏਗਾ

-0-

ਮਾਨਵ ਚੇਤਨਾ
ਜਦ ਇਸ ਸੋਮੇ ਦਾ ਸੱਚ
ਹੰਢਾਂਏਗੀ
ਜੋਤ ਦੇ ਚਾਨਣ ਵਿਚ
ਗਿਆਨ ਦੇ ਕਾਲੇ ਅੱਖਰਾਂ ਦੇ
ਕਲਬੂਤ 'ਚ ਵਸਦਾ
ਆਤਮ ਨੂਰ ਪਾਏਗੀ
ਫਿਰ ਮਾਨਵ ਦੇਹ
ਦੇਹ ਨਹੀਂ
ਦੇਹ ਤੋਂ ਆਤਮ ਕਹਿਲਾਏਗੀ

-0-

ਮਨੁੱਖ ਜਿਉਂਦੇ ਜੀਅ
ਮਰਜੀਵੜਾ ਹੋ ਕੇ
ਦੇਹ ਤੋਂ ਮੁਕਤੀ ਪਾਏਗਾ
ਆਤਮ ਨੂਰ ਹੋ ਜਾਏਗਾ
ਜਿਉਂ ਹੀ ਮਾਨਵ ਦੇਹ ਤੋਂ ਮੁਕਤੀ ਪਾਈ
ਆਤਮ ਪ੍ਰਾਪਤੀ ਦੀ ਮੁਥਾਜ਼ੀ ਦੇ
ਅਹਿਸਾਸ ਦੀ ਚਿੰਣਗ
ਚੇਤਨਾ ਮਾਨਵ ਮਨ ਨੂੰ ਲਾਈ

-0-

ਇਸ ਮੁਥਾਜ਼ੀ ਦਾ ਅਹਿਸਾਸ
ਮਾਨਵ ਜਿਉਂਦੇ ਜੀਅ ਹੰਢਾਏਗਾ
ਇਸ ਮੁਥਾਜ਼ੀ ਦੇ ਅਹਿਸਾਸ ਤੋਂ
ਮਾਨਵ ਨਾ ਮੁਕਤੀ ਪਾਏਗਾ
ਇਹ ਮੁਥਾਜ਼ੀ ਮਾਨਵ ਚੇਤਨਾ
ਦੇਹ ਤੋਂ ਆਤਮ ਹੋ ਕੇ ਵੀ
ਹੰਢਾਉਂਦੀ ਰਹੇਗੀ
ਇਸ ਮੁਥਾਜ਼ੀ ਦੇ ਅਹਿਸਾਸ 'ਚ
ਆਪਣੀ ਦੇਹ ਸੁਲਗਾਉਂਦੀ ਰਹੇਗੀ

-0-

ਮਨੁੱਖ ਜੇ ਜਿਉਂਦੇ ਜੀਅ ਮੁਕਤੀ ਪਾਏਗਾ
ਮੁਕਤੀ ਦੀ ਮੁਥਾਜ਼ੀ ਦਾ ਅਹਿਸਾਸ
ਤਾਂ ਫਿਰ ਹੰਢਾਏਗਾ
ਜਿਉਂਦੇ ਜੀਅ ਦੇਹ ਦਾ ਗ਼ੁਲਾਮ ਸੀ
ਦੇਹ ਮੋਕਸ਼ ਪਿੱਛੋਂ ਮੋਕਸ਼ ਦਾ ਮੁਥਾਜ਼ ਹੈ
ਨਾ ਹੀ ਮੋਕਸ਼ ਨਾ ਹੀ ਦੇਹ
ਮਾਨਵ ਨੂੰ ਰਾਸ ਹੈ

-0-

ਸ਼ਾਇਦ
ਦੇਹ ਦੀ ਮੁਕਤੀ ਆਤਮ ਪ੍ਰਾਪਤੀ
ਮੁਕਤੀ ਦਾ ਪਹਿਲਾ ਪੜਾਅ ਹੈ
ਇਸ ਪੜਾਅ ਵਿਚ
ਦੇਹ ਆਪਣਾ ਸੱਚ ਪਾਉਂਦੀ ਹੈ

ਦੇਹ ਆਤਮਾ ਦੀ ਮੁਥਾਜ਼ ਹੁੰਦੀ ਹੈ
ਦੇਹ ਤੋਂ ਦੇਹ ਹੋ ਮੁਕਤ ਜਾਂਦੀ ਹੈ

-0-

ਦੇਹ ਦੀ ਮੁਕਤੀ ਸੰਪੂਰਨ ਨਹੀਂ
ਅਧੂਰੀ ਹੈ
ਇਸ ਮੁਕਤੀ ਤਕ
ਦੇਹ ਆਪਣਾ ਸੱਚ ਪਹਿਚਾਣਦੀ ਹੈ
ਦੇਹ ਦੇਹ ਨਹੀਂ ਆਤਮਾ ਹੈ
ਇਹ ਯਥਾਰਥ ਜਾਣਦੀ ਹੈ
ਪਰ ਇਸ ਪੜਾਅ ਤਕ ਆਤਮਾ
ਸਰਗੁਣ ਸਰੂਪ ਹੀ ਰਹਿੰਦੀ ਹੈ
ਜਗਿਆਸਾ ਚੇਤਨਾ ਰਹਿਤ ਨਹੀਂ ਹੁੰਦੀ
ਇਸ ਲਈ
ਦੇਹ ਆਤਮ ਮੁਥਾਜ਼ੀ ਦਾ ਅਹਿਸਾਸ
ਜਿਉਂਦੀ ਹੈ

-0-

ਆਤਮਾ ਤੋਂ ਆਤਮਾ ਦੀ ਮੁਕਤੀ
ਮੁਕਤੀ ਦਾ ਦੂਜਾ ਪੜਾਅ ਹੈ
ਦੂਜੇ ਪੜਾਅ ਤੋਂ ਅੱਗੇ
ਦਾਤੇ ਦੀ ਦਰਗਾਹ ਹੈ
ਦਰਗਾਹ ਦੀ ਸਰਦਲ ਟੱਪ ਕੇ
ਆਤਮਾ ਸਰਗੁਣ ਤੋਂ
ਨਿਰਗੁਣ ਰੂਪ ਵਟਾ ਲੈਂਦੀ ਹੈ

ਆਪਣੀ ਚੇਤਨਾ
ਆਪਣੀ ਜਗਿਆਸਾ ਤੋਂ
ਮੁਕਤੀ ਪਾ ਲੈਂਦੀ ਹੈ
ਆਪਣਾ ਸਭ ਕੁੱਝ ਖੋਹ ਜਾਂਦੀ ਹੈ
ਅਨੁਭਵ ਰਹਿਤ ਹੋ ਜਾਂਦੀ ਹੈ

-0-

ਆਪਣੀ ਹੋਂਦ ਭੁਲਾ ਜਾਂਦੀ ਹੈ
ਆਪਣੇ ਸੱਚ ਨੂੰ ਪਾ ਜਾਂਦੀ ਹੈ
ਸੱਚ ਜੋ ਬੰਧਨ ਮੁਕਤ
ਮੁਥਾਜ਼ੀ ਰਹਿਤ ਹੈ
ਕਰਤਾ ਪੁਰਖ ਹੈ
ਨਿਰਭੋਉ ਨਿਰਵੈਰ ਹੈ
ਅਕਾਲ ਮੂਰਤਿ ਆਜੂੰਨੀ ਸੈਭੰ ਹੈ
ਆਦਿ ਸੱਚ ਜੁਗਾਦਿ ਸੱਚ ਹੈ
ਹੈ ਭੀ ਸੱਚ ਹੋਸੀ ਭੀ ਸੱਚ ਹੈ

-0-

ਇਹ ਸੱਚ ਅਸਲ
ਸੁਤੰਤਰਤਾ ਦੀ ਕੁੱਖ ਹੈ
ਆਪੇ ਬੀਜ ਆਪੇ ਰੁੱਖ ਹੈ
ਇਸ ਸੱਚ ਦੀ ਪ੍ਰਾਪਤੀ ਪਿੱਛੋਂ
ਕਿਸੇ ਮੁਥਾਜ਼ੀ ਕਿਸੇ ਬੰਦਸ਼
ਕਿਸੇ ਵਲਗਣ ਦਾ
ਅਹਿਸਾਸ ਨਹੀਂ ਹੈ

-0-

ਇਹ ਸੱਚ
ਆਤਮ ਬ੍ਰਹਮ ਹੋਣ ਦੇ
ਸਿਰਫ਼ ਪਾਸ ਹੈ
ਹੋਰ ਕਿਸੇ ਦੇ ਪਾਸ ਨਹੀਂ ਹੈ
ਇਸ ਸੱਚ ਦੀ ਪ੍ਰਾਪਤੀ ਲਈ
ਆਤਮਾ ਦੀ ਦੇਹ ਤੋਂ ਨਹੀਂ
ਦੇਹ ਤੋਂ ਆਪਣੇ ਆਪ ਦੀ ਨਹੀਂ
ਆਤਮਾ ਦੀ
ਆਤਮਾ ਤੋਂ ਮੁਕਤੀ ਜ਼ਰੂਰੀ ਹੈ
ਉਪਾਧੀ ਰਹਿਤ ਆਤਮਾ ਦਾ
ਬ੍ਰਹਮ ਸਰੂਪ ਹੋਣ 'ਚ ਹੀ
ਮੁਥਾਜ਼ੀ ਰਹਿਤ
ਸੁੰਤਤਰਤਾ ਹੁੰਦੀ ਪੂਰੀ ਹੈ

-----

## ਪ੍ਰਕਿਰਤੀ ਤੇ
## ਪ੍ਰਕਿਰਤੀ ਦੀ ਮੁਥਾਜ਼ੀ

ਜੋ ਦਿੱਸਦਾ ਹੈ ਜੋ ਸੁਣਦਾ ਹੈ
ਇਹ ਸਭ ਕੁਦਰਤ ਹੈ
ਕੁਦਰਤ ਦਾ ਭੈਅ ਸੁੱਖ ਸਾਗਰ ਹੈ
ਸੁੱਖ ਸਮੱਗਰੀ ਕੁਦਰਤ ਹੈ
ਅਕਾਸ਼ ਪਤਾਲ ਸਭ ਅਕਾਰ
ਬਸ ਕੁਦਰਤ ਹੈ
ਜਗਤ ਦੀ ਹੋਂਦ ਤੇ ਵਜ਼ੂਦ
ਸ਼ਾਸਤਰ ਵੇਦ ਕਤੇਬਾਂ
ਸਭ ਕੁਦਰਤ ਹੈ
ਸੋਚ ਵਿਚਾਰ
ਜੀਵਾਂ ਦਾ ਖਾਣਾ ਪੀਣਾ
ਪਹਿਨਣਾ ਸੌਣਾ ਜਾਗਣਾ
ਪਿਆਰ ਮੁਹੱਬਤ ਰਿਸ਼ਤੇ ਨਾਤੇ
ਸਭ ਕੁਦਰਤ ਹੈ

-0-

ਨੇਕੀ ਬਦੀ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਸਭ ਕੁਦਰਤ ਹੈ
ਆਦਿ ਜੁਗਾਦਿ ਤੱਤ ਸਤਿ
ਸਭ ਕੁਦਰਤ ਹੈ
ਤੂੰ ਕੁਦਰਤ ਦਾ ਮਾਲਿਕ ਹੈਂ
ਸਿਰਜਣਹਾਰ ਹੈਂ

-0-

ਤੇਰੀ ਵਡਿਆਈ ਸੱਚੀ ਸੁੱਚੀ ਹੈ
ਸਾਰੀ ਕੁਦਰਤ
ਤੇਰੇ ਹੁਕਮ ਦੀ ਬੱਧੀ ਹੈ
ਸਭ ਰੱਖ ਸੰਭਾਲ ਤੇਰੇ ਹਿੱਸੇ ਆਉਂਦੀ ਹੈ
ਤੂੰ ਸਭ ਦਾ ਵਜੂਦ ਹੈਂ
ਹਰ ਥਾਂ ਤੂੰ ਮੌਜੂਦ ਹੈਂ

-0-

ਇਹ ਜਗਤ ਤੇਰੇ ਰਹਿਣ ਦੀ ਥਾਂ ਹੈ
ਜਿਸਦੇ ਵਿਚ ਤੂੰ ਵਸ ਰਿਹਾ ਹੈਂ
ਸ਼ਹਿਰ ਗਿਰਾਂ ਦੇਸ਼ ਦਿਸ਼ੰਤਰ
ਸਭ ਤੇਰਾ ਨਾਂਅ ਹੈ
ਤੇਰੇ ਭਾਣੇ ਵਿਚ ਸਭ ਜਗ ਚਲ ਰਿਹਾ ਹੈ
ਤੇਰੇ ਹੁਕਮੀਂ ਡੁੱਬ ਰਿਹਾ ਹੈ
ਤੇਰੇ ਹੁਕਮੀਂ ਤਰ ਰਿਹਾ ਹੈ
ਕਿਸ ਨੂੰ ਡੋਬੇ ਕਿਸ ਨੂੰ ਤਾਰੇ
ਤੇਰਾ ਭਾਣਾ ਕੋਈ ਨਾ ਜਾਣੇ

-0-

ਜੰਗਲ ਰੁੱਖਾਂ ਦਾ ਗੁਲਾਮ ਹੈ
ਰੁੱਖ ਜੰਗਲ ਦੇ ਮੁਥਾਜ਼ ਹਨ
ਇਕ ਦੂਜੇ ਵਿਚ ਵੱਸਦੇ
ਇਕ ਦੂਜੇ ਤੋਂ ਦੂਰ ਹਨ
ਇਕ ਧਰਤ ਇਕ ਅੰਬਰ ਹੇਠਾਂ
ਰਹਿਣ ਲਈ ਮਜ਼ਬੂਰ ਹਨ

-0-

ਜੰਗਲ ਚਾਹੁੰਦਾ ਹੈ
ਕਿ ਰੁੱਖ
ਜੋ ਉਸਨੂੰ ਕੀੜਿਆਂ ਵਾਂਗੂੰ
ਚਿਮੜੇ ਹਨ
ਉਨ੍ਹਾਂ ਤੋਂ ਛੁਟਕਾਰਾ ਪਾ ਲਏ
ਰੁੱਖਾਂ ਦਾ ਮੋਹ ਤਿਆਗ
ਆਪਣੇ ਵਿਚ ਜਗਦੀ ਜੋਤ ਦਾ
ਸੱਚ ਪਹਿਚਾਣੇ
ਇਸ ਜੋਤ ਦੇ ਚਾਨਣ ਸਦਕਾ
ਆਪਣਾ ਅੰਗ ਅੰਗ ਰੁਸ਼ਨਾ ਲਏ

–0–

ਜੰਗਲ ਨੇ
ਆਪਣੇ ਮੌਸਮ ਰੁੱਤ ਬਹਾਰਾਂ
ਫੁੱਲਾਂ ਪੱਤੀਆਂ ਖ਼ੁਸ਼ਬੂਆਂ ਤੋਂ
ਬਨਵਾਸ ਲੈ ਲਿਆ
ਆਪਣੀ ਚੁੱਪ ਇਕਾਂਤ ਵਿਚ
ਜਾ ਕੇ ਬਹਿ ਗਿਆ

–0–

ਆਪਣੀ ਤ੍ਰੈਕੁਟੀ 'ਚ
ਵਸਦੀ ਨੂਰੀ ਜੋਤ ਨੂੰ ਸਿਮਰਿਆ
ਪੂਜਿਆ ਤੇ ਧਿਆਇਆ
ਸਿਮਰਨ ਅਭਿਆਸ ਦੇ ਪਿੱਛੋਂ
ਜੰਗਲ
ਨੂਰੀ ਜੋਤ 'ਚ ਉਤਰ ਆਇਆ

–0–

ਜਿੱਥੇ ਸੁੱਖ ਸ਼ਾਂਤੀ
ਸਕੂਨ ਤੇ ਸੁਤੰਤਰਤਾ ਸੀ
ਨਾ ਕੋਈ ਵੈਰੀ ਨਾ ਹੀ ਬੇਗਾਨਾਂ
ਨਾ ਆਪਣਾ ਨਾ ਪਰਾਇਆਂ
ਤੂੰ ਆਤਮ ਹੈ ਤੂੰ ਆਤਮ ਹੈ
ਜੰਗਲ ਨੇ ਦ੍ਰਿੜਾਇਆ

-0-

ਜੰਗਲ ਦੀ ਦੇਹ 'ਚ
ਆਤਮ ਨੂਰ ਸਮਾਇਆ
ਨੂਰ 'ਚ ਦੇਹ
ਦੇਹ 'ਚ ਨੂਰ ਗਿਆ ਵਰਤਾਇਆ
ਜੰਗਲ ਨੇ ਦੇਹ ਤੋਂ ਮੁਕਤੀ ਪਾਈ
ਆਤਮ ਰੂਪ ਹੋ ਗਿਆ ਜੰਗਲ
ਸਮਝ ਸੱਚ ਦੀ ਆਈ
ਜੰਗਲ ਦਾ ਕਲਬੂਤ ਰਿਹਾ ਨਾ
ਨੂਰ ਦਾ ਨੂਰ ਕਹਿਲਾਇਆ
ਜਿਉਂਦੇ ਜੀਅ
ਮਰਜੀਵੜਾ ਹੋ ਜੰਗਲ ਨੇ
ਆਤਮਾ ਨੂੰ ਧਿਆਇਆ
ਦੇਹ ਤੋਂ ਮੁਕਤ ਹੋ ਜੰਗਲ ਨੇ
ਦੇਹ ਦੇ ਸੱਚ ਨੂੰ ਪਾਇਆ

-0-

ਪਰ ਜੰਗਲ ਦੀ ਚੇਤਨਾ 'ਚ

ਆਤਮ ਮੁਥਾਜ਼ੀ ਦਾ ਅਹਿਸਾਸ
ਰੁੱਖ ਬਣ ਕੇ ਉੱਗ ਆਇਆ
ਜਿਸ ਅਹਿਸਾਸ ਨੇ
ਜੰਗਲ ਨੂੰ ਚਿੰਤਾ ਵਿਚ ਧੁਖਾਇਆ
ਮੋਕਸ਼ ਪ੍ਰਾਪਤੀ ਤੋਂ ਬਾਅਦ ਵੀ ਜੰਗਲ
ਮੋਕਸ਼ ਪ੍ਰਾਪਤੀ ਦੇ ਅਹਿਸਾਸਾਂ ਦਾ
ਮੁਥਾਜ਼ ਸੀ
ਜੰਗਲ ਦੀ ਚੇਤਨਾ ਵਿਚ
ਇਸ ਮੁਥਾਜ਼ੀ ਦਾ ਵਾਸ ਸੀ

-0-

ਦੇਹ ਤੋਂ ਮੁਕਤੀ ਪਾ ਕੇ ਵੀ
ਜੰਗਲ ਖ਼ੁਸ਼ ਨਾ ਹੋਇਆ
ਅਹਿਸਾਸ ਮੁਥਾਜ਼ੀ ਦੇ ਗਲ
ਲਗ ਲਗ ਜੰਗਲ ਰੋਇਆ
ਜੰਗਲ
ਜੰਗਲ ਵਿਚ ਰੁੱਖਾਂ ਦਾ ਮੁਥਾਜ਼ ਸੀ
ਮੋਕਸ਼ ਪਿੱਛੋਂ
ਮੋਕਸ਼ ਦੇ ਅਹਿਸਾਸ ਦੀ
ਮੁਥਾਜ਼ੀ ਦਾ ਗੁਲਾਮ ਸੀ
ਨਾ ਜੰਗਲ ਪਹਿਲਾਂ ਸੁੰਤਰਤ ਸੀ
ਨਾ ਜੰਗਲ ਹੁਣ ਆਜ਼ਾਦ ਸੀ
ਮੁਥਾਜ਼ੀ ਦਾ ਅਹਿਸਾਸ
ਜੰਗਲੀ ਰੁੱਖਾਂ ਦੇ ਵਿਚ ਫੈਲ ਗਿਆ

ਜੰਗਲ ਤੇ ਜੰਗਲ ਦਾ ਹਰ ਰੁੱਖ
ਮੋਕਸ਼ ਦੇ ਡਰ ਤੋਂ ਦਹਿਲ ਗਿਆ

-0-

ਸਮੁੰਦਰ ਨੇ ਆਪਣੇ ਵਜ਼ੂਦ ਚੋਂ
ਬੂੰਦਾਂ ਨੂੰ ਨਿਚੋੜਿਆ
ਸਮੁੰਦਰ ਤੋਂ
ਸਮੁੰਦਰ ਸਹਿਰਾ ਹੋ ਗਿਆ
ਆਪਣੇ ਸੱਚ ਦੀ ਤਲਾਸ਼ 'ਚ ਤੁਰਿਆ
ਸੱਚ ਤਲਾਸ਼ਦਾ ਤਲਾਸ਼ਦਾ
ਆਪਣੀ ਤਲਾਸ਼ ਦਾ ਸੱਚ ਹੋ ਗਿਆ
ਆਪਣੇ ਸ਼ਬਦ ਦਾ ਅਰਥ ਹੋ ਗਿਆ
ਆਪਣੀ ਨੀਲਤਾ ਵਿਚ ਖੋਹ ਗਿਆ

-0-

ਸਮੁੰਦਰ
ਆਪਣੀਆਂ ਬੂੰਦਾਂ ਤੇ ਜੀਵਨ ਵਿਚਲੇ
ਮੋਹ ਮਾਇਆ ਲੋਭ ਹੰਕਾਰ ਨੂੰ ਮਾਰ ਕੇ
ਆਪਣੀ ਨੀਲਤਾ ਦਾ ਨੂਰ ਧਿਆ ਕੇ
ਆਪਣੇ ਸ਼ਬਦ ਦੇ ਅਰਥ ਸਮਾ ਕੇ
ਆਪਣੀ ਦੇਹ ਤੋਂ ਆਪਾ ਲਾਹ ਕੇ
ਨੂਰ ਹੋ ਗਿਆ
ਆਪਣੇ ਸੱਚ ਦੇ ਨੇੜੇ ਹੋ ਕੇ
ਆਪਣੀ ਦੇਹ ਤੋਂ ਦੂਰ ਹੋ ਗਿਆ

-0-

ਆਪਣੇ ਆਪ ਤੋਂ
ਦੂਰ ਹੋਏ ਸਮੁੰਦਰ ਨੇ

ਜਦ ਆਪਣੇ ਸੱਚ ਨੂੰ ਪੁਕਾਰਿਆ
ਸਮੁੰਦਰ ਦੀ ਚੇਤਨਾ ਸਮੁੰਦਰ ਨੂੰ
ਮੋਕਸ਼ ਪ੍ਰਾਪਤੀ ਦੇ
ਅਹਿਸਾਸ ਦੀ ਮੁਥਾਜ਼ੀ 'ਚ ਉਤਾਰਿਆ
ਸਮੁੰਦਰ ਦੇਹ
ਮੋਕਸ਼ ਪ੍ਰਾਪਤੀ ਤੋਂ ਬਾਅਦ ਵੀ ਮੁਥਾਜ਼ ਸੀ
ਸਮੁੰਦਰ ਨੂੰ ਨਾ ਦੇਹ
ਨਾ ਦੇਹ ਮੋਕਸ਼ ਹੀ ਰਾਸ ਸੀ

-0-

ਜਿਸ ਸੁਤੰਤਰਤਾ ਲਈ
ਸਮੁੰਦਰ ਜੀਵਨ ਵਿਚ ਤੜਪਦਾ ਸੀ
ਉਹ ਸੁਤੰਤਰਤਾ
ਉਸਨੂੰ ਜੀਵਨ ਤਿਆਗ ਕੇ ਵੀ ਨਾ ਮਿਲੀ
ਉਸਦੇ ਜੀਵਨ ਦੀ ਕਲੀ
ਦੇਹ ਤੋਂ ਮੁਕਤੀ ਪਾ ਕੇ ਵੀ ਨਾ ਖਿਲੀ

-0-

ਸਮੁੰਦਰ
ਜਿਸ ਸਹਿਰਾ ਦਾ ਪਿੰਡਾ ਵੀ ਤਰਿਆ
ਪਰ ਨਾ ਸੁਤੰਤਰਤਾ ਨੂੰ ਵਰਿਆ
ਸਮੁੰਦਰ
ਸਮੁੰਦਰ ਹੋ ਕੇ ਵੀ ਮਰਿਆ
ਸਹਿਰਾ ਹੋ ਕੇ ਵੀ ਮਰਿਆ

-0-

ਸਹਿਰਾ
ਜ਼ਰੇ ਜ਼ਰੇ ਦਾ ਵਜੂਦ ਹੈ
ਜ਼ਰਾ ਜ਼ਰਾ ਸਹਿਰਾ 'ਚ ਮੌਜੂਦ ਹੈ
ਜ਼ਰੇ ਜ਼ਰੇ ਦੇ ਸੂਰਜ ਨੇ
ਸਹਿਰਾ ਤਪਦਾ ਥਲ ਬਣਾ ਦਿੱਤਾ ਹੈ
ਸਹਿਰਾ ਦੇ ਪਿੰਡੇ 'ਚ
ਅੱਗ ਦਾ ਭਾਂਬੜ ਲਾ ਦਿੱਤਾ ਹੈ
ਸਿਰ ਤੋਂ ਪੈਰਾਂ ਤੀਕ
ਸਹਿਰਾ ਦਾ ਜਿਸਮ ਜਲਾ ਦਿੱਤਾ ਹੈ

-0-

ਸਹਿਰਾ
ਸੀਤਲਤਾ ਦੀ ਭਾਲ 'ਚ
ਦੇਹ ਤੋਂ ਜ਼ਰਿਆਂ ਦੀ ਬੁੱਕਲ ਉਤਾਰ
ਆਪਣੀ ਉਮਰ ਦਾ
ਪੌਣਾ ਕੁ ਹਿੱਸਾ ਗੁਜ਼ਾਰ
ਇਕ ਬੂੰਦ ਦੀ ਤਲਾਸ਼ 'ਚ
ਆਪਣੇ ਆਪ ਤੋਂ ਬਨਵਾਸੀ ਹੋ ਗਿਆ
ਆਪਣੇ ਘਰ ਵਿਚ ਹੀ
ਆਪੇ ਪ੍ਰਵਾਸੀ ਹੋ ਗਿਆ

-0-

ਸਾਗਰ ਕਿਨਾਰੇ ਖੜ ਸਹਿਰਾ ਨੇ
ਜਦ ਪਾਣੀ ਦੀ ਬੁੱਕ ਭਰੀ
ਸਾਗਰ ਦੀ ਰੂਹ ਤੜਪੀ
ਮੁੱਖ ਤੋਂ ਬੋਲਾਂ ਦੀ ਝੜੀ ਲੱਗੀ
ਸਾਗਰ ਉਚਰਿਆ

ਮੈਂ ਸਾਗਰ ਹਾਂ
ਤੂੰ ਹੈ ਮੇਰੀ ਪਿਆਸ
ਤੇਰੀ ਪਿਆਸ ਵਿਚ ਹੈ
ਸਾਗਰ ਦਾ ਵਾਸ
ਜਿਸ ਬੂੰਦ ਦੀ ਭਾਲ 'ਚ
ਤੂੰ ਨਿਕਲਿਆ ਹੈਂ
ਉਹ ਬੂੰਦ ਹੈ ਤੇਰੇ ਹੀ ਪਾਸ
ਤੈਨੂੰ ਦੇਹ ਦੀ ਪਿਆਸ ਨਹੀਂ
ਅੰਦਰਲੇ ਸੱਚ ਦੀ ਪਿਆਸ

-0-

ਤਾਂ ਸਹਿਰਾ ਨੇ
ਆਪਣੇ ਆਪ ਨੂੰ ਬਰਫ਼ ਕਰ ਲਿਆ
ਉਸਨੂੰ ਆਪਣੇ ਹੀ ਅਕਾਸ਼ ਤੇ
ਇਕ ਬੱਦਲੀ ਨਜ਼ਰੀਂ ਆਈ
ਜਿਸਦਾ ਪਿੰਡਾ
ਸਹਿਰਾ ਦੀ ਤ੍ਰਿਸ਼ਨਾਂ ਤੇ ਵਰ੍ਹਿਆ
ਸਹਿਰਾ ਦਾ ਅੰਦਰ ਯਕਲਖ ਠਰਿਆ

-0-

ਸਹਿਰਾ ਨੂੰ ਆਪਣੀ ਹੋਂਦ ਚੋਂ
ਸਾਗਰ ਨਜ਼ਰੀਂ ਆਇਆ
ਬਨਵਾਸ ਤੋਂ ਸਹਿਰਾ ਘਰ ਪਰਤਿਆ
ਆਪਣੀ ਦੇਹ ਨੂੰ ਸਹਿਰਾ ਨੇ
ਸਾਗਰ ਹੁੰਦਾ ਪਾਇਆ

ਠੰਡਕ ਦਾ ਅਹਿਸਾਸ
ਸਹਿਰਾ ਦੇ ਸਿਰ ਤੋਂ ਪੈਰਾਂ ਤੱਕ
ਸਮਾਇਆ

-0-

ਇਸ ਠੰਡਕ ਦੇ ਹੁਲਾਸ 'ਚ
ਸਹਿਰਾ ਹੱਕਾ ਬੱਕਾ ਰਹਿ ਗਿਆ
ਉਸਦੀ ਦੇਹ 'ਚ
ਜ਼ਰਿਆਂ ਦੇ ਤਪਦੇ ਸੂਰਜਾਂ ਦਾ
ਭਾਂਬੜ ਠੰਡਾ ਪੈ ਗਿਆ
ਜਿਸਦੇ ਗਲ ਲੱਗ ਸਹਿਰਾ
ਸੀਤ ਹੋ ਕੇ ਰਹਿ ਗਿਆ

-0-

ਜਦ ਸਹਿਰਾ ਨੇ
ਆਪਣੀ ਕਾਇਆਕਲਪ ਹੋਈ ਵੇਖੀ
ਤਾਂ ਉਸਨੂੰ ਆਪਣੀ ਤ੍ਰਿਕੁਟੀ ਚੋਂ
ਇਕ ਚਸ਼ਮਾ ਨੂਰ ਦਾ ਫੁੱਟਦਾ ਲੱਗਿਆ
ਅਹਿਸਾਸ ਹੋਇਆ
ਉਸਦੀ ਦੇਹ 'ਚ
ਇਕ ਸਾਗਰ ਆਣ ਹੈ ਵੱਸਿਆ

-0-

ਸਾਗਰ ਵੱਸਦੇ ਹੀ
ਸਹਿਰਾ ਦੀ ਚੇਤਨਾ ਨੂੰ
ਮੁਕਤੀ ਪ੍ਰਾਪਤੀ ਦੀ ਮੁਥਾਜ਼ੀ ਦੇ
ਅਹਿਸਾਸ ਨੇ ਡੰਗਿਆ
ਜਿਸਦਾ ਜ਼ਹਿਰ

ਸਹਿਰਾ ਦੇ ਅੰਗ ਅੰਗ ਨੂੰ ਚੜ੍ਹਿਆ
ਸਹਿਰਾ
ਸਹਿਰਾ ਹੋ ਕੇ ਵੀ ਮੁਥਾਜ਼ ਸੀ
ਦੇਹ ਤੋਂ ਮੁਕਤ ਹੋ ਕੇ ਵੀ ਮੁਥਾਜ਼ ਸੀ

-0-

ਸਹਿਰਾ ਨੇ ਤੱਕਿਆ
ਉਸ ਚੋਂ
ਉਸਦੀ ਸੁਤੰਤਰਤਾ ਅਲੋਪ ਸੀ
ਮੋਕਸ਼ ਦੀ ਮੁਥਾਜ਼ ਦੇ ਅਹਿਸਾਸ ਦਾ
ਹਰ ਜ਼ਰੇ ਜ਼ਰੇ ਵਿਚ ਸ਼ੋਰ ਸੀ
ਸਹਿਰਾ
ਮੁਕਤੀ ਦੀ ਮੁਥਾਜ਼ੀ ਦਾ ਮੁਥਾਜ਼ ਹੋ ਗਿਆ
ਦੇਹ ਤੋਂ ਉਸ ਮੁਕਤੀ ਤਾਂ ਪਾਈ
ਪਰ ਮੁਕਤੀ ਦੀ ਮੁਥਾਜ਼ੀ ਦੇ
ਅਹਿਸਾਸ ਦੀ ਬੱਦਲੀ
ਉਸਦੇ ਦਿਸਹੱਦਿਆਂ ਦੇ ਛਾਈ

-0-

ਪਹਾੜ ਕਿਣਕੇ ਕਿਣਕੇ ਦੀ ਗਰਜ਼ ਹੈ
ਕਿਣਕਾ ਕਿਣਕਾ ਪਹਾੜ ਦੀ ਲੋੜ ਹੈ
ਪਹਾੜ ਦਾ ਆਪਣਾ ਵਜ਼ੂਦ ਹੈ
ਕਿਣਕੇ ਦਾ ਆਪਣਾ ਵਜ਼ੂਦ ਹੈ
ਕਿਣਕੇ ਦੀ ਹਸਤੀ ਪਹਾੜ 'ਚ ਮੌਜੂਦ ਹੈ
ਪਹਾੜ ਦਾ ਸੱਚ ਕਿਣਕੇ ਦਾ ਵਜ਼ੂਦ ਹੈ

-0-

ਪਹਾੜ ਆਪਣੇ ਵਜ਼ੂਦ ਦੇ ਮੋਹ 'ਚ
ਆਪਣਾ ਸੱਚ ਵਿਸਾਰ ਗਿਆ ਹੈ
ਆਪਣੀ ਬੁੱਕਲ 'ਚ ਵਸਾਏ
ਰੁੱਖਾਂ ਪਸ਼ੂ ਪੰਛੀਆਂ ਤੇ ਜੀਵ
ਜੰਤੂਆਂ ਦੀ ਦੁਨੀਆਂ ਦੇ ਮੋਹ 'ਚ
ਆਪਣਾ ਆਪਾ ਹਾਰ ਗਿਆ ਹੈ

-0-

ਆਪਣੇ ਚੋਂ ਉੱਗਾਈ
ਪ੍ਰਕਿਰਤੀ ਦੀਆਂ ਰੰਗਲੀਆਂ
ਰੌਣਕਾਂ 'ਚ ਖੋਹ ਗਿਆ ਹੈ
ਆਪਣੇ ਸੱਚ ਤੋਂ ਦੂਰ
ਆਪਣੇ ਝੂਠ ਦਾ ਹੋ ਗਿਆ ਹੈ
ਕਿਣਕੇ ਕਿਣਕੇ 'ਚ ਤਕਸੀਮਿਆਂ
ਪਹਾੜ
ਪਹਾੜੀ ਮੋਹ ਮਾਇਆ ਦੇ ਜਾਲ
'ਚ ਫਸ ਗਿਆ ਹੈ
ਆਪਣੀਆਂ ਇੱਛਾਵਾਂ ਦੇ
ਲਾਲਚ 'ਚ
ਗਲ ਗਲ ਤੀਕਣ ਧੱਸ ਗਿਆ ਹੈ

-0-

ਪਹਾੜ ਦੇ ਮਨ ਵਿਚ ਆਇਆ
ਜਨਮ ਤੋਂ ਹੁਣ ਤੱਕ
ਉਸਦੀ ਤ੍ਰਿਸ਼ਨਾਂ ਵੱਧਦੀ ਰਹੀ ਹੈ
ਜਨਮ ਤੋਂ ਹੁਣ ਤੱਕ

ਉਸਦੀ ਉਮਰ ਘਟਦੀ ਗਈ ਹੈ
ਮੋਹ ਮਾਇਆ ਦੀ ਤ੍ਰਿਸ਼ਨਾਂ ਮੁਥਾਜ਼ੀ
ਉਸਨੂੰ ਖਾਂਦੀ ਜਾ ਰਹੀ ਹੈ
ਉਸਦੀ ਕੰਚਨ ਕਾਇਆ
ਖੇਹ ਬਣਾਈ ਜਾ ਰਹੀ ਹੈ

-0-

ਉਹ ਆਪਣੀ ਦੇਹ ਮੁਥਾਜ਼ੀ
ਹੇਠ ਆ ਗਿਆ ਹੈ
ਇੰਨਾਂ ਨਿਰਬਲ ਹੋ ਗਿਆ ਹੈ
ਆਪਣਾ ਮਨੋਬਲ ਤੇ ਹਿੰਮਤ
ਖੋਹ ਗਿਆ ਹੈ
ਆਪਣੀ ਦੇਹ 'ਚ ਸਿਰਜੀ
ਦੁਨੀਆਂ ਬਿਨ
ਹੁਣ ਉਹ ਜੀਅ ਨਹੀਂ ਸਕਦਾ
ਇਸ ਦੁਨੀਆਂ ਦੀ ਹੋਂਦ ਬਿਨ
ਆਪਣੀ ਭੁੱਖ ਮਿਟਾ ਨਹੀਂ ਸਕਦਾ
ਇਕ ਘੁੱਟ ਜਲ ਦਾ ਪੀ
ਨਹੀਂ ਸਕਦਾ
ਆਪਣੇ ਆਪ 'ਚ ਜੀਅ ਨਹੀਂ ਸਕਦਾ

-0-

ਜਦ ਪਹਾੜ ਨੇ
ਆਪਾ ਨਿਗਰਦਾ ਸ਼ੀਸ਼ੇ 'ਚ ਤੱਕਿਆ
ਇਸ ਮੁਥਾਜ਼ੀ ਤੋਂ ਮੁਕਤੀ ਦਾ ਦੀਵਾ

ਉਸਦੇ ਮੱਥੇ ਵਿਚ ਜਗਿਆ
ਮਰਨ ਤੋਂ ਪਹਿਲਾਂ ਚੰਗਾ ਹੈ
ਕਿ ਉਹ
ਆਪਣਾ ਸੱਚ ਪਹਿਚਾਣੇ
ਆਪਣਾ ਮੂਲ ਤੇ ਆਪਣੀ
ਹੋਂਦ ਨੂੰ ਜਾਣੇ

-0-

ਪਹਾੜ ਆਪਣਾ ਹੰਕਾਰ ਤਿਆਗ
ਕਿਣਕੇ ਦੀ ਹਸਤੀ ਦਾ ਹੋਇਆ
ਮੋਹ ਮਾਇਆ ਦੇਹ ਤੋਂ ਲਾਹ ਕੇ
ਆਪਣੇ ਸਾਹਵੇਂ ਆਣ ਖਲੋਇਆ
ਆਪਣੇ ਮਨ ਚੋਂ ਕੁੱਝ ਵੀ ਹੋਣ ਦਾ
ਪਹਾੜ ਨੇ
ਅਹਿਸਾਸ ਮਿਟਾ ਦਿੱਤਾ
ਆਪਣਾ ਆਪ ਮਿੱਟੀ 'ਚ ਮਿਲਾ ਦਿੱਤਾ

-0-

ਸਬਰ ਸੰਤੋਖ ਅਰਾਧਿਆ
ਪਹਾੜ ਫ਼ਕੀਰੀ ਵੇਸ ਬਣਾਇਆ
ਆਪਣੀ ਹਊਮੈ ਮਾਰ ਕੇ
ਆਪਾ ਸੱਚ ਦੀ ਭੇਟ ਚੜ੍ਹਾਇਆ
ਸੱਚ ਦੀ ਤਲਾਸ਼ 'ਚ
ਆਪਣਾ ਸੀਸ ਤਲੀ ਟਿਕਾਇਆ
ਇਕ ਰੁੱਖ ਦੇ ਹੇਠ ਬਹਿਣ ਲਈ
ਪਹਾੜ ਦਾ ਮਨ ਲਲਚਾਇਆ

-0-

ਰੁੱਖ ਹੇਠ ਬੈਠੇ
ਪਹਾੜ ਦੇ ਮਨ ਵਿਚ ਆਇਆ
ਕੀ ਯਤਨ ਕਰਾਂ ਮੈਂ ਦਾਤਾ
ਤੇਰੀ ਨਦਰਿ ਨਿਹਾਲ ਹੋਵੇ
ਮੇਰੇ ਹਨ੍ਹੇਰੇ ਮਨ ਦੇ ਅੰਦਰ
ਤੇਰੇ ਚਾਨਣ ਦਾ ਵਾਸ ਹੋਵੇ

-0-

ਮੈਂ ਜੀਵਨ ਮੁਥਾਜ਼ੀ ਤੋਂ ਮੁਕਤੀ ਪਾਵਾਂ
ਕਿਰਨ ਤੇਰੇ ਚਾਨਣ ਦੀ
ਦਾਤਾ ਮੈਂ ਹੋ ਜਾਵਾਂ
ਸੁਣਿਆ ਜਦ ਰੁੱਖ ਨੇ
ਪਹਾੜ ਦਾ ਇਹ ਵਿਰਲਾਪ
ਬੋਲ ਉਚਾਰੇ ਰੁੱਖ ਨੇ
ਪਹਾੜ ਨੂੰ ਦੇ ਧਰਵਾਸ

-0-

ਐ ਪਹਾੜ
ਜੇ ਮੇਰਾ ਵਜ਼ੂਦ ਤੂੰ ਆਪਣੇ ਵਿਚ ਉਤਾਰੇਂ
ਮੇਰਾ ਸੱਚ ਮੇਰਾ ਸਿਦਕ ਮੇਰਾ ਸਬਰ
ਜੇ ਤੂੰ ਆਪਣੇ ਮਨ ਵਸਾਏਂ
ਮੈਂ ਨੰਗ-ਧੜੱਗਾ
ਮੀਂਹਾਂ ਹਨ੍ਹੇਰੀਆਂ ਝੱਖੜਾਂ 'ਚ
ਧੁੱਪਾਂ ਤੂਫ਼ਾਨਾਂ ਕੱਕਰਾਂ 'ਚ
ਬਸ ਇਕ ਉਸਦੇ ਸਹਾਰੇ
ਉਸਦੀ ਰਜ਼ਾ 'ਚ

ਆਪਣਾ ਸਮਾਂ ਲੰਘਾਉਂਦਾ ਹਾਂ
ਉਸਦਾ ਸ਼ੁਕਰ ਮਨਾਉਂਦਾ ਹਾਂ

-0-

ਕਿਸੇ ਅੱਗੇ ਵੀ ਹੱਥ ਨਹੀਂ ਅੱਡਦਾ
ਉਸਦਾ ਦਿੱਤਾ ਖਾਂਦਾ ਹਾਂ
ਇਕ ਉਸਦੀ ਓਟ ਹੈ ਮੈਨੂੰ
ਇਕ ਹੈ ਉਸ ਵਿਚ ਵਿਸ਼ਵਾਸ
ਮੈਂ ਜੀਵਨ ਨੂੰ ਜੀਵਨ ਦਿੰਦਾ ਹਾਂ
ਮੌਤ ਹੰਢਾ ਕੇ
ਰੱਖਦਾ ਹਾਂ ਉਸ ਤੇ ਧਰਵਾਸ਼
ਮੈਂ ਆਪਣੀ ਮੁਕਤੀ
ਜਿਉਂਦੇ ਜੀਅ ਹੰਢਾਉਂਦਾ ਹਾਂ
ਇਕ ਪਲ ਜੇ ਵਿਸਰੇ ਦਾਤਾ
ਮੈਂ ਜਿਉਂਦਾ ਮਰ ਜਾਂਦਾ ਹਾਂ

-0-

ਮੈਂ ਨਾ ਜਨਮਦਾ ਹਾਂ ਨਾ ਮਰਦਾ ਹਾਂ
ਮੈਂ ਤਾਂ ਅਮਰ ਕਹਾਉਂਦਾ ਹਾਂ
ਮੇਰੇ ਚੋਂ ਬੀਜ ਉੱਗਦਾ ਹੈ
ਜਿਉਂਦੇ ਜੀਅ
ਮੈਂ ਬੀਜ ਚੋਂ ਹੀ ਪੁੰਗਰ ਆਉਂਦਾ ਹਾਂ
ਮੈਂ ਦਾਤਾ ਦੀ ਸਦਾ
ਨਿਗ੍ਹਾ ਵਿਚ ਰਹਿੰਦਾ ਹਾਂ
ਮੈਂ ਹਰ ਦਮ
ਉਸ ਦੇ ਦਮ ਲੈਂਦਾ ਹਾਂ

ਉਸਨੂੰ ਸਿਮਰਦਾ ਪੂਜਦਾ
ਰਹਿੰਦਾ ਹਾਂ
ਮੈਂ ਦੀ ਥਾਂ ਬਸ ਤੂੰ ਹੀ ਤੂੰ
ਕਹਿਦਾ ਹਾਂ

-0-

ਮੈਂ ਬੁਰੇ ਦਾ ਭਲਾ ਕਰਦਾ ਹਾਂ
ਮੈਨੂੰ ਚਾਹੇ ਕੋਈ ਪੱਥਰ ਮਾਰੇ
ਮੈਂ ਉਸ ਦੀ ਝੋਲੀ ਫੱਲਾਂ ਨਾਲ
ਭਰਦਾ ਹਾਂ
ਉਸਦੇ ਸਿਰ ਤੇ ਹੱਥੀਂ ਛਾਵਾਂ
ਕਰਦਾ ਹਾਂ
ਮੈਂ ਆਪਣੀ ਮਰਜ਼ੀ ਦੀ ਪ੍ਰਾਲਭਤ
ਮਾਲਕ ਤੋਂ ਲਿਖਵਾਉਂਦਾ ਹਾਂ
ਐਸਾ ਕਰਮ ਕਰਾਂ ਦਿਨੇ ਰਾਤੀਂ
ਜੋ ਦਾਤੇ ਨੂੰ ਭਾਉਂਦਾ ਹਾਂ

-0-

ਪਹਾੜ ਨੇ
ਰੁੱਖ ਦਾ ਰੂਪ ਵਟਾਇਆ
ਆਪਣੀ ਦੇਹ ਤੋਂ ਮੁਕਤੀ ਪਾਈ
ਆਪਣੇ ਸੱਚ ਨੂੰ ਪਾਇਆ
ਕਾਫ਼ਲਾ ਸੂਰਜਾਂ ਦਾ
ਪਹਾੜ ਦੀ ਬੁੱਕਲੇ ਉਤਰ ਆਇਆ
ਮਿੱਟੀ ਦੇ ਕਿਣਕਿਆਂ ਦਾ ਪਿੰਡਾ

ਚਾਨਣ ਦਾ ਮੁਜੱਸਮਾਂ
ਪਹਾੜ ਨੂੰ ਨਜ਼ਰ ਆਇਆ

-0-

ਪਹਾੜ ਦੀ ਚੇਤਨਾ ਨੇ
ਸੱਚ ਪ੍ਰਾਪਤੀ ਦੀ ਮੁਥਾਜ਼ੀ ਦਾ ਅਹਿਸਾਸ
ਪਹਾੜ ਦੇ ਹਿਰਦੇ ਵਿਚ ਧਰਿਆ
ਦੇਹ ਮੁਕਤੀ ਤੋਂ ਬਾਅਦ ਵੀ ਪਹਾੜ
ਆਤਮ ਮੁਥਾਜ਼ੀ ਦੇ ਸਿੰਗੀ ਚੜ੍ਹਿਆ

-0-

ਪਹਾੜ ਮੁਕਤੀ ਦੇ ਪਿੱਛੋਂ ਵੀ
ਸੁਤੰਤਰ ਨਹੀਂ ਸੀ
ਅਹਿਸਾਸ ਦੀ ਮੁਥਾਜ਼ੀ ਬਿਨ
ਆਬਾਦ ਨਹੀਂ ਸੀ
ਪਹਾੜ ਦੀ ਚੇਤਨਾ
ਪਹਾੜ ਦੀ ਦੇਹ ਨੂੰ ਸੁਤੰਤਰ ਕਰ ਗਈ
ਪਰ ਮੁਕਤੀ ਦੀ ਮੁਥਾਜ਼ੀ ਦੇ
ਅਹਿਸਾਸ ਦਾ ਧੁੱਖਦਾ ਸਿਵਾ
ਪਹਾੜ ਦੇ ਮੱਥੇ 'ਚ ਧਰ ਗਈ

-0-

ਮੈਂ ਅਕਾਸ਼
ਚੰਨਾਂ ਸੂਰਜਾਂ ਤਾਰਿਆਂ ਦੀ ਰੌਣਕ 'ਚ
ਆਪਣਾ ਸ਼ਬਦ ਭੁੱਲ ਗਿਆ ਹਾਂ
ਚੰਨਾਂ ਸੂਰਜਾਂ ਤਾਰਿਆਂ
ਤੇ ਚਾਂਦਨੀ ਦੀਆਂ ਠੰਡੀਆਂ
ਤੇ ਨਿੱਘੀਆਂ ਮਹਿਫ਼ਲਾਂ ਦੇ

ਆਕਰਸ਼ਨ 'ਚ
ਆਪਣਾ ਸਭ ਕੁੱਝ ਵਿਸਰ ਗਿਆ ਹਾਂ
ਆਪਣੇ ਸੱਚ ਤੋਂ ਹੀਣਾ ਹੋ ਗਿਆ ਹਾਂ
ਸੱਚ ਜੋ ਅਕਾਸ਼ ਦਾ ਸ਼ਬਦ ਹੈ
ਸ਼ਬਦ ਜੋ ਅਕਾਸ਼ ਦਾ
ਸ੍ਵਯੰਭੂ ਜਨਮ ਹੈ

-0-

ਮੇਰੇ ਸੂਰਜਾਂ ਦੀ ਲੋਅ ਘਟ ਰਹੀ ਹੈ
ਮੇਰੇ ਚੰਨਾਂ ਤਾਰਿਆਂ ਦਾ ਚਾਨਣ
ਨਿੰਮਾ ਪੈ ਰਿਹਾ ਹੈ
ਮੈਂ ਸਦੀਆਂ ਤੋਂ
ਸਮੇਂ ਦੇ ਸਿੰਗੀ ਚੜ੍ਹਿਆ
ਆਪਣੇ ਆਪ ਦੀ ਹੀ ਪ੍ਰਕਰਮਾਂ
ਕਰ ਰਿਹਾ ਹਾਂ
ਨਾ ਮੇਰੇ ਚੋਂ ਅੰਬਰੀਂ ਮੋਹ ਦੇ
ਦਰਿਆ ਹੀ ਉਣੇ ਹੋਏ
ਨਾ ਕਾਮ ਕ੍ਰੋਧ ਲੋਭ ਮੋਹ
ਹੰਕਾਰ ਦੀ ਨਦੀ ਹੀ ਸੁੱਕੀ

-0-

ਮੈਂ ਆਪਣੇ ਸੱਚ ਤੋਂ ਬਿਨਾਂ
ਆਪਣੇ ਹੀ ਪਿੰਡੇ ਦੇ ਤੰਦੂਰ 'ਚ
ਥਲ ਵਾਂਗ ਤਪ ਰਿਹਾ ਹਾਂ
ਮੇਰੇ ਕੋਲ ਆਓਗੇ
ਤਾਂ ਮੇਰੇ ਦਿਲ ਦੇ ਜ਼ਖ਼ਮ ਦੇਖ ਪਾਓਗੇ

ਧਰਤ ਤੇ ਵਸਦੇ ਲੋਕਾਂ ਨੂੰ
ਉਂਜ ਮੈਂ ਹੱਸਦਾ ਖੇਡਦਾ ਹੀ ਲੱਗਦਾ ਹਾਂ
ਚੰਨਾਂ ਸੂਰਜਾਂ ਤਾਰਿਆਂ ਦੀਆਂ
ਰੌਣਕਾਂ ਬਣ ਬਣ ਜਗਦਾ ਹਾਂ

-0-

ਮੇਰੇ ਵਜੂਦ 'ਚ
ਜੋ ਗਿਆਨ ਦਾ ਖਜ਼ਾਨਾ ਹੈ
ਉਹੀ ਮੇਰੇ ਹੰਕਾਰ ਦਾ ਠਿਕਾਣਾ ਹੈ
ਇਸ ਗਿਆਨ ਦੇ ਹੰਕਾਰ ਨੇ ਹੀ
ਮੈਨੂੰ ਮੇਰੇ ਸੱਚ ਤੋਂ ਦੂਰ ਕੀਤਾ ਹੈ
ਇਸ ਗਿਆਨ ਦੀ ਅੱਗ ਨੇ
ਮੈਨੂੰ ਸੜਨ ਲਈ ਮਜਬੂਰ
ਕੀਤਾ ਹੈ

-0-

ਮੇਰੀ ਅਨੰਦਤਾ ਹੀ
ਮੇਰਾ ਅਹਿਮ ਹੈ
ਜ਼ਿਨ੍ਹੇ ਮੈਨੂੰ ਕਾਮੀ ਕ੍ਰੋਧੀ ਤੇ
ਹੰਕਾਰੀ ਬਣਾਇਆ ਹੈ
ਬ੍ਰਹਿਮੰਡਾਂ ਦਾ ਬ੍ਰਹਿਮੰਡ
ਮੇਰੀ ਦੇਹ 'ਚ ਸਮਾਇਆ ਹੈ
ਇਸ ਹੰਕਾਰ 'ਚ
ਮੈਨੂੰ ਕੋਈ ਵੀ ਮੇਰੇ ਤੋਂ ਉੱਚਾ
ਨਾ ਨਜ਼ਰ ਆਇਆ ਹੈ

-0-

ਇਹ ਹੰਕਾਰ ਹੀ
ਮੈਨੂੰ ਅੰਦਰੋਂ ਅੰਦਰੀਂ ਖਾਈ ਜਾਂਦਾ ਹੈ
ਚੰਨਾਂ ਸੂਰਜਾਂ ਤਾਰਿਆਂ ਦੀ ਥਾਂ
ਮੇਰੀ ਦੇਹ 'ਚ ਕਬਰਾਂ ਉੱਗਾਈ ਜਾਂਦਾ ਹੈ
ਮੇਰਾ ਆਪਣਾ ਹੀ ਸਿਰ ਹੈ
ਮੇਰੀ ਆਪਣੀ ਹੀ ਤਲਵਾਰ ਹੈ
ਮੇਰਾ ਆਪਣਾ ਹੀ ਕਤਲ
ਮੇਰੀਆਂ ਨਜ਼ਰਾਂ ਵਿਚਕਾਰ ਹੈ

-0-

ਮੈਂ ਆਪਣੀ ਉੱਚਾਈ
ਆਪਣੀ ਗਹਿਰਾਈ
ਆਪਣੀਆਂ ਦਿਸ਼ਾਵਾਂ ਤੇ ਅਕਾਰ 'ਚ
ਫੈਲਿਆ
ਲੱਖਾਂ ਸਿਰਾਂ ਤੇ ਧੜਾਂ ਦਾ ਰਾਵਣ ਹੋ
ਗਿਆ ਹਾਂ
ਇਕ ਰਾਮ ਨਾਮ ਤੋਂ ਬਿਨਾਂ
ਮੈਂ ਅੱਗ ਦੇ ਬੱਦਲਾਂ ਦਾ ਸਾਵਣ ਹੋ
ਗਿਆ ਹਾਂ

-0-

ਮੈਂ ਆਪਣੇ ਮੱਥੇ ਦਾ ਕਲੰਕਤ ਦਾਗ਼ ਹਾਂ
ਮੈਂ ਪੁੰਨ ਦੇ ਕਲਬੂਤ 'ਚ
ਪਾਪਾਂ ਦਾ ਅੰਬਾਰ ਹਾਂ

ਮੈਂ ਵਰ ਹੋਇਆ ਸਰਾਪ ਹਾਂ
ਮੈਂ ਆਪਣਾ ਸੱਚ
ਗਿਆਨ ਚੰਨਾਂ ਸੂਰਜਾਂ
ਤਾਰਿਆਂ ਦੇ ਦੌਲਤੀ ਅੰਬਾਰ 'ਚ
ਖੋਹ ਗਿਆ ਹਾਂ
ਮੈਂ ਅੰਬਰ ਤੋਂ ਮਿੱਟੀ ਹੋ ਗਿਆ ਹਾਂ
ਮੈਂ ਗੁਰੂ ਗਿਆਨ ਬਿਨ ਹਨ੍ਹੇਰਾ ਹਾਂ
ਹਨ੍ਹੇਰਾ ਜਨਮਦਾ ਭੋਗਦਾ ਸਦਾ ਸਵੇਰਾ ਹਾਂ

-0-

ਅਕਾਸ਼ ਨੇ
ਜਦ ਆਪਣਾ ਆਪਾ ਆਪੇ ਚੋਂ
ਤੱਕਿਆ
ਮਨ ਤੂੰ ਜੋਤ ਸਰੂਪ ਹੈ ਦਾ ਸੱਚ
ਅਨੁਭਵਿਆ
ਜੋ ਅਨੁਭਵ
ਅਕਾਸ਼ ਦੇ ਹੰਕਾਰ ਤੇ ਲਾਲਚ ਨੇ
ਦਫ਼ਨਾ ਦਿੱਤਾ ਸੀ
ਜਿਸ ਅਨੁਭਵ ਦਾ ਦੀਵਾ
ਅਕਾਸ਼ ਦੀ ਤ੍ਰਿਸ਼ਨਾ ਨੇ
ਬੁੱਝਾ ਦਿੱਤਾ ਸੀ

-0-

ਅਕਾਸ਼ ਦਾ ਲਹੂ
ਜੋਤ ਸਰੂਪ ਨੂੰ ਵੇਖਣ ਲਈ
ਉਬਾਲੇ ਖਾ ਰਿਹਾ ਸੀ

ਅਕਾਸ਼ ਨੂੰ
ਆਪਣਾ ਸੱਚ ਚੇਤੇ ਆ ਰਿਹਾ ਸੀ
ਜੋ ਅਕਾਸ਼ ਦੇ ਜਨਮ ਤੋਂ
ਤਾਂ ਉਸਦੇ ਨਾਲ ਸੀ
ਜਨਮ ਪਿੱਛੋਂ ਉਹ ਸੱਚ
ਅਕਾਸ਼ ਲਈ ਧੁੰਦਲਾ ਖ਼ਿਆਲ ਸੀ

-0-

ਅਕਾਸ਼ ਨੇ ਆਪਣੇ ਆਪ ਤੋਂ
ਚੰਨਾਂ ਸੂਰਜਾਂ ਤਾਰਿਆਂ ਗ੍ਰਿਹਾਂ
ਉਪ-ਗ੍ਰਿਹਾਂ ਦੀ ਪਹਿਨਣ ਉਤਾਰਿਆ
ਤੇ ਖ਼ਾਕ ਹੋ ਕੇ ਰਹਿ ਗਿਆ
ਆਪਣਾ ਆਪ ਮਿਟਾ ਕੇ
ਅਕਾਸ਼ ਆਪਣੇ ਸੱਚ ਦੀ
ਭਾਲ ਦੇ ਰਾਹ ਪਿਆ
ਸਿਰ ਕਟ ਆਪਣਾ
ਅਕਾਸ਼ ਨੇ ਤਲੀ ਤੇ ਧਰਿਆ
ਕਟੇ ਸਿਰ ਚੋਂ
ਅਕਾਸ਼ ਨੇ ਆਪਣਾ ਸੱਚ ਤੱਕਿਆ

-0-

ਅਕਾਸ਼ ਦੇਹ ਤੋਂ ਮੁਕਤ ਹੋਇਆ
ਆਤਮ ਸੱਚ 'ਚ ਸਮਾਇਆ
ਹਨ੍ਹੇਰੇ ਅਕਾਸ਼ ਦੇ ਪਿੰਡੇ ਚੋਂ
ਸੂਰਜ ਸੱਚ ਦਾ ਚੜ੍ਹ ਆਇਆ
ਦੇਹ ਦੀ ਮੁਕਤੀ

ਸੱਚ ਦੀ ਪ੍ਰਾਪਤੀ ਦੀ ਮੁਥਾਜ਼ੀ ਦਾ
ਅਹਿਸਾਸ
ਚੇਤਨਾ
ਅਕਾਸ਼ ਦੇ ਮੱਥੇ 'ਚ ਧਰ ਗਈ
ਮੁਥਾਜ਼ੀ ਦੀ ਚਿੰਤਾ
ਅਕਾਸ਼ ਦੀ ਦੇਹ ਨੂੰ ਲੱਗ ਗਈ

-0-

ਮੁਕਤੀ ਤੋਂ ਪਹਿਲਾਂ
ਅਕਾਸ਼ ਦੇਹ ਦਾ ਮੁਥਾਜ਼ ਸੀ
ਮੁਕਤੀ ਤੋਂ ਪਿਛੋਂ
ਮੁਕਤੀ ਪ੍ਰਾਪਤੀ ਦੀ ਮੁਥਾਜ਼ੀ
ਦੇ ਅਹਿਸਾਸ ਦੀ
ਅਕਾਸ਼ ਦੀ ਗਰਦਨ ਤੇ
ਲਟਕਦੀ ਤਲਵਾਰ ਸੀ
ਜਿਉਂਦੇ ਜੀਅ
ਅਕਾਸ਼ ਆਪਣੀ ਸਮੱਗਰੀ ਦਾ
ਮੁਥਾਜ਼ ਸੀ
ਸੱਚ ਪ੍ਰਾਪਤੀ ਤੋਂ ਬਾਅਦ
ਸੱਚ ਪ੍ਰਾਪਤੀ ਦਾ ਗੁਲਾਮ ਸੀ

-0-

ਅਕਾਸ਼ ਨੂੰ
ਨਾ ਜਿਉਂਦਿਆਂ ਆਜ਼ਾਦੀ ਮਿਲੀ
ਨਾ ਦੇਹ ਤਿਆਗ ਕੇ ਖ਼ੁਸ਼ੀ ਮਿਲੀ
ਮਿਲੀ ਤਾਂ ਮੁਕਤੀ ਦੀ ਮੁਥਾਜ਼ੀ ਮਿਲੀ

-0-

ਹਵਾ
ਆਪਣੀ ਮਹੱਤਤਾ ਤੇ
ਵਿਕਾਰ ਦੀ ਮਾਰੀ
ਉੱਚਾ ਉੱਚਾ ਹੋ ਕੇ ਤੁਰਦੀ
ਆਪਣੀ ਹਸਤੀ ਤੇ ਬਲ ਦੇ ਗਰੂਰ 'ਚ
ਧਰਤੀ ਤੇ ਪੈਰ ਨਾ ਧਰਦੀ
ਹਵਾ ਆਖਦੀ
ਮੇਰੇ ਕਰਕੇ ਹੀ ਜੀਵਨ ਹੈ
ਮੇਰੇ ਕਾਰਨ ਸੰਸਾਰ ਹੈ
ਮੇਰੇ ਕਰਕੇ ਹਰ ਵਸਤੂ ਹੈ
ਕਾਦਰ ਦਾ ਕਾਰੋਬਾਰ ਹੈ
ਹਵਾ ਨੂੰ ਆਪਣੇ ਆਪ ਦਾ
ਇੰਨਾ ਮਾਣ ਹੈ
ਰੱਬ ਤੋਂ ਪਿਛੋਂ ਕੁਲ ਬ੍ਰਹਿਮੰਡ 'ਚ
ਸਮਝਦੀ ਹੈ ਹਵਾ
ਉਸਦਾ ਉੱਚਾ ਸਥਾਨ ਹੈ

–0–

ਹਵਾ ਆਖਦੀ
ਮੈਂ ਕਾਦਰ ਤੋਂ ਆਈ ਹਾਂ
ਮੈਂ ਧਰਤੀ ਤੇ
ਅੱਗਣ ਤੇ ਜਲ ਲਿਆਈ ਹਾਂ
ਜਲ ਤੋਂ ਰਚਿਆ ਗਿਆ ਸੰਸਾਰਾ
ਘੱਟ ਘੱਟ ਵਿਚ ਹੈ ਮੇਰਾ ਪਸਾਰਾ

ਨਿਰਮਲ ਮੇਰਾ ਨਾਮ ਅਧਾਰਾ
ਗੁਰੂ ਸ਼ਬਦ ਮੈਂ ਕਰਤਾ ਹਾਂ
ਪੰਜ ਭੂਤਾਂ ਦੇ ਕਲਬੂਤ 'ਚ
ਮੇਰਾ ਪ੍ਰਾਣ ਸਹਾਰਾ

-0-

ਮੈਂ ਹਾਂ ਤਾਂ ਅਕਾਸ਼ ਅਕਾਸ਼ ਹੈ
ਮੈਂ ਹਾਂ ਤਾਂ ਧਰਤ ਧਰਤ ਹੈ
ਮੈਂ ਹਾਂ ਤਾਂ ਜੀਵਨ ਜੀਵਨ ਹੈ
ਨਹੀਂ ਤਾਂ ਹੈ ਕਬਰਾਂ ਜਗ ਸਾਰਾ

-0-

ਮੈਂ ਹਾਂ ਜੋ ਪਹਾੜ ਦੀ ਦੇਹ ਵਿਚ
ਪਹਾੜ ਦੇਖ ਬੋਲ ਤੇ ਤੁਰ ਸਕਦਾ ਹੈ
ਮੈਂ ਹਾਂ ਜੋ ਪੱਥਰ ਦੇ ਪਿੰਡੇ
ਪੱਥਰ ਸਾਗਰ ਤਰ ਸਕਦਾ ਹੈ
ਪੱਥਰ ਅੰਬਰੀਂ ਉੱਡ ਸਕਦਾ ਹੈ
ਮੈਂ ਜਗਤ ਪੁਤਲੇ ਦੇ ਵਿਚ
ਪ੍ਰਾਣ ਰੂਪ ਹੋ ਜਾਨ ਹਾਂ ਧਰਦੀ
ਮੇਰੇ ਕਰਕੇ ਅੰਬਰ ਟਿੱਕਿਆ
ਮੇਰੇ ਕਰਕੇ ਧਰਤ ਖੜ੍ਹੀ ਹੈ

-0-

ਦੁਨੀਆਂ ਦੀ ਚੁੱਪ ਵਿਚ ਮੈਂ ਹਾਂ
ਦੁਨੀਆਂ ਦੇ ਸ਼ੋਰ 'ਚ ਮੈਂ ਹਾਂ
ਬਦਲਾਂ ਦੀ ਗਰਜ 'ਚ ਮੈਂ ਹਾਂ
ਕਾਲੀਆਂ ਘਟਾ ਘਨਘੋਰ 'ਚ ਮੈਂ ਹਾਂ

ਕੋਇਲ ਦੇ ਕੰਠ 'ਚ ਮੈਂ ਹਾਂ
ਮੋਰ ਦੇ ਨਾਚ 'ਚ ਮੈਂ ਹਾਂ
ਮੈਂ ਹੀ ਰੁੱਤ ਮੌਸਮ ਬਹਾਰ ਹਾਂ
ਮੈਂ ਹੀ ਫੁੱਲਾਂ ਦੀ ਰੰਗਤ ਹਾਂ
ਮੈਂ ਹੀ ਕਲੀਆਂ ਦੀ ਮਹਿਕ ਹਾਂ

–0–

ਮੈਂ ਆਪੇ
ਆਪਣੀ ਹੋਂਦ ਦਾ ਸੱਚ ਹਾਂ
ਮੈਂ ਕਰਤਾ ਹੀ ਆਪਣੇ ਵਸ ਹਾਂ
ਬ੍ਰਹਿਮੰਡਾਂ ਕਾਇਨਾਤਾਂ
ਕੁਲ ਪ੍ਰਕਿਰਤੀ ਤੇ ਸ੍ਰਿਸ਼ਟੀ ਚੋਂ
ਜੇ ਮੇਰੀ ਮਨਫ਼ੀ ਹੋ ਜਾਏ
ਮੌਤ ਜਿਉਂਦੀ
ਦੁਨੀਆਂ ਪਿੱਛੇ ਰਹਿ ਜਾਏ

–0–

ਹਵਾ ਦੇ ਅੰਦਰੋਂ ਗਤੀ ਪੁਕਾਰੀ
ਐ ਹਵਾ
ਆਪਣੀ ਦੇਹ ਤੋਂ ਜੇ ਤੈਨੂੰ ਮੈਂ ਉਤਾਰਿਆ
ਤੂੰ ਫਿਰ
ਆਪਣੇ ਆਪ 'ਚ ਕੁੱਝ ਨਹੀਂ
ਪੱਥਰ ਵੀ ਬਿਹਤਰ ਹੈ ਤੇਰੇ ਤੋਂ
ਤੂੰ ਕੱਖਾਂ ਦੇ ਵੀ ਤੁਲ ਨਹੀਂ
ਐ ਹਵਾ ਹੰਕਾਰ ਨਾ ਕਰ
ਬਿਨਾਂ ਗਤੀ ਤੇਰਾ ਕੋਈ ਮੁੱਲ ਨਹੀਂ

ਬਿਨਾਂ ਗਤੀ ਤੂੰ ਜੀਵਨ ਰਹਿਤ ਹੈਂ
ਇਕ ਬੇਜਾਨ ਕਲਬੂਤ ਹੈਂ
ਸੀਮਤ ਹੱਦ ਹਦੂਦ ਹੈਂ
ਅਗਤੀ ਦਾ ਤੂੰ ਬਸ ਵਜ਼ੂਦ ਹੈਂ

–0–

ਮੈਂ ਗਤੀ ਹਾਂ
ਮੇਰੀ ਹੋਂਦ ਤੇਰਾ ਸਵੈ ਹੈ
ਮੈਂ ਹਾਂ ਤਾਂ ਤੂੰ ਹੈਂ
ਜਿਉਂ ਤੇਜ਼ ਬਿਨਾਂ ਸੂਰਜ ਰਾਖ਼ ਹੈ
ਮੇਰੇ ਬਿਨਾਂ ਤੇਰਾ ਵੀ ਐਸਾ ਹੀ ਹਾਲ ਹੈ
ਮੇਰੇ ਬਿਨ ਤੂੰ ਗਤੀਹੀਣੰ ਹੈ
ਕਲਰੀ ਧਰਤ ਬੰਜਰ ਜ਼ਮੀਨ ਹੈਂ
ਇਕ ਖੰਡਰ ਇਕ ਥੇਹ ਹੈਂ
ਇਕ ਉਜੜਿਆ ਮੇਲਾ ਹੈਂ

–0–

ਹਵਾ ਨੇ
ਆਪਣੀ ਦੇਹ ਦਾ ਸੱਚ ਜਾਤਾ
ਆਪਣੀ ਗਤੀ ਪ੍ਰਾਣ ਪਛਾਤਾ
ਆਪਣਾ ਮੋਹ ਹੰਕਾਰ ਤਿਆਗ਼ ਕੇ
ਆਪਣੀ ਗਤੀ ਦਾ ਸੱਚ
ਜਾਨਣਾ ਚਾਹਿਆ
ਆਪਣੀ ਹੋਂਦ
ਆਪਣਾ ਆਪ ਪਹਿਚਾਨਣਾ ਚਾਹਿਆ

–0–

ਹਵਾ ਨੇ
ਆਪਣੀ ਹਸਤੀ ਮਿਟਾਈ
ਆਪਣੀ ਦੇਹ ਵਿਚ ਅਗਤੀ ਵਸਾਈ
ਅਗਤੀ ਦੀ ਹੋਂਦ ਦਾ ਸੱਚ ਅਹਿਸਾਸ
ਹਵਾ ਨੇ ਆਪਣੇ ਪਿੰਡੇ ਤੇ ਜਰਿਆ
ਹਵਾ ਅਗਤੀ ਹੋ ਕੇ ਵਿਚਰੀ
ਅਗਤੀ ਦਾ ਪਿੰਡਾ ਤਰਿਆ

–0–

ਗ੍ਰੰਥਾਂ ਦਾ ਕਥਨ ਹੈ
ਸੱਚ ਨੂੰ ਪਾਉਂਣ ਤੋਂ ਪਹਿਲਾਂ
ਆਪਣੀ ਹਸਤੀ, ਹੰਕਾਰ ਮਿਟਾਉਣਾ
ਪੈਂਦਾ ਹੈ
ਖ਼ਲਕਤ ਦੇ ਕਦਮਾਂ ਦੀ ਧੂੜ ਹੋਣਾ
ਪੈਂਦਾ ਹੈ
ਫਿਰ ਉਸਦਾ ਦਰ ਖੁੱਲ੍ਹਦਾ ਹੈ
ਫਿਰ ਉਸ ਦੀ
ਸੱਚ ਦੀ ਤੱਕੜੀ ਵਿਚ ਸੱਚ ਤੁਲਦਾ ਹੈ

–0–

ਆਪਣੀ ਨਜ਼ਰ 'ਚ
ਕੋਈ ਕਿੰਨਾਂ ਵੀ ਨੀਵਾਂ ਹੋ ਜਾਏ
ਜਦ ਤਕ
ਉਸ ਦਾਤੇ ਦੀ ਨਦਰਿ ਨਿਹਾਲ ਨਹੀਂ ਹੁੰਦੀ
ਮਨੁੱਖ ਤੇ
ਉਸ ਦੀ ਰਹਿਮਤ ਦੀ ਬਰਸਾਤ ਨਹੀਂ ਹੁੰਦੀ

–0–

ਹਵਾ ਨੇ
ਆਪਣਾ ਆਪ ਮਿਟਾਇਆ
ਮੱਥੇ ਸੱਚ ਦਾ ਦੀਪ ਜਲਾਇਆ
ਆਪਣਾ ਆਤਮ ਸਿਮਰ ਧਿਆਇਆ
ਆਪਣੇ ਸਵੈ ਦੀ ਗਤੀ ਦਾ ਸੱਚ ਪਾਇਆ
ਹਵਾ ਦੇ ਪਿੰਡੇ
ਆਤਮ ਗਤੀ ਦਾ ਨੂਰ ਸਮਾਇਆ
ਹਵਾ ਨੇ ਦੇਹ ਤੋਂ ਮੁਕਤੀ ਪਾਈ
ਹਵਾ ਗਤੀ ਦੇ ਰੂਪ ਸਮਾਈ

-0-

ਹਵਾ ਨੇ
ਜਦ ਰੂਪ ਗਤੀ ਦਾ ਪਾਇਆ
ਹਵਾ ਚੇਤਨਾ ਹਵਾ ਦੇ ਮਨ ਵਿਚ
ਗਤੀ ਪ੍ਰਾਪਤੀ ਦੀ ਮੁਥਾਜ਼ੀ ਦਾ
ਅਹਿਸਾਸ ਜਗਾਇਆ

-0-

ਅੱਗਣ
ਆਪਣੇ ਵਜੂਦ ਤੋਂ ਇੰਨਾਂ ਉਕਤਾ ਗਈ
ਕਿ ਉਸ ਨੂੰ
ਆਪਣੇ ਤੇਜ਼ ਦੀ ਤ੍ਰਿਸ਼ਨਾਂ ਖਾ ਗਈ
ਅੱਗਣ ਆਪਣਾ ਆਪਾ ਮਾਰ ਕੇ
ਆਪਣੇ ਤੇਜ਼ ਦਾ ਸੱਚ ਪਾਉਣਾ ਚਾਹੁੰਦੀ ਸੀ
ਅੱਗਣ ਤੋਂ ਤੇਜ਼ ਰੂਪ ਹੋ ਜਾਣਾ ਚਾਹੁੰਦੀ ਸੀ

ਜਿੱਥੋਂ ਤਕ
ਉਸਦੇ ਨਿੱਘ ਦੀ ਪ੍ਰਵਿਰਤੀ ਸੀ
ਰੌਸ਼ਨੀ ਦਾ ਸਵਾਲ ਸੀ
ਉਸਨੂੰ
ਆਪਣਾ ਚਿਹਰਾ
ਆਪਣਾ ਵਜੂਦ ਰਾਸ ਸੀ
ਜਿੱਥੇ
ਉਸਦਾ ਰੂਪ ਕ੍ਰੋਧੀ
ਲਾਲਚੀ ਤੇ ਹੰਕਾਰੀ ਸੀ
ਲਾਵਾ ਸੀ
ਬਲਦਾ ਦਾਵਾਨਲ ਸੀ
ਜਾਂ ਅੱਗ 'ਚ ਉਬਲਦਾ
ਜਲ ਸੀ
ਉੱਥੇ
ਉਹ ਆਪਣੇ ਚਿਹਰੇ ਤੇ
ਵਜੂਦ ਦੇ ਖ਼ਿਲਾਫ਼ ਸੀ
ਆਪਣੇ ਅੰਦਰੋਂ ਉੱਠੀ
ਆਪਣੇ ਹੀ ਵਿਪਰੀਤ ਆਵਾਜ਼ ਸੀ

–0–

ਜਿੱਥੇ ਉਹ ਜੀਵਨ ਉਤਪਤੀ ਲਈ
ਨਿੱਘ ਦਾ ਸਮਾਨ ਸੀ
ਉੱਥੇ ਫ਼ਸਲਾਂ ਫੱਲਾਂ ਤੇ
ਹੋਰ ਖਣਿਜ ਪਦਾਰਥਾਂ ਨੂੰ ਪਕਾਉਣ ਦਾ
ਉਸਨੂੰ ਮਾਣ ਸੀ

ਉਹ ਹਰ ਘਰ ਦੇ ਨਿੱਘ 'ਚ ਮੌਜੂਦ ਸੀ
ਹਰ ਘਰ ਦੇ ਚੁੱਲ੍ਹੇ 'ਚ
ਉਸਦਾ ਵਜੂਦ ਸੀ
ਹਰ ਆਲ੍ਹਣੇ ਨੂੰ
ਉਸਦੇ ਨਿੱਘ ਦਾ ਵਜੂਦ ਸੀ

—0—

ਅੱਗਣ ਨੇ ਆਪਣਾ ਚੰਗਾ ਮਾੜਾ
ਪੱਖ ਵਿਚਾਰਿਆ
ਉਸਨੂੰ ਲੱਗਿਆ
ਉਸਦੀ ਕ੍ਰੋਧਿਤ ਪ੍ਰਵਿਰਤੀ
ਉਸਦੇ ਹਰ ਪੱਖ ਤੇ ਭਾਰੂ ਹੈ
ਉਸਦੀ ਕ੍ਰੋਧਿਤ ਤੇ ਲਾਲਚੀ
ਪ੍ਰਵਿਰਤੀ ਨੇ
ਦੁਨੀਆਂ ਤੇ ਮਾਨਵਤਾ ਦੀ
ਹੋਂਦ ਸਾੜੀ ਹੈ
ਹਰੇ ਖੇਤਾਂ ਵਿਚ ਫ਼ਸਲਾਂ ਲੂਹੀਆਂ ਹਨ
ਜੰਗਲੀ ਹਰਿਆਵਲ ਦੇ ਪਿੰਡੇ
ਅੱਗਣੀ ਉਤਾਰੀ ਹੈ

—0—

ਇਹ ਸੋਚ ਕੇ ਅੱਗਣ ਮਾਯੂਸ ਹੋ ਗਈ
ਆਪਣੀ ਆਤਮ ਦੀ
ਆਵਾਜ਼ ਵਿਚ ਖੋਹ ਗਈ
ਉਸਨੂੰ ਆਪਣੇ ਕ੍ਰੋਧ ਤੇ ਲਾਲਚ ਸੰਗ
ਨਫ਼ਰਤ ਹੋ ਗਈ

ਉਸਨੇ ਆਪਣੇ ਵਜੂਦ ਨੂੰ
ਅੱਗਣ ਤੋਂ ਰਾਖ ਕਰ ਲਿਆ
ਆਪਣੀ ਹਸਤੀ ਦੇ ਭਾਂਬੜ ਨੂੰ ਠਾਰਿਆ
ਆਪਣਾ ਕ੍ਰੋਧ ਤੇ ਲਾਲਚ
ਆਪਣੇ ਤੋਂ ਉਤਾਰਿਆ

–0–

ਆਪਣੇ ਸੱਚ ਦੀ ਹੋਂਦ
ਆਪਣੇ ਤੇਜ਼ ਦਾ ਸੱਚ ਜਾਨਣ ਲਈ
ਆਪਣੇ ਤੋਂ ਉਤਾਰ ਕੇ
ਸਭ ਕੁੱਝ ਆਪਣਾ
ਆਪਣੇ ਸਾਹਵੇਂ ਖਲੋ ਗਈ
ਅੱਗਣ ਤੋਂ ਰਾਖ਼ ਹੋ ਗਈ
ਅੱਗਣ ਨੇ ਆਪਣੀ ਰਾਖ਼ ਨੂੰ
ਪੂਜਿਆ ਸਿਮਰਿਆ ਤੇ ਧਿਆਇਆ
ਖ਼ਾਕ ਦਾ ਸੱਚ
ਅੱਗਣ ਨੇ ਆਪਣੇ ਲਹੂ 'ਚ ਜੀਵਿਆ
ਆਪਣੇ ਸਾਹੀਂ ਹੰਢਾਇਆ

–0–

ਸੱਚ ਦੀ ਤਲਾਸ਼ ਦਾ ਫੱਟ
ਜੋ ਅੱਗਣ ਦੇ ਦਿਲ ਤੇ ਲੱਗਾ ਸੀ
ਸੁਆਸਾਂ ਸੰਗ ਸੀਤਾ
ਕਤਰਾ ਕਤਰਾ ਕਰ
ਉਸ ਫੱਟ ਦਾ ਦਰਦ ਅੱਗਣ ਨੇ ਪੀਤਾ

ਖ਼ਾਕ ਹੋਈ ਅੱਗਣ ਨੇ
ਸਿਮਰਨ ਅਭਿਆਸ ਸੰਗ
ਆਪਣੇ ਮੱਥੇ
ਤੇਜ਼ ਦੇ ਸੱਚ ਦੀ ਜੋਤ ਜਗਾਈ
ਆਪਣੀ ਹਸਤੀ ਮਿਟਾ ਕੇ
ਹਸਤੀ ਤੇਜ਼ ਦੀ ਪਾਈ

-0-

ਹਸਤੀ ਰਹਿਤ ਅੱਗਣ ਨੇ
ਤੇਜ਼ ਦਾ ਰੂਪ ਵਟਾਇਆ
ਤੇਜ਼ ਦੇ ਸੱਚ ਦਾ ਚਸ਼ਮਾ
ਅੱਗਣ ਦੇ ਅੰਦਰੋਂ ਹੀ ਫੁੱਟ ਆਇਆ
ਅਕਾਸ਼ ਦਾ ਸ਼ਬਦ
ਕਰਤਾ ਦਾ ਰੂਪ ਹੈ
ਹਵਾ ਦੀ ਗਤੀ ਕਰਤਾ ਦਾ ਸਰੂਪ ਹੈ
ਅੱਗਣ ਦਾ ਤੇਜ਼ ਕਰਤਾ ਦਾ ਵਜੂਦ ਹੈ

-0-

ਅੱਗਣ ਨੇ
ਜਦ ਦੀਦਾਰ ਤੇਜ਼ ਸੱਚ ਦਾ ਪਾਇਆ
ਆਪਣੇ ਆਪ ਨੂੰ
ਜਲਣ ਸੜਣ ਤੋਂ ਪਾਰ ਲਗਾਇਆ
ਅੱਗਣ
ਆਪਣੀ ਦੇਹ ਤੋਂ ਮੁਕਤ ਹੋ ਗਈ
ਅੱਗਣ ਤੋਂ ਅੱਗਣ
ਤੇਜ਼ ਦਾ ਸੱਚ ਹੋ ਗਈ

ਜੋ ਅੱਗਣ ਦਾ ਪ੍ਰਾਣ ਸੀ
ਅੱਗਣ ਦੀ ਹੋਂਦ ਸੱਚ ਤੇ ਜਾਨ ਸੀ

-0-

ਅੱਗਣ ਨੇ ਜਦ ਤੇਜ਼ ਸੱਚ ਦਾ
ਰੂਪ ਧਾਰਿਆ
ਅੱਗਣ ਚੇਤਨਾ
ਇਸ ਰੂਪ ਮੁਥਾਜੀ ਦਾ ਅਹਿਸਾਸ
ਅੱਗਣ ਦੇ ਮਨ 'ਚ ਉਤਾਰਿਆ
ਇਸ ਮੁਥਾਜੀ ਦਾ ਅਹਿਸਾਸ
ਅੱਗਣ ਨੂੰ
ਜਿਉਂਦੇ ਜੀਅ ਰਾਸ ਨਹੀਂ ਸੀ
ਵਜ਼ੂਦ ਅੱਗਣ ਦਾ ਮੁਕਤੀ ਪਾ ਗਿਆ
ਪਰ ਮੁਕਤੀ ਦੇ ਅਹਿਸਾਸ 'ਚ
ਅੱਗਣ ਨੂੰ ਧੁਖਣੇ ਲਾ ਗਿਆ

-0-

ਜਲ ਆਪਣੀ ਦੇਹ ਮਾਰ
ਆਪਣਾ ਰਸ ਪਾਉਣਾ ਚਾਹੁੰਦਾ ਸੀ
ਰਸ ਦਾ ਸੱਚ ਹੰਢਾਉਣਾ ਚਾਹੁੰਦਾ ਸੀ
ਜਲ ਜੋ
ਜ਼ਿੰਦਗੀ ਨੂੰ ਜ਼ਿੰਦਗੀ ਬਖ਼ਸ਼ਦਾ ਹੈ
ਪਿਆਸੇ ਖੇਤਾਂ ਦੀ ਪਿਆਸ
ਬੁਝਾਉਂਦਾ ਹੈ
ਧਰਤੀ ਚੋਂ ਅੰਨ ਉਗਾਉਂਦਾ ਹੈ

ਕਣੀਆਂ ਦੇ ਰੂਪ 'ਚ
ਔੜਾਂ ਮਾਰੀ ਧਰਤੀ ਤੇ ਵਰ੍ਹਦਾ ਹੈ
ਸੁੱਕੀਆਂ ਖੂਹੀਆਂ ਤੇ ਖੂਹ
ਜਲ ਸੰਗ ਭਰਦਾ ਹੈ
ਜਲ ਦਾ ਵਜ਼ੂਦ
ਜੋ ਮਨੁੱਖੀ ਸਰੀਰ ਦੀ ਹੋਂਦ ਹੈ
ਪ੍ਰਕਿਰਤੀ ਤੇ ਮਨੁੱਖਤਾ 'ਚ
ਪੌਣਾਂ ਹਿੱਸਾ ਜਲ ਦਾ ਵਜ਼ੂਦ ਹੈ

-0-

ਜਲ ਜੋ ਸਾਵਣ ਦੇ ਮਹੀਨੇ
ਕਲੀਆਂ ਫੁੱਲਾਂ ਤੇ ਮਹਿਕਾਂ ਦੇ
ਬ੍ਰਿਹਾ ਦਾ ਮਿਲਣ ਸਰੂਪ ਹੈ
ਜਲ ਜੋ ਝੀਲਾਂ ਝਰਨਿਆਂ
ਨਦੀਆਂ ਦਰਿਆਵਾਂ ਸਾਗਰਾਂ ਦਾ
ਰੂਪ ਹੈ
ਜਲ ਜੋ ਬੱਦਲ ਦਾ ਵਜ਼ੂਦ ਹੈ
ਜਲ ਜੋ ਅੱਗ ਦੇ ਹਿਰਦੇ 'ਚ
ਮੌਜੂਦ ਹੈ
ਜਲ ਆਪਣੇ ਇਨ੍ਹਾਂ ਰੂਪਾਂ ਦਾ
ਸ਼ੁਦਾਈ ਹੈ
ਜਲ ਦੀ ਸੱਚ ਸੁੰਦਰਤਾ
ਇਨ੍ਹਾਂ ਵਿਚ ਸਮਾਈ ਹੈ

-0-

ਜਲ ਜੋ ਜੰਗਲ ਦੀ ਜਾਨ ਹੈ
ਪ੍ਰਕਿਰਤੀ ਦਾ ਪ੍ਰਾਣ ਹੈ
ਸਮੁੰਦਰੀ ਜਲ
ਸਮੁੰਦਰੀ ਜੀਵ-ਜੰਤੂਆਂ ਦੇ
ਜੀਵਨ ਦਾ ਮੂਲ ਹੈ
ਜਲ ਸੰਗ ਹੀ
ਧਰਤੀ ਦੀ ਕੁੱਖ ਹਰੀ ਹੈ
ਜਲ ਨੇ
ਪੱਥਰਾਂ ਪਹਾੜਾਂ ਸ਼ਹਿਰਾਂ 'ਚ
ਜ਼ਿੰਦਗੀ ਧਰੀ ਹੈ

-0-

ਜਲ ਜਦ ਬਿਹ੍ਹਾ ਮਾਰੀ ਰੁੱਤ ਦਾ
ਕਣੀਆਂ ਸੰਗ ਮੂੰਹ ਧੋਂਦਾ ਹੈ
ਉਸਦੀ ਕੁੱਖ ਚੋਂ
ਜੀਵਨ ਬੀਜ ਪੁੰਗਰ ਆਉਂਦਾ ਹੈ
ਜਲ ਗੰਗਾ ਦਾ ਵਜ਼ੂਦ ਹੈ
ਸਾਰੀ ਦੁਨੀਆਂ ਦੀ ਨਿਰਮਲਤਾ
ਜਲ ਦੇ ਪਿੰਡੇ 'ਚ ਮੌਜੂਦ ਹੈ
ਜਲ ਮਨੁੱਖ ਤੇ ਦੁਨੀਆਂ ਦੇ
ਮਨ ਦਾ ਮੈਲਾ ਧੋਂਦਾ ਹੈ
ਸਭ ਕੁੱਝ ਸ਼ੁੱਧ ਕਰਦਾ ਹੈ
ਸੱਚ ਸੁੰਦਰਤਾ ਤੇ ਕਲਿਆਣ
ਮਨੁੱਖ ਦੀ ਤਲੀ ਤੇ ਧਰਦਾ ਹੈ

-0-

ਜਲ ਦੇ ਰੂਪ
ਜੋ ਕ੍ਰੋਪੀ ਹਨ ਹੰਕਾਰੀ ਹਨ
ਜੋ ਮਨੁੱਖਤਾ ਦੀਆਂ
ਆਸਾਂ ਉਮੀਦਾਂ ਤੇ ਫਿਰਦੇ ਹਨ
ਜਲ ਆਪਣੇ ਕ੍ਰੋਧੀ ਤੇ ਹੰਕਾਰੀ
ਰੂਪ ਦਾ ਵਿਦਰੋਹੀ ਹੈ
ਆਪਣੇ ਇਨ੍ਹਾਂ ਰੂਪਾਂ ਤੋਂ
ਮੁਕਤੀ ਦਾ ਹਾਮੀ ਹੈ
ਆਪਣੇ ਰਸ ਦੇ ਸੱਚ ਦਾ ਬੋਧੀ ਹੈ

-0-

ਜਲ ਨੇ ਆਪਣਾ ਆਪ ਨਿਚੋੜ
ਥਲ ਦਾ ਰੂਪ ਧਾਰਿਆ
ਆਪਣੀ ਹਸਤੀ ਤੇ ਵਿਕਾਰਾਂ ਨੂੰ
ਜ਼ਰਿਆਂ 'ਚ ਉਤਾਰਿਆ
ਆਪਣਾ ਸੱਚ ਪਾਉਣ ਤੋਂ ਪਹਿਲਾਂ
ਜਲ ਕੁਦਰਤ ਦੇ ਪੈਰਾਂ ਦੀ ਮਿੱਟੀ
ਹੋਇਆ
ਖ਼ਾਕ ਹੁੰਦਿਆਂ ਸਾਰ ਹੀ
ਜਲ ਦਾ ਰਸ ਰੂਪ
ਜਲ ਚੋਂ ਪ੍ਰਗਟ ਹੋਇਆ

-0-

ਹਸਤੀ ਰਹਿਤ ਜਲ ਨੇ
ਆਪਣੇ ਮੱਥੇ ਰਸ ਦੀ ਜੋਤ ਜਗਾਈ
ਅਕਾਸ਼ ਸ਼ਬਦ ਕਰਤਾ ਦਾ ਰੂਪ ਹੈ

ਹਵਾ ਦੀ ਗਤੀ ਕਰਤਾ ਦਾ ਸਰੂਪ ਹੈ
ਅੱਗਣ ਦਾ ਤੇਜ਼ ਕਰਤਾ ਦਾ ਵਜੂਦ ਹੈ
ਜਲ ਦੇ ਰਸ 'ਚ ਕਰਤਾ ਖ਼ੁਦ ਮੌਜੂਦ ਹੈ

-0-

ਜਲ ਨੇ
ਜਦ ਰਸ ਰੂਪ ਦਾ ਸੱਚ ਪਾਇਆ
ਆਪਣੀ ਦੇਹ ਦਾ ਅਰਘਾ
ਰਸ ਰੂਪ ਦੇ ਚਰਨੀ ਚੜ੍ਹਾਇਆ
ਆਪਣੇ ਮਨ ਅੰਦਰ ਜਲ ਨੇ
ਰਸ ਪ੍ਰਭੂ ਸਿਮਰ ਧਿਆਇਆ
ਆਪਣਾ ਆਪਾ ਸ਼ੁੱਧ ਕੀਤਾ
ਰਸ ਪ੍ਰਭੂ ਦੇ ਯੋਗ ਬਣਾਇਆ
ਸਿਮਰਨ ਅਭਿਆਸ ਸੰਗ ਜਲ ਨੇ
ਰਸ ਪ੍ਰਭੂ ਨੂੰ
ਆਪਣੀ ਦੇਹ ਚੋਂ ਪ੍ਰਗਟਾਇਆ
ਜਲ ਨੇ ਆਪਣੀ ਦੇਹ ਤੋਂ ਮੁਕਤੀ ਪਾਈ
ਜਲ ਨੂੰ
ਆਪਣੇ ਸ਼ੱਚ ਦੀ ਸੁਰਤੀ ਆਈ

-0-

ਜਲ ਨੇ ਜਦ ਦੇਹ ਤੋਂ ਮੁਕਤੀ ਪਾਈ
ਮੁਕਤੀ ਪ੍ਰਾਪਤੀ ਦੇ
ਅਹਿਸਾਸ ਮੁਥਾਜ਼ੀ ਦੀ ਕਿਰਨ
ਜਲ ਦੇ ਮਨ ਵਿਚ ਰੁਸ਼ਨਾਈ

ਰਸ ਪ੍ਰਾਪਤੀ ਦੀ ਅਹਿਸਾਸ ਮੁਥਾਜ਼ੀ
ਜਲ ਦੇ ਲਹੂ ਹੰਢਾਈ
ਜਲ ਮੁਥਾਜ਼ੀ ਤੋਂ
ਮੁਥਾਜ਼ੀ ਦੇ ਘੇਰੇ ਵਿਚ ਸੀ
ਘੁੰਮਣ ਘੇਰੀਆਂ ਖਾ ਰਿਹਾ
ਮੁਕਤੀ ਤੋਂ ਬਾਅਦ ਵੀ ਜਲ
ਮੁਕਤੀ ਪ੍ਰਾਪਤੀ ਦੇ ਅਹਿਸਾਸ ਦੀ
ਸੀ ਗ਼ੁਲਾਮੀ ਹੰਢਾਅ ਰਿਹਾ

—0—

ਧਰਤੀ ਆਪਣੇ ਵਜ਼ੂਦ ਦੀ
ਮੁਕਤੀ ਤਰੀਕਦੀ ਹੈ
ਆਪਣੀ ਵਿਚਲੀ ਸੁਗੰਧ ਦਾ
ਮੁਖ ਉਡੀਕਦੀ ਹੈ
ਸੁਗੰਧ ਦਾ ਸੱਚ
ਧਰਤੀ
ਆਪਣੇ ਲਹੂ 'ਚ ਜਿਉਂਦੀ ਹੈ
ਮੱਥੇ 'ਚ ਉਲੀਕਦੀ ਹੈ

—0—

ਧਰਤੀ ਆਪਣੀ ਹਰ ਪ੍ਰਵਿਰਤੀ
ਤੇ
ਪ੍ਰਕਿਰਤੀ ਤੋਂ ਸੰਤੁਸ਼ਟ ਹੈ
ਆਪਣੀ ਕਰਨੀ 'ਚ ਆਬਾਦ ਹੈ
ਧਰਤੀ ਹਰ ਜੀਵ ਜੰਤੂ ਦੇ

ਮੁਖ ਦੀ ਮੁਰਾਦ ਹੈ
ਆਪਣੇ ਵਿਹੜੇ ਦੀ ਹਰਿਆਵਲ
ਅੰਨ ਦੀ ਖ਼ੁਸ਼ਬੂ ਹੰਢਾ ਰਹੀ ਹੈ
ਕੱਚੀਆਂ ਕੁੱਲੀਆਂ ਕੋਠਿਆਂ ਤੇ
ਗਲੀਆਂ ਦੇ ਗੀਤ ਗਾ ਰਹੀ ਹੈ

-0-

ਧਰਤੀ ਵਿਹੜੇ ਕੱਚ ਦੀਆਂ ਸੜਕਾਂ
ਸ਼ੀਸ਼ੇ ਦੇ ਸ਼ਹਿਰਾਂ ਦੀ ਰੌਸ਼ਨੀ.
ਚੰਨਾਂ ਸੂਰਜਾਂ ਤਾਰਿਆਂ ਦੀ
ਮਹਿਫ਼ਲ ਸਜਾ ਰਹੀ ਹੈ
ਮੌਸਮਾਂ ਬਹਾਰਾਂ ਰੁੱਤਾਂ
ਫੁੱਲਾਂ ਕਲੀਆਂ ਮਹਿਕਾਂ ਦੇ ਪਿੰਡੇ
ਧਰਤ ਹੰਢਾ ਰਹੀ ਹੈ

-0-

ਛੁੱਪਕੇ ਛੁੱਪਕੇ
ਅੰਬਰ ਨੂੰ ਇਸ਼ਾਰੇ ਕਰਦੀ ਹੈ
ਨਵੀਆਂ ਰੁੱਤਾਂ ਮੌਸਮਾਂ ਬਹਾਰਾਂ ਦੇ ਮੇਵੇ
ਅੰਬਰ ਦੀ ਤਲੀ ਤੇ ਧਰਤੀ ਹੈ
ਅੰਬਰ ਆ ਕੇ ਧਰਤੀ ਦੀ
ਬਹਾਰ ਵੇਖ ਜਾਏ
ਉਸਦੀ ਸੱਚ ਸੁੰਦਰਤਾ
ਕਲਿਆਣ ਹਾਰ ਸ਼ਿੰਗਾਰ ਵੇਖ ਜਾਏ
ਚਸ਼ਮਿਆਂ ਝਰਨਿਆਂ ਦੇ ਗੀਤ
ਅੰਬਰ ਨੂੰ ਪੁਕਾਰ ਰਹੇ ਹਨ

ਧਰਤੀ ਦੇ ਮਸੋਲੇ ਨੈਣ
ਅੰਬਰ ਦਾ ਰਾਹ ਨਿਹਾਰ ਰਹੇ ਹਨ
ਸੂਰਜਾਂ ਦੇ ਕਾਫ਼ਲੇ
ਧਰਤੀ ਤੇ ਉਤਾਰ ਰਹੇ ਹਨ

–0–

ਖ਼ੁਸ਼ਬੂਆਂ ਵਿਚ ਵਸਦੀ
ਧਰਤੀ ਕਈ ਵਾਰ ਅੱਥਰੂ ਕੇਰਦੀ ਹੈ
ਆਪਣੀ ਸੁਗੰਧ ਦੇ ਵਿਯੋਗ ਵਿਚ
ਤੜਪਦੀ ਹੈ
ਸੁਗੰਧ ਦੇ ਦੀਦਾਰ ਨੂੰ ਤਰਸਦੀ ਹੈ
ਧਰਤੀ ਇਕੱਲੀ ਚੁੱਪ ਉਦਾਸ ਰਹਿੰਦੀ ਹੈ
ਚੜ੍ਹੇ ਦਿਨ ਹੀ
ਧਰਤੀ ਦੇ ਦਿਲ ਵਿਚ
ਗ਼ਮਾਂ ਦੀ ਰਾਤ ਪੈਂਦੀ ਹੈ
ਸਾਰੀ ਰਾਤ
ਆਪਣੇ ਹੱਡ ਸੇਕਦੀ ਹੈ
ਅੱਖੀਆਂ ਚੋਂ ਹੰਝੂ ਕੇਰਦੀ ਹੈ

–0–

ਧਰਤੀ ਸੋਚਦੀ ਹੈ
ਆਪਣੇ ਸਕੂਨ ਲਈ
ਕੋਈ ਕਰਮ ਕਰੇ
ਆਪਣੀ ਹਨ੍ਹੇਰੀ ਮਮਤਾ ਮੱਥੇ
ਸੁਗੰਧ ਦਾ ਦੀਪ ਧਰੇ
ਅਕਾਸ਼ ਦਾ ਸ਼ਬਦ

ਕਰਤਾ ਦਾ ਰੂਪ ਹੈ
ਹਵਾ ਦੀ ਗਤੀ
ਕਰਤਾ ਦਾ ਸਰੂਪ ਹੈ
ਅੱਗਣ ਦਾ ਤੇਜ਼
ਕਰਤਾ ਦਾ ਵਜੂਦ ਹੈ
ਜਲ ਦੇ ਰਸ 'ਚ
ਕਰਤਾ ਖ਼ੁਦ ਮੌਜੂਦ ਹੈ
ਧਰਤ ਦੀ ਸੁਗੰਧ
ਕਰਤਾ ਦਾ ਖ਼ਲੂਸ ਹੈ

–0–

ਧਰਤੀ ਚਾਹੁੰਦੀ ਹੈ
ਜਿਉਂਦੇ ਜੀਅ
ਆਪਣੇ ਵਿਚਲੀ ਸੁਗੰਧ ਦਾ
ਦੀਦਾਰ ਕਰੇ
ਸੁਗੰਧ ਦਾ ਦੀਵਾ
ਆਪਣੇ ਮਸਤਕ 'ਚ ਧਰੇ
ਧਰਤੀ
ਆਪਣੀ ਉਤਪੱਤੀ ਰੌਣਕਾਂ ਰੰਗੀਨੀਆਂ
ਮੌਸਮ ਬਹਾਰਾਂ ਰੁੱਤਾਂ ਤਿਆਗ
ਖ਼ਾਕ ਹੋ ਗਈ
ਆਪੇ ਤੋਂ ਦੂਰ ਸੱਚ ਦੇ ਪਾਸ ਹੋ ਗਈ

–0–

ਭੁੱਲ ਗਈ
ਕਿ ਉਹ ਅੰਬਰ ਦੀ ਧੀ ਹੈ

ਉਹ ਤਾਂ ਮਿੱਟੀ ਹੈ
ਬਸ ਮਿੱਟੀ ਦਾ ਜੀਅ ਹੈ
ਧਰਤੀ ਨੇ
ਆਪਣੀ ਸਿਰਜਣਾਤਮਕ
ਹਸਤੀ ਮਿਟਾ ਲਈ
ਤੇ ਸੁਗੰਧ ਦੀ ਜੋਤ
ਆਪਣੇ ਹਿਰਦੇ 'ਚ ਜਗਾ ਲਈ

-0-

ਜੋਤ ਦੇ ਚਾਨਣ 'ਚ
ਧਰਤੀ ਨੂਰੋ ਨੂਰ ਹੋ ਗਈ
ਆਪਣੀ ਸੁਗੰਧ 'ਚ ਸਮਾ ਗਈ
ਧਰਤੀ
ਆਪਣੀ ਦੇਹ ਤੋਂ ਮੁਕਤੀ ਪਾ ਲਈ
ਸੁਗੰਧ ਦਾ ਸੱਚ
ਦਿਲ 'ਚ ਵਸਾ ਗਈ

-0-

ਧਰਤੀ ਨੇ
ਜਦ ਸੁਗੰਧ ਦਾ ਰੂਪ ਧਾਰਿਆ
ਇਸ ਸੁਗੰਧ ਅਹਿਸਾਸ ਦੀ
ਮੁਥਾਜ਼ੀ ਨੂੰ
ਧਰਤੀ ਦੀ ਚੇਤਨਾ
ਧਰਤੀ ਦੇ ਜ਼ਿਹਨ 'ਚ ਉਤਾਰਿਆ
ਧਰਤੀ
ਜਿੱਥੇ ਖਲਕਤ ਤੇ ਖਲਕਤ ਦੀ

ਸਮੱਗਰੀ ਦਾ ਭਾਰ
ਆਪਣੀ ਹਿੱਕ ਤੇ ਸਹਾਰਦੀ
ਸੁਗੰਧ ਮੁਥਾਜ਼ੀ ਦਾ ਅਹਿਸਾਸ ਵੀ
ਆਪਣੇ ਸਾਹੀਂ ਉਤਾਰਦੀ

–0–

ਸ਼ਾਇਦ ਜੰਗਲ ਸਮੁੰਦਰ ਪਹਾੜ
ਸਹਿਰਾ
ਅਕਾਸ਼ ਹਵਾ ਅੱਗਣ ਜਲ ਧਰਤ ਦੀ
ਦੇਹ ਮੁਕਤੀ ਤੇ ਆਤਮਾ ਪ੍ਰਾਪਤੀ
ਮੁਕਤੀ ਦਾ ਪਹਿਲਾ ਪੜਾਅ ਸੀ
ਜਿਸ ਪੜਾਅ 'ਤੇ
ਮੁਕਤੀ ਪ੍ਰਾਪਤੀ ਦੀ ਮੁਥਾਜ਼ੀ ਦਾ
ਦੇਹ 'ਚ
ਅਜੇ ਅਹਿਸਾਸ ਜਿਉਂਦਾ ਸੀ
ਅਹਿਸਾਸ ਚੋਂ ਜਨਮਿਆਂ
ਸੁਤੰਤਰਹੀਣਤਾ ਦਾ ਪਾਸ ਜਿਉਂਦਾ ਸੀ

–0–

ਆਤਮਾ ਤੋਂ ਆਤਮਾ ਦੀ ਮੁਕਤੀ
ਮੁਕਤੀ ਦਾ ਦੂਜਾ ਪੜਾਅ ਹੈ
ਇਸ ਪੜਾਅ ਤੋਂ ਅੱਗੇ
ਮੁਕਤੀ ਪ੍ਰਾਪਤੀ ਦੀ ਮੁਥਾਜ਼ੀ ਦਾ
ਅਹਿਸਾਸ ਨਹੀਂ
ਉਸ ਦਾਤੇ ਦੀ ਦਰਗਾਹ ਹੈ
ਦਰਗਾਹ ਦੀ ਸਰਦਲ ਟੱਪਦੇ ਹੀ

ਆਤਮਾ
ਸਰਗੁਣ ਤੋਂ ਨਿਰਗੁਣ ਰੂਪ
ਵਟਾ ਲੈਂਦੀ ਹੈ
ਆਪਣੀ ਹੋਂਦ ਭੁਲਾ ਜਾਂਦੀ ਹੈ
ਆਪਣੀ ਚੇਤਨਾ ਜਗਿਆਸਾ ਤੋਂ
ਮੁਕਤੀ ਪਾ ਜਾਂਦੀ ਹੈ
ਆਪਣਾ ਸਭ ਕੁੱਝ ਖੋਹ ਜਾਂਦੀ ਹੈ
ਸਿਰਫ਼ ਸ਼ੂਨਯ ਹੋ ਜਾਂਦੀ ਹੈ
ਜਦ ਚੇਤਨਾ ਜ਼ੀਰੋ ਚੇਤਨਾ 'ਚ
ਢਲ ਜਾਂਦੀ ਹੈ
ਹਰ ਅਹਿਸਾਸ ਦੀ ਹੋਂਦ
ਫਿਰ ਮਰ ਜਾਂਦੀ ਹੈ

-0-

ਸ਼ੂਨਯ ਜੋ ਆਤਮ ਦਾ ਸੱਚ ਹੈ
ਉਸਨੂੰ ਪਾ ਜਾਂਦੀ ਹੈ
ਸੱਚ ਜੋ ਬੰਧਨ ਮੁਕਤ
ਮੁਥਾਜ਼ੀ ਰਹਿਤ ਹੈ
ਕਰਤਾ ਪੁਰਖ ਹੈ
ਨਿਰਭੋਉ ਨਿਰਵੈਰ ਹੈ
ਅਕਾਲ ਮੂਰਤਿ
ਆਜੂੰਨੀ ਸੈਭੰ ਹੈ
ਆਦਿ ਸੱਚ ਜੁਗਾਦਿ ਸੱਚ ਹੈ
ਹੈ ਭੀ ਸੱਚ ਹੋਸੀ ਭੀ ਸੱਚ ਹੈ
ਇਹ ਸੱਚ ਅਸਲ ਸੁਤੰਤਰਤਾ ਦੀ ਕੁੱਖ ਹੈ
ਆਪੇ ਬੀਜ ਆਪੇ ਰੁੱਖ ਹੈ

-------

## ਦੁਨੀਆਂ ਤੇ
## ਦੁਨੀਆਂ ਦੀ ਮੁਥਾਜ਼ੀ

ਇਹ ਦੁਨੀਆਂ
ਇਕ ਸਮੁੰਦਰ ਹੈ
ਭਾਂਤ ਭਾਂਤ ਦੇ ਜੀਵ ਜੰਤੂ
ਪਸ਼ੂ ਪੰਛੀ ਤੇ ਮਾਨਵ
ਇਸ ਦੁਨੀਆਂ ਵਿਚ ਰਹਿੰਦੇ ਹਨ
ਲੱਖਾਂ ਰੋਜ਼
ਇਸ ਸਾਗਰ ਵਿਚ ਡੁੱਬਦੇ ਹਨ
ਲੱਖਾਂ ਰੋਜ਼ ਤਰਦੇ ਹਨ
ਲੱਖਾਂ ਤੁਰ ਜਾਂਦੇ ਹਨ ਇੱਥੋਂ
ਲੱਖਾਂ ਆਣ ਠਹਿਰਦੇ ਹਨ

-0-

ਹਰ ਕੋਈ
ਆਪਣੇ ਆਪ 'ਚ ਰੁੱਝਾ
ਪੇਟ ਦੀ ਭੁੱਖ ਮਿਟਾਵਣ ਲਈ
ਦੁਆਲੇ ਕਿਲੇ ਉਸਾਰਦਾ ਹੈ
ਆਪਣਾ ਆਪ ਬਚਾਵਣ ਲਈ
ਮਾਇਆ ਮੋਹ ਵਿਕਾਰਾਂ ਅੱਗੇ
ਹਰ ਕੋਈ ਗੋਡੇ ਟੇਕੇ
ਮਾਇਆ ਦੇ ਸਮੁੰਦਰ ਵਿਚੋਂ
ਆਪਣਾ ਬੇੜਾ ਠੇਲੇ
ਹਰ ਕਿਸੇ ਨੂੰ

ਆਪਣਾ ਬੇੜਾ ਡੁੱਬਦਾ ਨਜ਼ਰੀਂ ਆਂਵੇ
ਕਈ ਤਰ੍ਹਾਂ ਦੇ ਕਰੇ ਬਖੇੜੇ
ਆਪਣਾ ਆਪ ਬਚਾਵੇ

-0-

ਇਸ ਦੁਨੀਆਂ ਦੇ ਸਾਗਰ 'ਚ
ਉੱਠਣ ਤੂਫ਼ਾਨ ਤੇ ਲਹਿਰਾਂ
ਵੱਡੇ ਵੱਡੇ ਵੀ ਤਾਰੂ
ਨਾ ਇਨ੍ਹਾਂ ਅੱਗੇ ਠਹਿਰਣ
ਹਰ ਕੋਈ ਆਪਣਾ ਆਪ ਸਲਾਹੇ
ਸਭ ਆਪਣਾ ਆਪਾ ਮਾਨਣ
ਕਿਸ਼ਤੀ ਸਣੇ ਮਲਾਹ
ਇਸ ਸਾਗਰ ਵਿਚ ਡੁੱਬ ਜਾਵਣ

-0-

ਦੁਨੀਆਂ ਦਾ ਭਵਸਾਗਰ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਨਾਲ ਹੈ ਭਰਿਆ
ਜਿਸ ਪ੍ਰਭੂ ਨਾਮ ਸਿਮਰਿਆ
ਉਹ ਭਵਸਾਗਰ ਹੈ ਤਰਿਆ

-0-

ਜਗਤ ਜ਼ਹਿਰੀਲੇ ਪਾਣੀਆਂ ਦਾ
ਸਾਗਰ ਹੈ
ਇਸ ਚੋਂ
ਜਿਸ ਵੀ ਘੁੱਟ ਹੈ ਭਰਿਆ
ਉਹ ਮੋਹ ਮਾਇਆ ਵਿਚ ਫਸ ਕੇ
ਜਿਉਂਦੇ ਜੀਅ ਹੀ ਮਰਿਆ

-0-

ਵਿਸ਼ੇ ਵਿਕਾਰਾਂ ਦੇ ਚੱਕਰ ਵਿਚ
ਡੂੰਘੀਆਂ ਜੜ੍ਹਾਂ ਵਾਲੇ ਰੁੱਖ ਵੀ
ਧਰਤੀ ਤੇ ਡਿੱਗ ਪੈਂਦੇ
ਪੈਰ ਪੈਰ ਤੇ ਮੌਤ ਤਸੀਹੇ
ਦੁੱਖ ਤਕਲੀਫ਼ਾਂ ਸਹਿੰਦੇ
ਆਪਣੇ ਆਪ ਨੂੰ ਉੱਚਾ ਦੱਸਦੇ
ਦੂਜੇ ਨੂੰ ਨੀਵਾਂ ਕਹਿੰਦੇ

-0-

ਇਸ ਜਗਤ ਵਿਚ ਮਨੁੱਖਤਾ
ਤਿੰਨਾਂ ਵਰਗਾਂ ਵਿਚ ਵੰਡੀ
ਉੱਚ ਵਰਗ ਦੀ
ਹਰ ਸਮੇਂ ਹਰ ਥਾਂ ਤੇ ਹੈ ਝੰਡੀ
ਮੱਧ ਵਰਗ ਦੇ ਲੋਕਾਂ ਦੀ
ਜ਼ਿੰਦਗੀ ਵੰਡੀ ਹੋਈ
ਨੀਵੇਂ ਵਰਗ ਦੇ ਲੋਕਾਂ ਵਿਚ
ਗਰੀਬੀ ਭੁੱਖ ਬੀਮਾਰੀ
ਨਾਲੀ ਦੇ ਕੀੜਿਆਂ ਵਾਂਗੂੰ
ਜਿਨ੍ਹਾਂ ਉਮਰ ਗੁਜ਼ਾਰੀ

-0-

ਕੋਈ ਮਜ਼ਦੂਰ
ਕੋਈ ਭਠਿਆਰਾ
ਕੋਈ ਦਰਜੀ ਕੋਈ ਤੇਲੀ
ਕਈਆਂ ਦੇ ਘਰ ਸੜਕਾਂ ਹਨ
ਕਈ ਵਸਦੇ ਉੱਚ ਹਵੇਲੀ

ਕਈ ਬੈਠੇ ਰਾਜ ਕਰੇਂਦੇ
ਕਈਆਂ ਪੱਲੇ ਬੇਕਾਰੀ
ਰਾਜਨੀਤਕ ਹੋਏ ਰਜਵਾੜੇ
ਹਰ ਥਾਂ ਜਿਨ੍ਹਾਂ ਦੀ ਸਰਦਾਰੀ
ਹਰ ਕੋਈ:
ਮਾਇਆ ਦਾ ਚਾਕਰ ਹੈ
ਪਿਆਰ ਮੁਹੱਬਤ ਰਿਸ਼ਤੇ ਨਾਤੇ
ਸਭ ਦੇ ਸਭ ਬੇਕਾਰੀ

–0–

ਕੋਈ ਕਿਸਾਨੀ
ਕੋਈ ਵਿਓਪਾਰੀ
ਕੋਈ ਅਫ਼ਸਰ
ਕੋਈ ਕਲਰਕ ਕੋਈ ਚਪੜਾਸੀ
ਕਿਸੇ ਪਰੋਸੇ ਪਕਵਾਨ ਥਾਲ ਵਿਚ
ਕੋਈ ਖਾਵੇ ਰੁੱਖੀ ਬਾਸੀ
ਇਸ ਸਾਗਰ ਦੀ ਵੱਡੀ ਮੱਛੀ
ਛੋਟੀ ਨੂੰ ਨਿਗਲੀ ਜਾਂਵੇ
ਪੇਟ ਦੀ ਖ਼ਾਤਰ
ਹਰ ਕੋਈ ਇੱਥੇ ਵੱਖ ਵੱਖ ਰੂਪ ਵਟਾਵੇ

–0–

ਜਗਤ ਸਮੁੰਦਰ
ਅੱਗ ਦਾ ਦਰਿਆ ਹੈ

ਬਲਦੀ ਹੈ ਜਿਸ ਵਿਚ
ਵਿਕਾਰਾਂ ਦੀ ਜਵਾਲਾ
ਮਾਨਵ ਦੀ ਜ਼ਿੰਦਗੀ ਹੈ
ਇਥੇ ਹਾਦਸਿਆਂ ਦਾ ਹਵਾਲਾ
ਜ਼ਿੰਦਗੀ ਦੀ ਹਰ ਰਾਤ ਕੁਲੈਹਣੀ
ਤੇ ਹਰ ਦਿਨ ਹੈ ਕਾਲਾ

-0-

ਅੱਗ ਦਾ ਜਗਤ ਸਮੁੰਦਰ
ਠਾਠਾਂ ਮਾਰ ਰਿਹਾ ਹੈ
ਮੋਹ ਮਾਇਆ ਵਿਚ ਜਕੜੇ
ਜੀਵਾਂ ਨੂੰ ਸਾੜ ਰਿਹਾ ਹੈ
ਜੋ ਜੀਵ
ਆਪਣਾ ਆਪਾ ਪਾ ਲੈਂਦੇ ਹਨ
ਉਹ ਇਸ ਅੱਗ ਤੋਂ
ਆਪਣਾ ਆਪ ਬਚਾਅ ਲੈਂਦੇ ਹਨ

-0-

ਪਲ ਛਿਨ ਦੀ ਤ੍ਰਿਸ਼ਨਾ ਲਈ
ਅੱਗ ਵਿਚ
ਮਾਨਵ ਸੜ ਰਿਹਾ ਹੈ
ਆਪਣਾ ਆਪ
ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾਲ
ਭਰ ਰਿਹਾ ਹੈ
ਰੁੱਖ ਦੀ ਛਾਂ ਜਿਹੀ ਜ਼ਿੰਦਗੀ ਹੈ
ਹਵਾ ਸੰਗ ਡੱਕੇ ਡੋਲੇ ਖਾਵੇ

ਕਦ ਲੱਦੀ ਸੀ ਫੁੱਲਾਂ ਫੱਲਾਂ ਸੰਗ
ਕਦ ਢੇਰੀ ਹੋ ਜਾਵੇ
ਦੁਨੀਆਂ ਦੇ ਸਭ ਪਦਾਰਥ
ਇਕ ਪਲ ਦੀ ਹਸਤੀ
ਥੋਹ ਉੱਗ ਆਇਆ
ਉਸ ਧਰਤੀ ਚੋਂ
ਕੱਲ੍ਹ ਜਿਸ ਥਾਂ ਸੀ ਬਸਤੀ

-0-

ਪ੍ਰਭੂ ਦੀ ਯਾਦ ਹੀ
ਮਾਨਵ ਨੂੰ ਪਾਰ ਲਗਾ ਸਕਦੀ ਹੈ
ਪ੍ਰਭੂ ਸਿਮਰਨ ਸੰਗ
ਜਿਉਂਦੇ ਜੀਅ
ਮੁਕਤੀ ਪਾਈ ਜਾ ਸਕੀ ਹੈ
ਸੰਸਾਰ ਸਾਗਰ ਤੇ ਮਾਨਵ ਵਿਚ
ਪ੍ਰਭ ਸਿਮਰਨ ਦਾ ਇਕ ਪੁਲ ਹੈ
ਜਿਸ ਤੋਂ ਬੰਦਾ ਭਵਸਾਗਰ ਪਾਰ
ਕਰ ਸਕਦਾ ਹੈ
ਵਿਕਾਰ੍ਹਾਂ ਤੋਂ ਮੁਕਤੀ ਪਾ ਸਕਦਾ ਹੈ
ਮੁੱਠ ਵਿਚ ਸੂਰਜ ਫੜ੍ਹ ਸਕਦਾ ਹੈ

-0-

ਇਹ ਦੁਨੀਆਂ
ਇਕ ਜੰਗਲ ਹੈ
ਜਿਸ ਜੰਗਲ ਵਿਚ
ਜੰਗਲੀ ਰਾਜ ਹੈ

ਇਸ ਆਤਮਘਾਤੀ ਜੰਗਲ ਵਿਚ
ਕਾਮ ਦਾ ਵਾਸ ਹੈ
ਇਸ ਜੰਗਲ ਦੀ ਸਮੱਗਰੀ
ਵਾਸ਼ਨਾ ਤੇ ਤ੍ਰਿਸ਼ਨਾ ਦੀ ਰਾਸ ਹੈ
ਜੋ ਮਾਨਵ ਦਾ
ਆਤਮਕ ਜੀਵਨ ਖਾਈ ਜਾਂਦੀ ਹੈ
ਸਿਰ ਤੋਂ ਪੈਰਾਂ ਤੀਕਣ
ਆਦਮ ਭੁਖਮ ਮੁਕਾਈ ਜਾਂਦੀ ਹੈ

-0-

ਜਿਸ ਮਾਨਵ ਸਾਥ ਹਰੀ ਦਾ
ਪਾਇਆ
ਉਸ ਇਸ ਆਤਮਘਾਤੀ
ਜੰਗਲ ਦਾ ਪੈਂਡਾ
ਹੈ ਸਹੀ ਸਲਾਮਤ ਮੁਕਾਇਆ
ਇਸ ਜੰਗਲ ਵਿਚ
ਵਿਸ਼ੇ ਵਿਕਾਰ ਹੰਕਾਰ ਤੇ ਲਾਲਚ
ਨੱਚ ਰਹੇ ਹਨ
ਪਸ਼ੂਆਂ ਦੇ ਮਾਸ ਤੋਂ ਸਸਤਾ
ਮਾਸ ਬੰਦੇ ਦਾ ਵਿਕ ਰਿਹਾ ਹੈ
ਤਖ਼ਤ ਤੇ ਬੈਠਾ ਸ਼ੈਤਾਨ
ਪਰਜਾ ਦੀ ਕਿਸਮਤ ਲਿਖ ਰਿਹਾ ਹੈ

-0-

ਹੇਰਾ-ਫੇਰੀ ਲੁੱਟ-ਖਸੁੱਟ
ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ

ਜਿੰਨਾ ਬਾਹਰੋਂ ਚਿੱਟਾ ਦਿਸਦੈ
ਬੰਦਾ ਓਨਾ ਹੀ ਅੰਦਰੋਂ ਕਾਲਾ ਹੈ
ਮਾਵਾਂ ਧੀਆਂ
ਪੁੱਤਰ ਭਰਾ ਪਿਓ ਦਾਦਾ
ਸਭ
ਇਸ ਜੰਗਲ ਦੀ ਮੰਡੀ ਵਿਚ
ਵਿਕ ਰਹੇ ਹਨ
ਤਿਲਕ ਲਗਾ ਜੋ ਸੱਚੇ ਸੁੱਚੇ
ਦਿੱਸ ਰਹੇ ਹਨ

-0-

ਇਹ ਜੰਗਲ
ਤ੍ਰਿਸ਼ਨਾਂ ਦੀ ਤਪਸ਼ ਦਾ ਘਰ ਹੈ
ਜਿਸਦਾ ਹਰ ਦਰਵਾਜ਼ਾ
ਅੰਦਰ ਵੱਲ ਖੁੱਲ੍ਹਦਾ ਹੈ
ਬਾਹਰ ਨਿਕਲਣ ਦਾ
ਹਰ ਰਾਹ ਬੰਦ ਹੈ
ਕਿਤਿਓਂ ਵੀ ਸੀਤ ਹਵਾ ਦਾ ਬੁੱਲ੍ਹਾ
ਅੰਦਰ ਆ ਨਹੀਂ ਸਕਦਾ
ਇਸ ਹੁੰਮਸ ਵਿਚ
ਆਤਮਕ ਜੀਵਨ
ਆਪਣੀ ਜਾਨ ਬਚਾ ਨਹੀਂ ਸਕਦਾ

-0-

ਇਸ ਜੰਗਲ ਵਿਚ

ਸ਼ੇਰ ਤੋਂ ਬੰਦਾ ਨਹੀਂ ਡਰਦਾ
ਬੰਦੇ ਤੋਂ ਸ਼ੇਰ ਹੈ ਡਰਦਾ
ਹਰਿਆਵਲ ਬਨਵਾਸਣ ਹੋ ਜਾਂਦੀ ਹੈ
ਬੰਦਾ ਜਿਸ ਥਾਂ ਪੈਰ ਹੈ ਧਰਦਾ
ਤ੍ਰਿਸ਼ਨਾ ਲਾਲਚ ਦੀ ਅੱਗ ਅੰਦਰ
ਮਾਨਵ ਜੀਵਨ ਸੜ ਰਿਹਾ ਹੈ
ਮਾਇਆ ਨਗਰੀ ਦੇ ਢਿੱਡ ਅੰਦਰ
ਸਭ ਦਾ ਸੱਚ ਉਤਰ ਰਿਹਾ ਹੈ

–0–

ਮਾਇਆ ਦੇ ਇਸ ਜੰਗਲ ਅੰਦਰ
ਮਾਇਆ ਸ਼ੋਰ ਮਚਾ ਰਹੀ ਹੈ
ਇਸ ਜੰਗਲ ਦਾ ਹਰ ਟਹਿਣੀ ਪੱਤਾ
ਅੱਗਣ ਦੀ ਭੇਂਟ ਚੜ੍ਹਾ ਰਹੀ ਹੈ
ਵਿਸ਼ੇ ਵਾਸ਼ਨਾ ਦੀਆਂ ਹਨ੍ਹੇਰੀਆਂ
ਝੁੱਲ ਰਹੀਆਂ ਹਨ
ਲੋਭ ਦੇ ਝੱਖੜ ਆ ਰਹੇ ਹਨ
ਮਾਨਵਤਾ ਦੀ ਜੜ੍ਹ ਪੁੱਟਦੇ
ਜਾ ਰਹੇ ਹਨ

–0–

ਇਹ ਦੁਨੀਆਂ ਰਣਭੂਮੀ ਹੈ
ਇਕ ਪਾਸੇ
ਕਾਮ ਕ੍ਰੋਧ ਹੰਕਾਰ ਦੀਆਂ ਫੌਜਾਂ ਹਨ
ਦੂਜੇ ਪਾਸੇ
ਸੱਚ ਸੁੰਦਰਤਾ ਕਲਿਆਣ ਦੀਆਂ ਜੋਤਾਂ ਹਨ

–0–

ਇਸ ਦੁਨੀਆਂ ਵਿਚ ਯੁੱਗਾਂ ਤੋਂ
ਰਜਵਾੜੇ ਲੜਦੇ ਆਏ ਹਨ
ਆਪਣੀ ਰਾਜਸੀ ਤਾਕਤ ਖ਼ਾਤਰ
ਵਖ ਸਿਰ ਧੜ ਕਰਦੇ ਆਏ ਹਨ
ਜਿਉਂ ਜਿਉਂ
ਵਿਗਿਆਨ ਨੇ ਉੱਨਤੀ ਕੀਤੀ
ਵਧੇਰੇ ਮਾਰੂ ਹਥਿਆਰ ਬਣੇ ਹਨ
ਧਰਤ 'ਤੇ ਕਬਰਾਂ
ਕਈ ਜਿਉਂਦੇ ਇਨਸਾਨ ਬਣੇ ਹਨ
ਇਨ੍ਹਾਂ ਜੰਗਾਂ ਵਿਚ ਹਥਿਆਰਾਂ
ਮਾਨਵਤਾ ਦੇ ਆਹੂ ਲਾਹੇ ਹਨ
ਜਗਣੋਂ ਪਹਿਲ਼ਾਂ ਹੀ
ਕਈ ਦੀਪ ਬੁਝਾਏ ਹਨ

−0−

ਇਹ ਜੰਗ
ਦੁਨੀਆਂ ਦੀ ਦੌਲਤ ਸੋਨਾ ਚਾਂਦੀ
ਤਾਕਤ ਹਸਤੀ ਦੀ ਹੈ
ਹੰਕਾਰੀ ਤੋਂ ਹੰਕਾਰੀ ਦੀ ਹੈ
ਆਪਣੇ ਪ੍ਰਤਾਪ ਵਿਕਾਰੀ ਦੀ ਹੈ
ਆਪਣੀ ਸਭ ਤੇ ਸਰਦਾਰੀ ਦੀ ਹੈ

−0−

ਆਤਮ ਜਗਤ ਵਿਚ ਵੀ ਜੰਗ ਹੈ
ਕਾਮੀ ਮਾਨਵੀ ਪ੍ਰਵਿਰਤੀਆਂ
ਆਤਮ ਉਤੇ ਰਾਜ ਕਰਨ ਲਈ
ਪ੍ਰਬਲ ਹਨ

ਮੋਹ ਮਾਇਆ ਵਿਚ ਅੰਨ੍ਹੀਆਂ ਹੋਈਆਂ
ਅਮਨ ਉਜਾੜਨ ਲਈ ਸਰਪਟ ਹਨ

–0–

ਅਸਲ ਸੂਰਮੇ ਉਹ ਹਨ
ਜੋ ਲੜਦੇ ਹਨ
ਆਪਣੇ ਮਨ ਨਾਲ ਨੀਤ
ਮਨ ਜਿੱਤਿਆ ਜਿਨ੍ਹਾਂ ਨੇ
ਜਗਤ ਲਿਆ ਉਨ੍ਹਾਂ ਨੇ ਜੀਤ
ਫਿਰ ਜਗਤ ਦਾ ਕੋਈ ਪਦਾਰਥ
ਕੰਡ ਉਨ੍ਹਾਂ ਦੀ ਲਾ ਨਹੀਂ ਸਕਦਾ
ਜ਼ਗ ਦਾ ਮੋਹ
ਉਨ੍ਹਾਂ ਦੇ ਮਨ ਭਰਮਾ ਨਹੀਂ ਸਕਦਾ

–0–

ਤਾਕਤ ਹਕੂਮਤ ਨਸ਼ੇ ਦੇ ਮਾਰੇ ਜਰਵਾਣੇ
ਮਾਨਵਤਾ ਤੇ ਜ਼ੁਲਮ ਜੋ ਕਰਦੇ
ਮਨੁੱਖਤਾ ਨੂੰ ਇਨਸਾਨ ਨਹੀਂ
ਉਹ ਪਸ਼ੂ ਹਨ ਲੱਗਦੇ
ਮੋਹ ਮਾਇਆ ਵਿਚ
ਸੁੱਤੀ ਖ਼ਲਕਤ ਨੂੰ
ਕਾਮੀ ਪ੍ਰਵਿਰਤੀਆਂ ਲਈ ਜਾਣ
ਜਿਨ੍ਹਾਂ ਕਾਮ ਕ੍ਰੋਧ ਮਾਰਿਆ
ਉਹ ਦਰਗਾਹੇ ਪਾਉਂਦੇ ਮਾਣ

–0–

ਜੋ ਸਤਿ ਸੰਗਤ ਦੇ ਕਿਲੇ ਵਿਚ
ਆ ਜਾਂਦੇ ਹਨ
ਉਹ ਮਾਇਆ ਹੱਥੋਂ ਬਚਦੇ ਹਨ
ਜਿਉਂਦੇ ਜੀਅ ਮਰਜੀਵੜੇ ਹੋ ਕੇ
ਮਾਨਵ ਮੁਕਤੀ ਪਾ ਜਾਂਦੇ ਹਨ
ਵਿਸ਼ੇ ਵਿਕਾਰਾਂ ਦੇ ਲਾਲਚ ਨੂੰ
ਆਪਣੀ ਫਤਹਿ ਬੁਲਾ ਜਾਂਦੇ ਹਨ

–0–

ਇਸ ਦੇਹੀ ਦੀ ਸਮਰੱਥਾ ਇੰਨੀ ਹੈ
ਜਿੰਨੀ ਹੈ ਇਕ ਰੁੱਖ ਦੀ ਛਾਂ
ਪਰ ਮਾਇਆ
ਇਸ ਦੇਹ ਨੂੰ ਕਿਲ੍ਹਾ ਬਣਾ ਕੇ
ਵਸਾਇਆ ਹੈ ਵਿਚ ਆਪਣਾ ਗਰਾਂ
ਪ੍ਰਭੂ ਨਾਮ ਦੇ ਧਨ ਨੂੰ
ਮਾਇਆ ਆਪਣੇ ਕਾਬੂ ਕੀਤਾ ਹੈ
ਇਸ ਮਾਇਆ ਨੇ
ਆਤਮ ਉਪਾਧੀ ਦਾ ਲਹੂ ਪੀਤਾ ਹੈ

–0–

ਉਹ ਵੱਡਭਾਗੀ
ਦੇਹ ਦੇ ਕਿਲ੍ਹੇ ਨੂੰ ਫਤਹਿ
ਕਰ ਸਕਦਾ ਹੈ
ਜਿਸਨੇ ਗੁਰ ਦੀ ਰਮਜ਼ ਪਛਾਣੀ
ਉਹ ਹੈ ਰਣਭੂਮੀ ਦਾ ਸੂਰਮਾ

ਜਿਸਨੇ ਉਸਦੀ ਰਜ਼ਾ ਹੈ ਜਾਣੀ
ਹਰੀ ਨਾਮ ਦੇ ਸਿਮਰਨ ਵਿਚ
ਜਿਸਦਾ ਤਨ ਮਨ ਭਿੱਜਿਆ ਹੈ
ਉਸਨੇ ਆਪਾ ਜਿੱਤਿਆ ਹੈ

–0–

ਆਪਣੇ ਆਪ ਨੂੰ ਸਰ ਕਰਨਾ
ਬੜਾ ਕਠਨ ਹੈ
ਜਿਸ ਕੀਤਾ ਸਰ ਆਪਾ
ਉਸਦਾ ਹੀ ਜੀਵਨ ਸਫ਼ਲ ਹੈ
ਹਰ ਮਾਨਵ ਨੂੰ
ਕਾਮ ਕ੍ਰੋਧ ਲੋਭ ਹੰਕਾਰ
ਤਲੀਆਂ ਤੇ ਨਚਾਉਂਦੇ ਹਨ
ਇਨ੍ਹਾਂ ਤੋਂ ਬਚਣ ਲਈ
ਸਾਧ ਸੰਗਤ ਕੰਮ ਆਉਂਦੇ ਹਨ

–0–

ਜਿਸ ਹਿਰਦੇ ਪ੍ਰਭੂ ਨਾਮ ਵਸੇ
ਉਥੋਂ ਪਾਪ ਵਕਾਰ ਸਭ ਦੂਰ ਨਸੇ
ਉਹ ਮਾਨਵ ਹੀ ਜੀਵਨ ਦਾ ਸੱਚ
ਪਾਉਂਦੇ ਹਨ
ਉਹ ਮਾਨਵ ਹੀ ਜਗਤ ਜੇਤੂ
ਅਖਵਾਉਂਦੇ ਹਨ
ਅੱਠੇ ਪਹਿਰ
ਜੋ ਆਪਣਾ ਸਵੈ ਧਿਆਉਂਦੇ ਹਨ

–0–

ਇਸ ਜਗਤ ਰਣਭੂਮੀ ਅੰਦਰ
ਜਗਤ ਦੇ ਸੁੰਦਰ ਮਨਮੋਹਣੇ
ਪਦਾਰਥਾਂ ਰਾਹੀਂ
ਲੋਭ ਹੰਕਾਰ
ਮਾਨਵ ਮਨ ਵਸ ਕਰਦੇ ਹਨ
ਮਨੁੱਖਤਾ ਦੀ ਗਰਦਨ 'ਤੇ
ਆਪਣੀਆਂ ਤਲਵਾਰਾਂ ਧਰਦੇ ਹਨ
ਇਹ ਜੰਗ ਸਦਾ ਹੀ ਲੱਗੀ ਰਹੀ ਹੈ
ਸਦਾ ਹੀ ਲੱਗੀ ਰਹਿਣੀ ਹੈ
ਇਹ ਜੰਗ
ਦੁਨੀਆਂ ਦੀ ਤੱਕਣੀ ਬੋਲਣੀ
ਤੇ ਉੱਠਣੀ ਬਹਿਣੀ ਹੈ

-0-

ਗੁਰੂ ਕ੍ਰਿਪਾ ਸੰਗ
ਜੋ ਮਾਨਵ ਹਿਰਦੇ ਨਾਮ ਧਿਆਉਂਦਾ ਹੈ
ਉਹ ਨਰ
ਇਸ ਆਤਮ ਜੰਗ ਦਾ ਜੇਤੂ
ਅਖਵਾਉਂਦਾ ਹੈ
ਪ੍ਰਭੂ ਸਿਮਰਨ
ਇਕ ਅਜਿਹੀ ਤਲਵਾਰ ਹੈ
ਸੰਸਾਰਕ ਜੀਵਨ ਚੋਂ ਜਿਸ ਨਾਲ
ਕੁਟਿਲਤਾ ਕੱਟੀ ਜਾ ਸਕਦੀ ਹੈ
ਨਾਮ ਸਿਮਰਨ ਸੰਗ

ਭਟਕਣਾ ਕਾਮ ਕ੍ਰੋਧ ਤੇ ਨਿੰਦਾ
ਮਾਨਵ ਚੋਂ ਨਿਚੋੜੀ ਜਾ ਸਕਦੀ ਹੈ

-0-

ਪ੍ਰਭੂ ਭਗਤੀ ਦੇ ਤੀਰ ਨਾਲ
ਪੰਜ ਵੈਰੀ ਵਿੰਨ੍ਹੇ ਜਾ ਸਕਦੇ ਹਨ
ਸੱਚ ਸੁੰਦਰਤਾ ਕਲਿਆਣ
ਤੇ ਸੁਖਚੈਨ ਦੇ ਦਰਿਆ
ਬਹਾਏ ਜਾ ਸਕਦੇ ਹਨ
ਸੂਰਮਾ ਉਹ ਹੈ
ਜੋ ਮੈਦਾਨ ਨਾ ਛੋੜੇ
ਕਤਰਾ ਕਤਰਾ ਰੱਤ ਦਾ
ਜੰਗ ਦੇ ਵਿਚ ਨਿਚੋੜੇ

-0-

ਸੂਰਮਾ ਗਰੀਬਾਂ ਮਜ਼ਲੂਮਾਂ ਦੀ
ਜਦ ਬਾਂਹ ਫੜਦਾ ਹੈ
ਚਾਂਦਨੀ ਚੌਂਕ 'ਚ ਕਟ ਮਰਦਾ ਹੈ
ਜਿਸ ਮਾਨਵ
ਗੁਰੂ ਕ੍ਰਿਪਾ ਸੰਗ
ਗਿਆਨ ਸ਼ਮਾਂ ਨੂੰ
ਪ੍ਰੇਮ ਪਲੀਤਾ ਲਾਇਆ ਹੈ
ਸਾਧ ਸੰਗਤ ਦੀ ਫੌਜ ਦਾ
ਆਸਰਾ ਲੈ ਕੇ
ਕੀਤੀ ਧਰਮ ਚੜ੍ਹਾਈ ਹੈ
ਉਸ ਮਾਨਵ ਹੀ

ਇਸ ਨਗਰੀ ਦੀ ਦੇਹ 'ਤੇ
ਫਤਹਿ ਪਾਈ ਹੈ

-0-

ਇਹ ਜਗਤ ਹੈ
ਇਕ ਫੁੱਲਵਾੜੀ
ਇਸ ਫੁੱਲਵਾੜੀ ਵਿਚ
ਵੱਖ ਵੱਖ ਰੰਗਾਂ ਦੇ ਫੁੱਲ ਕਲੀਆਂ
ਬੂਟੇ ਹਨ
ਵੱਖ ਵੱਖ ਰੰਗਾਂ ਤੇ ਨਸਲਾਂ ਦੇ
ਪੰਸ਼ੂ ਪੰਛੀ ਹਨ
ਵੱਖਰੇ ਵੱਖਰੇ ਮਾਨਵ
ਵੱਖਰੀ ਵੱਖਰੀ ਬਸਤੀ ਹੈ
ਹਰ ਇਕ ਦੀ
ਆਪਣੀ ਆਪਣੀ ਹਸਤੀ ਹੈ
ਵੱਖ ਵੱਖ ਬੋਲੀਆਂ ਰਸਮ ਰਿਵਾਜ਼ਾਂ
ਵੱਖ ਵੱਖ ਕਿਸਮ ਦੇ ਖ਼ਿਆਲਾਂ ਸੰਗ
ਇਹ ਫੁੱਲਵਾੜੀ ਅਬਾਦ ਹੈ
ਦਾਤੇ ਦੀ ਜੋ ਇਹ ਸੁਗ਼ਾਤ ਹੈ

-0-

ਇਹ ਫੁੱਲਵਾੜੀ ਜੰਗਲ ਵਾਂਗ
ਆਪ ਮੁਹਾਰੇ ਉੱਗ ਆਈ
ਬਨਸਪਤੀ ਤੋਂ ਵੱਖਰੀ ਹੈ

ਇਸਦੇ ਬੂਟੇ ਬੜੇ ਨਾਜ਼ੁਕ
ਤੇ ਸੋਹਲ ਹਨ
ਇਨ੍ਹਾਂ ਦੇ ਪਾਲਣ ਪੋਸ਼ਣ ਲਈ
ਮਾਲਕ ਮਾਲੀ ਦੀ ਲੋੜ ਹੈ
ਇਸ ਫੁੱਲਵਾੜੀ ਨੂੰ
ਸਮੇਂ ਸਮੇਂ ਗੁੱਡਣਾ ਪੈਂਦਾ ਹੈ
ਫਾਲਤੂ ਹਾਨੀਕਾਰਕ ਘਾਹ ਬੂਟ
ਪੁੱਟਣਾ ਪੈਂਦਾ ਹੈ

-0-

ਇਸ ਫੁੱਲਵਾੜੀ ਦੇ
ਜੀਵ-ਜੰਤੂਆਂ ਦਾ ਸਿਰਜਣਹਾਰਾ
ਇਸਦਾ ਮਾਲੀ ਹੈ
ਜੋ ਸਭਨਾਂ ਦਾ ਧਿਆਨ
ਸੰਭਾਲ ਹੈ ਕਰਦਾ
ਹਰ ਇਕ ਫੁੱਲ ਬੂਟੇ ਦੀ
ਆਪਣੀ ਮਹਿਕ ਹੈ
ਆਪਣਾ ਸੁਭਾਅ ਹੈ
ਹਰ ਇਕ ਦੀ ਜੀਵਨ ਗਤੀ ਦਾ
ਆਪਣਾ ਰਾਹ ਹੈ

-0-

ਇਸ ਸੁੰਦਰ ਧਰਤੀ 'ਤੇ
ਵਿਸ਼ੇ ਵਿਕਾਰਾਂ ਦਾ ਜ਼ਹਿਰੀਲਾ
ਬਾਗ਼ ਵੀ ਹੈ
ਸੁਰ ਦੀ ਥਾਂ ਸ਼ੋਰ ਵੀ ਹੈ

ਮੌਸਮ ਰੁੱਤਾਂ ਬਹਾਰਾਂ ਦੀ ਥਾਂ
ਪਤਝੱੜ ਵੀਰਾਨੀ ਉਜਾੜ ਵੀ ਹੈ
ਦੁਨੀਆਂ ਦੀ
ਇਸ ਫੁੱਲਵਾੜੀ ਦਾ
ਚੰਗਾ ਮਾੜਾ ਆਰ ਵੀ ਹੈ
ਪਾਰ ਵੀ ਹੈ

-0-

ਪਰ ਜੋ ਮਾਨਵ
ਗੁਰੂ ਦੇ ਰਾਹ ਤੇ ਤੁਰਦਾ ਹੈ
ਲੋਭ ਹੰਕਾਰ
ਉਸ ਮਾਨਵ ਨੂੰ ਪੋਹ ਨਹੀਂ ਸਕਦੇ
ਹੋਣ ਕਿੰਨੇ ਵੀ ਸ਼ਕਤੀਸ਼ਾਲੀ
ਉਸਦਾ ਕੁੱਝ ਵੀ ਖੋਹ ਨਹੀਂ ਸਕਦੇ

-0-

ਇਸ ਫੁੱਲਵਾੜੀ ਵਿਚ ਔਰਤ
ਫੁੱਲਵਾੜੀ ਦਾ ਸੁੰਦਰ ਤੇ ਅਣਮੁੱਲਾ
ਫੁੱਲ ਹੈ
ਬੰਦਾ ਇਸ ਫੁੱਲਵਾੜੀ ਦਾ ਰੰਗ ਹੈ
ਫੁੱਲ-ਸੁਗੰਧੀਆਂ ਕਲੀਆਂ ਹਰਿਆਵਲ
ਧੀਆਂ ਪੁੱਤਰ ਭੈਣ ਭਰਾ ਹਨ
ਮੌਸਮ ਰੁੱਤਾਂ ਤੇ ਬਹਾਰਾਂ
ਰਿਸ਼ਤੇਦਾਰ ਮਿੱਤਰ ਮਲਾਹ ਹਨ
ਰੰਗ ਬਰੰਗੀ ਇਸ ਫੁੱਲਵਾੜੀ ਦੀ
ਹਰ ਕਲੀ ਹਰ ਫੁੱਲ ਵੱਖਰਾ ਹੈ

ਤਕਸੀਮ ਵਿਚ ਹੀ
ਇਸ ਫੁੱਲਵਾੜੀ ਦੀ ਜਮ੍ਹਾਂ ਹੈ
ਇਕ ਇਕਾਈ ਇਕ ਸਮਾਂ ਹੈ

-0-

ਇਹ ਦੁਨੀਆਂ
ਇਕ ਰੰਗ ਮੰਚ ਹੈ
ਜਨਮ ਮਰਨ ਦੀ ਉਮਰ ਤੱਕ ਦਾ
ਜੀਵਨ ਨਾਟਕ ਹੈ
ਇਸ ਵਿਚ ਵੱਖ ਵੱਖ ਝਾਕੀਆਂ
ਆਉਂਦੀਆਂ ਹਨ
ਬਾਲ਼ ਅਵੱਸਥਾ ਖੇਡਾਂ ਹਾਸੇ ਹੰਝੂ
ਮਮਤਾ ਦਾ ਦਿਲ ਭਰਮਾਉਂਦੀਆਂ ਹਨ
ਬਾਪੂ ਦੀ ਅੱਖ ਚੋਂ
ਭਵਿੱਖ ਦਾ ਸੁਫ਼ਨਾ ਸੱਚਾ ਨਜ਼ਰੀਂ
ਆਉਂਦਾ ਹੈ
ਮਾਂ ਬਾਪ ਦੀ ਛਾਂ ਹੇਠਾਂ
ਜੀਵ ਜੋ ਚਾਹੁੰਦਾ ਹੈ ਪਾਉਂਦਾ ਹੈ

-0-

ਵਿਹੜੇ ਵਿਚ
ਬੱਚਿਆਂ ਦੀਆਂ ਕਿਲਕਾਰੀਆਂ
ਜੀਵਨ ਰਾਸ ਰਚਾਉਂਦੀਆਂ ਹਨ
ਇਕ ਦੀਵੇ ਦੇ ਪਿੰਡੇ ਚੋਂ
ਸੂਰਜ ਨਜ਼ਰੀਂ ਆਉਂਦਾ ਹੈ

ਜਦ ਬਚਪਣ ਮੁਸਕਾਉਂਦਾ ਹੈ
ਜੀਵਨ ਕਬਰਾਂ ਚੋਂ ਪੁੰਗਰ ਆਉਂਦਾ ਹੈ

-0-

ਰਤਾ ਸਿਆਣੀ ਉਮਰੇ
ਬਚਪਣ ਮਦਰੱਸੇ ਮੰਦਰੀਂ ਜਾਂਦਾ ਹੈ
ਤੋਤਲੇ ਸ਼ਬਦਾਂ ਦਾ
ਰੰਗ ਰੂਪ ਬਦਲਦਾ ਹੈ
ਨਿੱਕੇ ਨਿੱਕੇ ਪੈਰੀਂ
ਮਜ਼ਿਲਾਂ ਜਨਮਦੀਆਂ ਹਨ
ਡੋਡੀਆਂ ਖਿੜਕੇ
ਫੁੱਲ ਹੁੰਦੀਆਂ ਲਗਦੀਆਂ ਹਨ

-0-

ਜਦ ਬੱਚਾ ਫੱਟੀ ਉੱਤੇ
ਮਾਂ ਦਾ ਸ਼ਬਦ ਉੱਕਰਦਾ ਹੈ
ਮਾਂ ਸ਼ਬਦ ਦਾ ਅਰਥ
ਕੁੱਲ ਬ੍ਰਹਿਮੰਡ ਅੰਦਰ ਬਿਖ਼ਰਦਾ ਹੈ
ਬਾਲ ਉਮਰ ਵਿਚ
ਬਾਲ ਉਮਰ ਦੇ ਝੋਜ ਨਿਆਰੇ ਹਨ
ਜਿਉਂ ਧਰਤੀ ਤੇ ਖੇਤਾਂ ਵਿਚ
ਉੱਗੇ ਚੰਨ ਸਿਤਾਰੇ ਹਨ

-0-

ਭਰੀ ਜਵਾਨੀ ਵਿਚ
ਬੰਦਾ ਦਰਿਆ ਅੱਗ ਦਾ ਤਰਦਾ ਹੈ
ਛਾਵਾਂ 'ਚ ਉਬਲਦਾ ਹੈ
ਧੁੱਪਾਂ ਦੇ ਵਿਚ ਠਰਦਾ ਹੈ

ਧਰਤੀ ਪੈਰ ਨਾ ਲਾਉਂਦਾ ਹੈ
ਮੁੱਠੀਂ ਅੰਬਰ ਫੜਦਾ ਹੈ
ਅੰਗਿਆਰਾਂ ਦੀ ਉਮਰੇ
ਬੰਦਾ ਸੂਰਜ ਵਾਂਗੂੰ ਬਲਦਾ ਹੈ
ਦਾਵਾਨਲ ਭਾਂਬੜ ਲੱਗਦਾ ਹੈ

-0-

ਫਿਰ ਵਿਆਹ ਤੇ ਗ੍ਰਹਿਸਤ
ਥਾਂ ਥਾਂ ਚੋਗਾ ਚੁਗਦਾ ਹੈ
ਸੂਰਜ ਚੜ੍ਹੇ ਘਰੋਂ ਨਿਕਲਦਾ
ਸੂਰਜ ਢਲੇ ਪਰਤਦਾ ਹੈ
ਜੀਵਨ ਦੇ ਕਈ ਰੰਗ
ਦੁਨੀਆਂ ਦੀ ਫੁੱਲਵਾੜੀ
ਬੰਦੇ ਨੂੰ ਵਿਖਾਉਂਦੀ ਹੈ
ਕਦੀ ਦੁੱਖਾਂ ਦੀਆਂ ਔੜਾਂ
ਕਦੀ ਸੁਖਾਂ ਦੇ ਮੀਂਹ ਬਰਸਾਉਂਦੀ ਹੈ

-0-

ਧੁੱਪਾਂ ਛਾਵਾਂ ਦੁਖਾਂ ਸੁੱਖਾਂ ਦੇ
ਮਾਨਵ ਪੜਾਅ ਹੰਢਾਉਂਦਾ ਹੈ
ਬਚਪਨ ਜੁਆਨੀ
ਗ੍ਰਹਿਸਤ ਚੋਂ ਲੰਘ ਕੇ
ਬੰਦਾ ਵਿਚ ਬੁੱਢਾਪੇ ਆਉਂਦਾ ਹੈ
ਇਸ ਉਮਰ ਤੱਕ
ਜੀਵਨ ਦੇ ਸਾਰੇ ਮੌਸਮ
ਬਹਾਰਾਂ ਖ਼ੁਸ਼ਬੂਆਂ ਰੁੱਤਾਂ

ਮਾਨਵ ਹੰਢਾ ਲੈਂਦਾ ਹੈ
ਜੀਵਨ ਵਿਚ
ਕੀ ਖੱਟਿਆ ਤੇ ਕੀ ਗੁਆਇਆ
ਸਭ ਦਾ ਸੱਚ ਪਾ ਲੈਂਦਾ ਹੈ

–0–

ਬੁੱਢਾਪਾ
ਜੀਵਨ ਫੁੱਲਵਾੜੀ ਦੀ
ਉਹ ਪਤਝੱੜ ਹੈ
ਜਿਸਨੇ ਜਨਮ ਮਰਨ ਵਿਚਲੇ ਰੁੱਖ ਦੀ
ਹਰ ਟਹਿਣੀ ਹਰ ਪੱਤਾ
ਸੁੱਕਣੇ ਪਾ ਜਾਣਾ ਹੈ
ਪੁਰਾਣਿਆਂ ਪੱਤਰਾਂ ਝੱੜ ਜਾਣਾ ਹੈ
ਨਵੀਆਂ ਪੁੰਗਰਾਂ ਆ ਜਾਣਾ ਹੈ

–0–

ਇਸ ਜੀਵਨ ਰੰਗ ਮੰਚ ਤੇ
ਜੀਵ ਤੇ ਪ੍ਰਭੂ ਮਿਲਣ ਦੀ ਅਜ਼ਬ ਕਹਾਣੀ ਹੈ
ਸੰਸਾਰ ਜਿੱਡੀ ਹੀ ਇਕ ਕਥਾ ਪੁਰਾਣੀ ਹੈ
ਕੁਝ ਮਾਨਵ
ਜਿਉਂਦੇ ਜੀਅ ਮਰਜੀਵੜੇ ਰਹਿ ਕੇ
ਜੀਵਨ ਮੁਕਤੀ ਪਾ ਲੈਂਦੇ ਹਨ
ਜੀਵਨ ਦਾ ਸੱਚ ਸਮਝ ਲੈਂਦੇ ਹਨ
ਆਪਣਾ ਸੱਚ ਸਮਝਾ ਲੈਂਦੇ ਹਨ
ਜਿਉਂਦੇ ਜੀਅ ਆਪਣਾ ਸੱਚ ਪਾ ਕੇ
ਜੂਨੀ ਚੱਕਰ ਮੁਕਾ ਲੈਂਦੇ ਹਨ

ਕੁੱਝ ਮਾਇਆ ਮੋਹ ਲਾਲਚ ਕਰਕੇ
ਜੀਵਨ ਵਿਅੱਰਥ ਗੁਆ ਲੈਂਦੇ ਹਨ
ਜੰਨਮ ਮਰਨ ਦੀ
ਗਲ ਵਿਚ ਫਾਹੀ ਪਾ ਲੈਂਦੇ ਹਨ

-0-

ਇਸ ਜੀਵਨ ਮੰਚ ਦਾ ਇਤਿਹਾਸ
ਧਰਤੀ 'ਤੇ
ਧਰਤੀ ਜੇਡ ਪੁਰਾਣਾ ਹੈ
ਰੰਗ ਮੰਚ ਤੇ ਹਰ ਜੀਵ
ਆਪਣੇ ਆਪਣੇ ਹਿੱਸੇ ਦਾ
ਆਦਿ ਤੋਂ ਨਾਟਕ ਕਰ ਰਿਹਾ ਹੈ
ਕੋਈ ਜਨਮ ਰਿਹਾ
ਕੋਈ ਮਰ ਰਿਹਾ ਹੈ
ਕੋਈ ਆਪਣਾ ਸਫ਼ਰ ਮੁਕਾ ਬੈਠਾ ਹੈ
ਕੋਈ ਸਫ਼ਰ ਆਰੰਭ ਕਰ ਰਿਹਾ ਹੈ
ਹਰ ਜੀਵ ਇਸ ਰੰਗ ਮੰਚ 'ਤੇ
ਆਪਣਾ ਆਪਣਾ ਪਾਰਟ ਅਦਾ ਕਰ
ਰਿਹਾ ਹੈ

-0-

ਕੋਈ ਲਾਲਚ ਕ੍ਰੋਧ ਹੰਕਾਰ ਦੀ
ਖ਼ਾਤਰ ਲੜ ਰਿਹਾ ਹੈ
ਕੋਈ ਇਨ੍ਹਾਂ ਦੇ ਰੰਗਾਂ ਵਿਚ ਰੰਗਿਆ
ਜੀਵਨ ਪੂਰਾ ਕਰ ਰਿਹਾ ਹੈ

ਪਰ ਜੋ
ਆਪਣੇ ਆਪ ਤੇ ਫ਼ਤਹਿ ਹੈ ਪਾਉਂਦਾ
ਉਹ ਜੀਵਨ ਦਾ ਹੈ
ਨਾਇਕ ਅਖਵਾਉਂਦਾ

-0-

ਇਹ ਦੁਨੀਆਂ ਹਾਉਮੈ ਦਾ ਘਰ ਹੈ
ਹਾਉਮੈ ਰੋਗ
ਜਿਸ ਮਾਨਵ ਨੂੰ ਵੀ ਲੱਗਾ ਹੈ
ਉਸ ਮਾਨਵ ਨੂੰ ਖਾ ਗਿਆ ਹੈ
ਉਸ ਦਾ ਆਦਿ ਅੰਤ
ਅੰਸ਼ ਮੁਕਾ ਗਿਆ ਹੈ
ਜੋ ਇਸ ਰੋਗ ਦਾ ਰੋਗੀ ਹੈ
ਗੱਲ ਗੱਲ ਉੱਤੇ
ਉਹ ਦੁੱਖਾਂ ਦਾ ਭੋਗੀ ਹੈ
ਹੰਕਾਰੀ ਦੂਜੇ ਨੂੰ ਮਾੜਾ ਸਮਝੇ
ਆਪਣੇ ਆਪ ਨੂੰ ਚੰਗਾ
ਦੂਜੇ ਤਾਈਂ ਝੂਠਾ ਆਖੇ
ਆਪਣੇ ਆਪ ਨੂੰ ਸੱਚਾ

-0-

ਹੰਕਾਰੀ
ਆਪਣੇ ਸਤਿਕਾਰ ਲਈ ਜਿਉਂਦਾ ਹੈ
ਦੂਜੇ ਨੂੰ ਬੇਇੱਜ਼ਤ ਕਰਦਾ ਹੈ
ਆਪਣੇ ਘਰ ਵਿਚ ਸੂਰਜ ਬਾਲੇ

ਦੂਜਿਆਂ ਘਰੀਂ ਹਨ੍ਹੇਰੇ ਕਰਦਾ ਹੈ
ਕਦਮ ਕਦਮ ਤੇ ਈਰਖ਼ਾ ਨਿੰਦਾ
ਹੰਕਾਰੀ ਨੂੰ ਡੰਗਣ
ਕਾਮ ਕ੍ਰੋਧ ਹੰਕਾਰ
ਆਪਣੇ ਰੰਗ 'ਚ ਰੰਗਣ

-0-

ਹੰਕਾਰ ਰੋਗ ਹੈ ਵਿੱਥਾਂ ਪਾਉਂਦਾ
ਰੱਬ ਤੇ ਖਲਕਤ ਵਲੋਂ
ਹੰਕਾਰੀ ਸੜਦਾ ਰਹਿੰਦਾ ਹੈ
ਹਰ ਵੇਲੇ ਹਰ ਗੱਲੋਂ
ਹੰਕਾਰੀ ਆਪਣੇ ਆਪ ਨੂੰ
ਵਿਦਵਾਨ ਸਿਆਣਾ ਜਾਣੇ
ਸਾਰੀ ਦੁਨੀਆਂ ਹੈ ਮੂਰਖ਼
ਹੰਕਾਰੀ ਦੇ ਭਾਣੇ

-0-

ਮਾਇਆ ਦੇ ਹੰਕਾਰ 'ਚ ਹੰਕਾਰੀ ਲਈ
ਹਰ ਕੋਈ ਹੈ ਬੇਗ਼ਾਨਾ
ਉਹ ਹੈ ਸਾਰੇ ਜਗਤ ਦਾ ਮਾਲਕ
ਉਸਦਾ ਨੌਕਰ ਸਭ ਜ਼ਮਾਨਾਂ
ਕੌਣ ਹੈ ਇਸ ਦੁਨੀਆਂ ਅੰਦਰ
ਜੋ ਉਸਦਾ ਹਾਣੀ ਹੋਵੇ
ਇਸ ਧਰਤੀ ਤੇ ਅੰਬਰ ਤੇ
ਉਸ ਸਾਹਵੇਂ ਆਣ ਖਲੋਵੇ

-0-

ਹੰਕਾਰੀ ਮੂਰਖ਼ ਇਹ ਨਾ ਜਾਣੇ
ਉਸ ਜਿਹੇ ਲੱਖਾਂ ਆਏ ਤੇ ਗਏ
ਮਰ ਕੇ ਹਰ ਕੋਈ ਕਬਰ ਹੰਢਾਵੇ
ਹੰਕਾਰੀ ਜਿਉਂਦੇ ਕਬਰੀਂ ਪਏ

-0-

ਭਾਂਡਾ ਤੇਲ ਘਿਓ ਸੰਗ ਭਰਿਆ
ਅੰਤ ਥਿੰਧਾ ਹੋ ਜਾਏ
ਤਿਲਕ ਜਾਏ ਹੱਥਾਂ ਵਿਚ ਫੜਿਆਂ
ਹੱਥੀਂ ਨਾ ਆਏ
ਭਾਂਡੇ ਦੀ ਇਹ ਥਿੰਧਿਆਈ
ਧੋਣ ਨਾਲ ਨਾ ਜਾਏ
ਸਵਾਹ ਨਾਲ ਕੂਚਿਆ ਭਾਂਡਾ
ਥਿੰਧਿਆਈਉਂ ਮੁਕਤ ਹੋ ਜਾਏ

-0-

ਜਿੰਨਾਂ ਚਿਰ ਮਨੁੱਖੀ ਮਨ ਉਤੇ
ਹਾਉਮੈ ਦੀ ਥਿੰਧਿਆਈ
ਸੇਵਾ ਦਯਾ ਤਿਆਗ਼ ਮੁਹੱਬਤ
ਨਾ ਉਸਦੇ ਹਿਰਦ ਸਮਾਈ
ਪ੍ਰਭੂ ਸਿਮਰਨ ਮਨ ਨੂੰ ਮਾਂਝੇ
ਤਾਂ ਹਾਉਮੈ ਮੁਕਤੀ ਪਾਈ

-0-

ਹਾਉਮੈ ਦੀ ਫਾਹੀ ਵਿਚ ਫਸਕੇ
ਮਨੁੱਖ ਦੀ ਸਦਾ ਖ਼ੁਆਰੀ
ਹਾਉਮੈ ਚਾਹੇ ਵਿਦਿਆ ਧਨ
ਹੁਸਨ ਦੀ ਹੋਵੇ

ਚਾਹੇ ਆਪੇ ਦੀ ਸਰਦਾਰੀ
ਫਾਹੀ ਸਦਾ ਫਾਹੀ ਰਹਿੰਦੀ ਹੈ
ਚਾਹੇ ਲੋਹੇ ਦੀ ਹੈ
ਚਾਹੇ ਰੇਸ਼ਮ ਦੀ ਹੈ ਫਾਹੀ
ਹਾਉਮੈ ਵਿਚ ਭਟਕਦੇ ਮਨ ਨੂੰ
ਸਾਧ ਸੰਗਤ ਵਿਚ
ਸਮਝ ਸੱਚ ਦੀ ਆਵੇ
ਸਾਧ ਸੰਗਤ ਸੰਗ ਜੁੜਿਆ ਮਨ
ਬ੍ਰਹਮ ਜੋਤ ਹੋ ਜਾਵੇ

-0-

ਮੈਂ ਸਭ ਤੋਂ ਉੱਚਾ ਹਾਂ
ਇਹ ਭਿਆਨਕ ਮਾਨਸਿਕ
ਹਾਉਮੈ ਰੋਗ ਦਸ਼ਾ ਹੈ
ਇਸ ਹਾਉਮੈ ਦੀ ਖ਼ਾਤਰ ਮਾਨਵ
ਆਪਣੇ ਅਜ਼ੀਜ਼ਾਂ ਨੂੰ ਵੀ
ਸੂਲ਼ੀ ਟੰਗ ਦਿੰਦਾ ਹੈ
ਸਭਨਾਂ ਦੇ ਲਈ ਦੁੱਖ ਜਨਮਦਾ
ਆਪ ਸਦਾ ਦੁੱਖੀ ਰਹਿੰਦਾ ਹੈ
ਗੁਰੂ ਕ੍ਰਿਪਾ ਸੰਗ ਮਾਨਵ
ਹਾਉਮੈ ਤੋਂ ਮੁਕਤੀ ਪਾ ਸਕਦਾ ਹੈ
ਦੂਜਿਆਂ ਦੇ ਹਨ੍ਹੇਰਿਆਂ ਖ਼ਾਤਰ
ਆਪਣਾ ਆਪ ਜਗਾ ਸਕਦਾ ਹੈ

-0-

ਹਕੂਮਤ ਦੇ ਹੰਕਾਰ 'ਚ ਬੰਦਾ
ਬੰਦੇ ਨੂੰ ਬੰਦਾ ਨਾ ਸਮਝੇ
ਉਹ ਕਰਦਾ ਹੈ ਜੋ ਉਹ ਚਾਹੇ
ਦੂਜੇ ਦਾ ਨਾ ਸੱਚ ਪਛਾਣੇ
ਹਾਉਮੈ ਦੇ ਵਿਚ ਘਿਰਿਆ ਬੰਦਾ
ਆਣਮਨੁੱਖੀ ਕੰਮ ਕਰਦਾ ਹੈ
ਆਪਣਾ ਆਪ ਨਿਰਦੋਸ਼ੀ ਕਹਿ ਕੇ
ਹੋਰ ਨੂੰ ਦੋਸ਼ੀ ਦੱਸਦਾ ਹੈ

-0-

ਹਾਉਮੈ ਦੀ ਮੌਜ ਬਹਾਰ
ਛੱਡਣ ਲਈ
ਮਾਨਵ ਦਾ ਮਨ ਨਹੀਂ ਕਰਦਾ
ਨਾਜ਼ੁਕ ਜਿੰਦਾਂ ਕਲੀਆਂ ਜਿਹੀਆਂ
ਨੀਂਹਾਂ ਵਿਚ ਚਿਣਵਾ ਦਿੰਦਾ ਹੈ
ਬੇਗੁਨਾਹਾਂ ਦੀਆਂ ਖੋਪਰੀਆਂ
ਲੁਹਾ ਦਿੰਦਾ ਹੈ
ਪੁਰਜ਼ਾ ਪੁਰਜ਼ਾ ਕਟਵਾ ਦਿੰਦਾ ਹੈ
ਆਰਿਆਂ ਨਾਲ ਚਿਰਵਾ ਦਿੰਦਾ ਹੈ
ਆਪਣੀ ਹਾਉਮੈ ਨੂੰ ਪੱਠੇ
ਪਾਉਣ ਦੀ ਖ਼ਾਤਰ
ਸੱਚ ਨੂੰ ਫਾਂਸੀ ਲਾ ਦਿੰਦਾ ਹੈ

-0-

ਹਾਉਮੈ ਦੇ ਹੁਲਾਸ 'ਚ ਆਇਆ ਬੰਦਾ
ਆਤਮ ਮੌਤੇ ਮਰ ਜਾਂਦਾ ਹੈ

ਨਿੱਘੀ ਧੁੱਪ ਦੀ ਬੁੱਕਲੇ ਬੈਠਾ
ਹਾਉਮੈ ਪਾਲੇ ਠਰ ਜਾਂਦਾ ਹੈ
ਹਾਉਮੈ ਇਕ ਨਸ਼ਾ ਹੈ
ਵਿਰਲਾ ਹੀ ਕੋਈ
ਇਸ ਤੋਂ ਨਿਰਲੇਪ ਰਹੇ
ਆਪਣੇ ਤੋਂ ਨੀਵੇਂ ਨੂੰ ਤੱਕੇ
ਖ਼ਲਕਤ ਦੇ ਪੈਰਾਂ ਦੀ ਬਣ ਧੂੜ ਰਹੇ

-0-

ਤਾਕਤ ਦੀ ਖ਼ਾਤਰ ਭੱਜਦਾ ਬੰਦਾ
ਆਪਣੀ ਉਮਰ ਗੁਆ ਬਹਿੰਦਾ ਹੈ
ਡੂੰਘੇ ਫੱਟ ਤਲਵਾਰ ਨਾਲੋਂ ਵੀ
ਲੋਕ ਦਿਲਾਂ ਤੇ ਲਾ ਦਿੰਦਾ ਹੈ
ਪੁੰਗਰਦੀਆਂ ਕਰੂੰਬਲਾਂ ਉੱਤੇ
ਬਲਦੇ ਕੋਲੇ ਧਰ ਦਿੰਦਾ ਹੈ
ਇਕ ਹੰਕਾਰੀ ਬੋਲ
ਕਈਆਂ ਅਰਥਾਂ ਨੂੰ ਜ਼ਖ਼ਮੀ
ਕਰ ਦਿੰਦਾ ਹੈ

-0-

ਹਾਉਮੈ ਤੇ ਧੀਰਜ
ਇਕ ਮਿਆਨ 'ਚ ਰਹਿ ਨਹੀਂ ਸਕਦੇ
ਹਾਉਮੈ ਰੋਗ ਹੈ
ਧੀਰਜ ਹੈ ਨਰੋਏਪਣ ਦਾ ਸਾਗਰ
ਦੋਹਾਂ ਦਾ ਹੈ
ਆਪਣਾ ਆਪਣਾ ਵੱਖਰਾ ਮਾਰਗ

ਗੁਰੂ ਚਰਨਾਂ ਵਿਚ ਆ ਕੇ
ਮਾਨਵ
ਹਾਉਮੈ ਰੋਗ ਗੁਆ ਸਕਦਾ ਹੈ
ਸੱਚ ਸੁੰਦਰਤਾ ਕਲਿਆਣ ਜਿਹੇ
ਕਰਮ ਕਮਾ ਸਕਦਾ ਹੈ

-0-

ਹਾਉਮੈ ਰੋਗ
ਮਨੁੱਖੀ ਮੱਤ ਉੱਤੇ ਪਰਦਾ ਹੈ
ਮਨੁੱਖ ਜੋ ਵੀ ਕਰਦਾ ਹੈ
ਆਪਣੇ ਲਈ ਸਿਰਫ਼ ਕਰਦਾ ਹੈ
ਰੋਗ ਕੋਈ ਵੀ ਚੰਗਾ ਨਹੀਂ
ਜਲ ਦਾ ਰੋਗੀ ਜਲ
ਜਲ ਤਾਂ ਹੈ
ਪਰ ਗੰਗਾ ਜਲ ਨਹੀਂ
ਕਾਮ ਵਾਸ਼ਨਾ ਦਾ ਰੋਗ
ਵੱਡੇ ਵੱਡੇ ਯੋਧਿਆਂ ਬਲੀਆਂ
ਰਿਸ਼ੀਆਂ ਮੁੰਨੀਆਂ ਨੂੰ
ਗੁਲਾਮ ਬਣਾ ਦਿੰਦਾ ਹੈ
ਰੱਬੀ ਰੂਪ ਹੋਏ ਬੰਦਿਆਂ ਨੂੰ
ਰੱਬ ਦਾ ਨਾਂ ਭੁਲਾ ਦਿੰਦਾ ਹੈ

-0-

ਦੀਵੇ ਦੀ ਲਾਟ ਦਾ ਇਸ਼ਕ
ਪਰਵਾਨਾ ਖਾ ਜਾਂਦਾ ਹੈ
ਜੀਭਾ ਦਾ ਚਸਕਾ

ਮੱਛੀ ਦੀ ਜਾਨ ਮੁਕਾ ਜਾਂਦਾ ਹੈ
ਨਾਦ ਸੁਣਨ ਦੀ ਲਾਲਸਾ
ਹਿਰਨ ਨੂੰ ਕੈਦ ਕਰਾ ਦਿੰਦੀ ਹੈ
ਸੁਗੰਧ ਦਾ ਚਸਕਾ
ਭਵਰੇ ਦਾ ਜੀਵਨ
ਮੌਤ ਹਵਾਲੇ ਕਰ ਦਿੰਦਾ ਹੈ
ਇਸ਼ਕ ਨੈਣਾਂ ਦਾ
ਸ਼ਾਹ ਫ਼ਕੀਰ ਬਣਾ ਦਿੰਦਾ ਹੈ
ਮਾਨਵ ਨੂੰ ਮੁਕਾ ਦਿੰਦਾ ਹੈ

-0-

ਹਾਉਮੈ ਤੋਂ ਮੁਕਤ ਮਨ
ਨਿਮਰਤਾ ਧੀਰਜ ਸਹਿਜ
ਸੁਭਾਅ ਧਾਰਨ ਕਰਦਾ ਹੈ
ਚਰਨਾਂ ਦੇ ਚਰਨਾਂ ਦੀ
ਹੋ ਖ਼ਾਕ ਵਿਚਰਦਾ ਹੈ
ਹੌਲਾ ਹੌਲਾ ਹਲਕਾ ਹਲਕਾ
ਫੁੱਲਾਂ ਜਿਹਾ ਮਨ ਲੱਗਦਾ ਹੈ
ਮਨ ਏਨਾ ਸੂਖ਼ਮ ਹੋ ਜਾਂਦਾ ਹੈ
ਸੂਈ ਦੇ ਨੱਕੇ ਚੋਂ ਵੀ ਲੰਘ ਜਾਂਦਾ ਹੈ

-0-

ਇਹ ਦੁਨੀਆਂ
ਮਾਇਆ ਦਾ ਘਰ ਹੈ
ਮਾਇਆ ਦੀ ਤ੍ਰਿਸ਼ਨਾ ਬੁਰੀ ਹੈ
ਇਸਦੇ ਹੱਥੀਂ ਚੜ੍ਹਿਆ ਬੰਦਾ

ਬਚ ਨਹੀਂ ਸਕਦਾ
ਤ੍ਰਿਸ਼ਨਾ ਇਕ ਅਜਿਹੀ ਹਵਸ ਹੈ
ਜੋ ਹਰ ਪਲ
ਬੰਦੇ ਦੇ ਸਿਰ ਨੂੰ ਚੜ੍ਹਦੀ ਹੈ
ਦੁਨੀਆਂ ਦਾ
ਹਰ ਜੀਵ-ਜੰਤੂ ਪਸ਼ੂ-ਪੰਛੀ
ਮਾਇਆ ਜਾਲ 'ਚ ਫਸਦਾ ਹੈ
ਇਸਦੇ ਆਕਰਸ਼ਣ ਵਿਚ ਬੰਦਾ
ਸੀਸ ਤਲੀ ਤੇ ਧਰਦਾ ਹੈ

-0-

ਇਸ ਤ੍ਰਿਸ਼ਨਾ ਦਾ ਨਾ ਕੋਈ
ਅੰਤ ਅਥਾਹ ਹੈ
ਧਨ ਦੀ ਤ੍ਰਿਸ਼ਨਾ
ਮਰਨ ਤੋਂ ਬਾਅਦ ਵੀ ਨਹੀਂ ਮਰਦੀ
ਕਾਮ ਤ੍ਰਿਸ਼ਨਾ
ਸਦਾ ਤਪਦੀ ਹੈ ਨਹੀਂ ਠਰਦੀ
ਪੇਟ ਬੰਦੇ ਦਾ ਭਰ ਜਾਂਦਾ ਹੈ
ਨੀਤ ਬੰਦੇ ਦੀ ਨਹੀਂ ਭਰਦੀ

-0-

ਕ੍ਰੋਧ ਤ੍ਰਿਸ਼ਨਾ
ਜੰਗਲਾਂ ਦੇ ਜੰਗਲ ਸਾੜਣ
ਤੇ ਵੀ ਨਹੀਂ ਬੁੱਝਦੀ
ਤ੍ਰਿਸ਼ਨਾ ਤੇ ਚਸਕਾ,
ਇਕੋ ਮਾਂ ਦੇ ਜਾਏ ਹਨ

ਇਨ੍ਹਾਂ ਦੀ ਭੁੱਖ ਕੌਣ ਮਿਟਾਏ
ਜੀਭਾ ਦੀ ਤ੍ਰਿਸ਼ਨਾ ਸੁਆਦ ਹੈ
ਕਾਮ ਵਾਸ਼ਨਾ ਦੀ ਤ੍ਰਿਸ਼ਨਾ ਦਾ
ਮਨੁੱਖ ਮੁਥਾਜ਼ ਹੈ
ਹਰ ਜੀਵ ਜੰਤੂ ਦੇ ਅੰਦਰ
ਮਾਇਆ ਦੀ ਤ੍ਰਿਸ਼ਨਾ ਦਾ ਵਾਸ ਹੈ

-0-

ਮਾਇਆ ਦੀ ਤ੍ਰਿਸ਼ਨਾ ਦਾ ਭੁੱਖਾ
ਕਦੀ ਕੋਈ ਰੱਜਿਆ ਨਹੀਂ ਹੈ
ਚੱਕੀ ਚੱਟਣ ਦਰ ਦਰ ਭੌਣਦੀ
ਕੁੱਤੇ ਦੀ ਤ੍ਰਿਸ਼ਨਾ ਮੁੱਕਦੀ ਨਹੀਂ ਹੈ
ਇਹੀ ਹਾਲ
ਤ੍ਰਿਸ਼ਨਾ ਮਾਰੇ ਮਾਨਵ ਦਾ ਹੈ
ਤ੍ਰਿਸ਼ਨਾ ਪਿੱਛੇ ਭੱਜਦਾ
ਮਾਨਵ ਮੁੱਕ ਜਾਂਦਾ ਹੈ
ਤ੍ਰਿਸ਼ਨਾ ਹੈ
ਜੋ ਹਰੀ ਰਹਿੰਦੀ ਹੈ ਸੁੱਕਦੀ ਨਹੀਂ ਹੈ

-0-

ਮਾਇਆ ਮੋਹ ਦੇ ਸਭ ਪਦਾਰਥ
ਮਨੁੱਖੀ ਮਨ ਨੂੰ ਭਰਮਾਉਂਦੇ ਹਨ
ਆਪਣੇ ਮਗਰ ਲਗਾ ਮਾਨਵ ਨੂੰ
ਉਸਦਾ ਸੱਚ ਮੁਕਾਉਂਦੇ ਹਨ
ਜਿਉਂ ਜਿਉਂ
ਇਹ ਤ੍ਰਿਸ਼ਨਾ ਵੱਧਦੀ ਹੈ

ਕਈ ਤਰ੍ਹਾਂ ਦੇ ਦੁੱਖ ਰੋਗ ਕਲੇਸ਼
ਮਨੁੱਖ ਨੂੰ ਲੱਗ ਜਾਂਦੇ ਹਨ
ਮਨੁੱਖ ਦੇ ਪੱਲੇ ਕੁਝ ਨਹੀਂ ਰਹਿੰਦਾ
ਮਨ ਦੀ ਸ਼ਾਂਤੀ ਸੁੱਖ ਸੰਤੋਖ
ਸਭ ਠੱਗੇ ਜਾਂਦੇ ਹਨ

-0-

ਮਾਇਆ ਦੇ ਮੋਹ ਨਾਟਕ ਨੇ
ਜਗਤ ਵਿਚ
ਮੋਹ ਮਾਇਆ ਦੀ ਬਾਜ਼ੀ ਰਚਾਈ ਹੈ
ਇਸ ਬਾਜ਼ੀ ਨੇ
ਸਭ ਜੀਵਾਂ ਦੀ ਰੂਹ ਪ੍ਰਚਾਈ ਹੈ
ਜੀਵਨ ਸਮਾਂ ਮਨੁੱਖ ਐਵੇਂ
ਭਰਮ ਵਿਚ ਗੁਆ ਰਿਹਾ ਹੈ
ਹਰ ਚਮਕਦੀ ਸ਼ੈਅ ਸੋਨਾ ਨਹੀਂ ਹੁੰਦੀ
ਮਾਇਆ ਦੀ ਚਮਕ ਦਾ ਧੋਖਾ
ਮਾਨਵ ਖਾ ਰਿਹਾ ਹੈ

-0-

ਜੀਵਨ ਮਾਇਆ ਦਾ ਸਾਗਰ ਹੈ
ਜਿਸ ਚੋਂ ਮੋਹ ਮਾਇਆ ਦੀਆਂ
ਲਹਿਰਾਂ ਤੇ ਤੂਫ਼ਾਨ ਉੱਠ ਰਹੇ ਹਨ
ਲਾਲਚ ਤੇ ਹੰਕਾਰ ਦੇ ਚਸ਼ਮੇਂ
ਫੁੱਟ ਰਹੇ ਹਨ
ਆਤਮਕ ਜੀਵਨ ਦੀ ਕਿਸ਼ਤੀ
ਡੋਲ੍ਹ ਰਹੀ ਹੈ

ਡੁੱਬਣਾ ਡੁੱਬਣਾ ਲੋਚ ਰਹੀ ਹੈ
ਪ੍ਰਭੂ ਸਿਮਰਨ ਹੀ
ਬੇੜੀ ਪਾਰ ਲਗਾ ਸਕਦਾ ਹੈ
ਚੰਗੇ ਕਰਮ ਕਰੇ ਜੇ ਮਾਨਵ
ਮਾਇਆ ਤੋਂ ਮੁਕਤੀ ਪਾ ਸਕਦਾ ਹੈ

-0-

ਮਾਇਆ
ਇਕ ਜ਼ਹਿਰੀਲੀ ਸੱਪਣੀ ਹੈ
ਨਿੰਦਿਆ ਈਰਖ਼ਾ ਕਾਮ ਕ੍ਰੋਧ
ਇਸ ਸੱਪਣੀ ਦੇ ਅਨੇਕਾਂ ਡੰਗ ਹਨ
ਇਨ੍ਹਾਂ ਦੀ ਲਪੇਟ 'ਚ ਆਇਆ ਜੀਵ
ਆਪਣਾ ਆਪ ਗੁਆ ਬਹਿੰਦਾ ਹੈ
ਹੀਰਾ ਜਨਮ ਲੁਟਾ ਬਹਿੰਦਾ ਹੈ

-0-

ਮਾਇਆ ਮੈਲ ਸੰਗ
ਜਨਮ ਜਨਮਾਂਤਰਾਂ ਦਾ
ਲਿਬੜਿਆ ਮਾਨਵ
ਇਸ ਮੈਲ ਨੂੰ ਕਿਵੇਂ ਉਤਾਰੇ
ਗੁਰੂ ਸ਼ਬਦ ਸੰਗ ਮਾਨਵ
ਮਨ ਦਾ ਮੈਲਾ ਧੋ ਸਕਦਾ ਹੈ
ਮਾਇਆ ਦੇ ਵਿਚ ਵਿਚਰਦਾ ਮਾਨਵ
ਮਾਇਆ ਤੋਂ ਨਿਰਲੇਪ ਹੋ ਸਕਦਾ ਹੈ

-0-

ਮਾਇਆ ਮੋਹ
ਮਨੁੱਖੀ ਜੀਵਨ ਲਈ ਜ਼ਹਿਰ ਹੈ
ਜੇ ਕਿਸੇ ਨੂੰ
ਇਹ ਜ਼ਹਿਰ ਚੜ੍ਹ ਜਾਵੇ
ਉਹ ਨਰ ਨਾਰੀ
ਜਿਉਂਦੇ ਜੀਅ ਹੀ ਮਰ ਜਾਵੇ

-0-

ਇਸ ਮਨੁੱਖਾ ਦੇਹ ਦਾ
ਮਾਲਕ ਸੁੱਤਾ ਹੈ
ਦੇਹ ਦੇ ਸਭ ਦਰਵਾਜ਼ੇ ਖੁੱਲ੍ਹੇ ਛੱਡ ਕੇ
ਮੋਹ ਮਾਇਆ ਦਾ ਚੋਰ
ਖੁੱਲ੍ਹੇ ਦਰਵਾਜ਼ੇ ਤੱਕ ਕੇ ਅੰਦਰ
ਆ ਬਹਿੰਦਾ ਹੈ
ਸੁੱਤਾ ਤੱਕ ਕੇ ਬੰਦਾ
ਸਭ ਕੁੱਝ ਲੁੱਟ ਕੇ ਲੈ ਜਾਂਦਾ ਹੈ
ਆਪਣੇ ਲਾਲਚ ਲਈ ਮਾਇਆ
ਬੰਦੇ ਲਈ ਕਬਰਾਂ ਪੁੱਟਦੀ ਹੈ
ਜਿਉਂਦਾ ਜਾਗਦਾ ਬੰਦਾ
ਮਾਇਆ ਨਰਕਾਂ ਵਿਚ ਸੁੱਟਦੀ ਹੈ

-0-

ਮਾਇਆ ਚੱਕਰ ਬੜਾ ਗਹਿਰਾ ਹੈ
ਧਨ ਦਾ ਜੋੜਨਾ
ਵਿਸ਼ਿਆਂ ਦਾ ਭੋਗਣਾ
ਮਾਇਆ ਦੇ ਐਸੇ ਡੰਗ ਹਨ

ਜੋ ਮਾਨਵ ਨੂੰ
ਕੱਖੋਂ ਹੌਲਾ ਕਰ ਦਿੰਦੇ ਹਨ
ਮਾਨਵ ਮੁੜ ਮੁੜ
ਮਾਇਆ ਗੇੜੇ ਪਿਆ ਹੈ ਰਹਿੰਦਾ
ਮਾਇਆ ਦੇ ਵਿਚ ਜਿਉਂਦਾ ਜਾਗਦਾ
ਆਪਣੇ ਆਪ ਨੂੰ
ਮਾਇਆ ਤੋਂ ਮੁਕਤ ਹੈ ਕਹਿੰਦਾ

-0-

ਮਾਇਆ ਮੋਹ ਵਿਚ ਮਾਨਵ
ਆਪਣਾ ਆਪ ਪਹਿਚਾਣ ਨਹੀਂ ਸਕਦਾ
ਆਪਣਾ ਸੱਚ ਜਾਣ ਨਹੀਂ ਸਕਦਾ
ਮਾਇਆ ਖੂਹ ਡੂੰਘਾ ਖੂਹ ਹੈ
ਮਾਨਵ ਜਿਸ ਵਿਚ ਗੋਤੇ ਖਾ ਖਾ
ਡੁੱਬ ਰਿਹਾ ਹੈ
ਹਰਿਆ ਭਰਿਆ ਰੁੱਖ
ਜੀਵਨ ਦਾ ਸੁਕ ਜਾਂਦਾ ਹੈ

-0-

ਮਾਇਆ ਦੇ ਵਿਚ ਰੰਗਿਆ ਮਾਨਵ
ਜੀਵਨ ਜਿਉਣਾ ਭੁੱਲ ਜਾਂਦਾ ਹੈ
ਮਨ ਤਨ ਦਾ ਸੰਤੁਲਨ ਨਹੀਂ ਰਹਿੰਦਾ
ਨੇਕ ਸੁਭਾਅ ਨੇਕ ਵਰਤਾਰਾ ਖੁੱਸ ਜਾਂਦਾ ਹੈ
ਆਪਣੇ ਸੰਜਮ ਦੀ ਥਾਂ ਬੰਦਾ
ਸਾਰੇ ਦਾ ਸਾਰਾ ਖੁੱਲ੍ਹ ਜਾਂਦਾ ਹੈ

-0-

ਮਾਇਆ ਮੋਹ ਮਿੱਠੀ ਕੈਦ ਹੈ
ਜ਼ਹਿਰ ਲਪੇਟਿਆ ਵਿਚ ਸ਼ਹਿਦ ਹੈ
ਸਾਰਾ ਜਗਤ ਭਰਮਾ ਲੈਂਦੀ ਹੈ
ਗ਼ੈਰਾਂ ਦੁਸ਼ਮਣਾਂ ਤਾਈਂ ਮਾਇਆ
ਆਪਣੇ ਮੀਤ ਬਣਾ ਲੈਂਦੀ ਹੈ
ਸਾਰੀ ਸ੍ਰਿਸ਼ਟੀ ਉੱਤੇ
ਮਾਇਆ ਦਾ ਰਾਜ ਹੈ
ਦੁਨੀਆਂ ਦੇ ਕਾਂਡ ਕਰਮ ਤੇ ਕਾਰਜ
ਮਾਇਆ ਖ਼ੁਦ ਕਰਾਵਣਹਾਰ ਹੈ
ਮਾਇਆ ਵਿਚ ਫਸਕੇ ਗ੍ਰਹਿਸਤੀ
ਆਪਸ ਵਿਚ ਵੰਡੀਆਂ ਪਾ ਲੈਂਦੇ ਹਨ
ਇਕ ਮਾਂ ਦੀ ਕੁੱਖੋਂ ਜਨਮੇਂ
ਆਪਾ ਗ਼ੈਰ ਬਣਾ ਲੈਂਦੇ ਹਨ
ਵਿਹੜੇ ਵਿਚ ਕੰਧਾਂ ਕਰ ਲੈਂਦੇ ਹਨ
ਆਪਣੇ ਆਪ ਨੂੰ ਵੰਡ ਲੈਂਦੇ ਹਨ

-0-

ਮਨੁੱਖੀ ਦੇਹ ਨੂੰ
ਮੋਹ ਮਾਇਆ ਦਾ ਕੀੜਾ ਖਾਈ ਜਾਂਦਾ ਹੈ
ਇਸ ਗੱਲ ਨੂੰ ਬਿਨ ਸਮਝੇ
ਮਾਨਵ ਸਮਾਂ ਲੰਘਾਈ ਜਾਂਦਾ ਹੈ
ਮਾਇਆ ਦੇ ਨਸ਼ੇ 'ਚ ਮਾਨਵ
ਆਪਣੇ ਸੁਫ਼ਨੇ ਸਜ਼ਾ ਰਿਹਾ ਹੈ
ਜਿਸਨੂੰ ਇਹ ਜੀਵਨ ਸਮਝੇ

ਉਹੀ ਇਸਨੂੰ ਖਾ ਰਿਹਾ ਹੈ
ਪਰ ਮਾਇਆ ਦੇ ਨਸ਼ੇ 'ਚ
ਮਾਨਵ
ਮਾਇਆ ਦੇ ਜਸ਼ਨ ਮਨਾ ਰਿਹਾ ਹੈ

-0-

ਮਾਇਆ ਇਕ ਮੋਮੋਠੱਗਣੀ ਹੈ
ਮਿੱਠਾ ਮਹੁਰਾ ਦੇ ਕੇ
ਮਾਨਵ ਠੱਗ ਰਹੀ ਹੈ
ਮਾਇਆ ਦੀ ਨਦੀ
ਹਰ ਇਕ ਜ਼ਿਹਨ 'ਚ ਵਗ ਰਹੀ ਹੈ
ਧਨ ਲੁੱਟਦੀ ਹੈ ਮਾਨਵ ਲੁੱਟਦੀ ਹੈ
ਡੂੰਘੀਆਂ ਡੂੰਘੀਆਂ ਜੜ੍ਹਾਂ ਵਾਲੇ
ਇਹ ਰੁੱਖ ਪੁੱਟਦੀ ਹੈ
ਮਾਇਆ ਦੀ ਅੱਗ ਅੰਦਰੋਂ ਅੰਦਰੀ
ਸਾਗਰਾਂ ਦੇ ਸਾਗਰ ਸਾੜ ਸੁੱਟਦੀ ਹੈ

-0-

ਬੜੇ ਬੜੇ ਰਿਸ਼ੀਆਂ ਮੁੰਨੀਆਂ ਦੇ
ਆਸਨ ਡੋਲ ਜਾਂਦੇ ਹਨ
ਮਾਇਆ ਦੇ ਖਿੱਚਵੇਂ ਨੈਣਾਂ ਸੰਗ
ਪੱਥਰ ਭੇਦ ਵੀ ਖੋਲ੍ਹ ਜਾਂਦੇ ਹਨ
ਮਾਇਆ ਮਨੁੱਖ ਨੂੰ
ਏਨਾ ਲਾਲਚੀ ਕਰ ਦਿੰਦੀ ਹੈ
ਜਿਉਂਦੇ ਜਾਗਦੇ ਰਿਸ਼ਤਿਆਂ ਵਿਹੜੇ
ਜਿਉਂਦੀਆਂ ਕਬਰਾਂ ਧਰ ਜਾਂਦੀ ਹੈ

-0-

ਮਾਂ ਪਿਓ ਪੁੱਤਰ ਧੀਆਂ ਭੈਣ ਭਰਾ
ਸਾਰੇ ਦੁਸ਼ਮਣ ਹੋ ਜਾਂਦੇ ਹਨ
ਓੜ ਦੁਆਲੇ ਆਪਣਾ ਲਾਲਚ
ਲਾਲਚ ਵਿਚ ਹੀ ਖੋਹ ਜਾਂਦੇ ਹਨ
ਹਰ ਘਰ ਵਿਚ ਇਸਦਾ ਨਿਵਾਸ ਹੈ
ਹਰ ਮਾਨਵ ਦਾ ਇਸ ਵਿਚ ਵਾਸ ਹੈ

–0–

ਸੱਚ ਸੁੰਦਰਤਾ ਕਲਿਆਣ
ਦਯਾ ਧਰਮ
ਕਿਤੇ ਵੀ ਨਜ਼ਰ ਨਾ ਆਵਣ
ਹਰ ਥਾਂ ਮਾਇਆ ਹੀ ਮਾਇਆ ਹੈ
ਨਜ਼ਰਾਂ ਜਿਸ ਥਾਂ ਵੀ ਜਾਵਣ
ਮਾਇਆ ਇਕੱਠੀ ਕਰਦਾ
ਮਾਨਵ ਮਰ ਜਾਂਦਾ ਹੈ ਹਟਦਾ ਨਹੀਂ ਹੈ
ਮਾਇਆ ਦੀ ਭੁੱਖ ਐਸੀ ਹੈ
ਬੰਦਾ ਕਦੇ ਵੀ ਰੱਜਦਾ ਨਹੀਂ ਹੈ

–0–

ਜਿਸ ਮਾਇਆ ਦਾ ਇਤਬਾਰ ਨਹੀਂ ਹੈ
ਅੱਜ ਪਾਸ ਹੈ ਕਲ੍ਹ ਜਿਸਦੀ
ਕੋਈ ਆਸ ਨਹੀਂ ਹੈ
ਮਾਇਆ ਦੀ ਸ਼ੋਖੀ
ਪੱਥਰ ਵੀ ਭਰਮਾ ਲੈਂਦੀ ਹੈ
ਮਾਨਵ ਨੂੰ ਮਾਇਆ
ਆਪਣਾ ਦਾਸ ਬਣਾ ਲੈਂਦੀ ਹੈ

–0–

ਮਾਨਵ ਆਪਣੇ ਆਪ ਤੋਂ ਚੋਰੀ
ਮਾਇਆ ਬੈਂਕਾਂ ਦੇ ਵਿਚ ਜਮ੍ਹਾਂ ਕਰਾਏ
ਜਾਂ ਰੱਖੇ ਘਰ ਵਿਚ ਦਬਾ ਕੇ
ਮਾਇਆ ਦੱਬੀ ਦੀ ਦੱਬੀ ਰਹਿ ਜਾਂਦੀ ਹੈ
ਮਾਨਵ ਤੁਰ ਜਾਏ ਆਪਣਾ ਸਫ਼ਰ ਮੁਕਾ ਕੇ

–0–

ਮਾਇਆ ਦੇ ਸਾਗਰ ਵਿਚ ਮਾਨਵ
ਲੂਣ ਵਾਂਗਰਾਂ ਖੁਰ ਜਾਂਦਾ ਹੈ
ਖ਼ਾਲੀ ਹੱਥੀਂ ਜਗਤ ਤੇ ਆਇਆ
ਖ਼ਾਲੀ ਹੱਥੀਂ ਤੁਰ ਜਾਂਦਾ ਹੈ
ਰੱਬ ਦੀ ਯਾਦ ਭੁਲਾ ਕੇ
ਮਾਨਵ ਮਾਇਆ ਨੂੰ ਅਪਣਾ ਰਿਹਾ ਹੈ
ਜਿਸ ਅਪਣਾਇਆ
ਉਸਨੂੰ ਹੀ ਮਾਇਆ ਮੁਕਾਇਆ ਹੈ

–0–

ਗਰੀਬ ਹੈ ਚਾਹੇ ਧਨਵਾਨ
ਅਤੀਤ ਹੈ ਚਾਹੇ ਵਰਤਮਾਨ
ਇਕੋ ਜਿਹਾ ਹੀ ਸਭ ਦਾ ਹਾਲ ਹੈ
ਮਾਇਆ ਦੇ ਵਿਚ
ਆਤਮ ਪੈਂਡੇ ਦੇ ਰਾਹੀ ਵੀ
ਆਪਣਾ ਰਸਤਾ ਭੁੱਲ ਜਾਂਦੇ ਹਨ
ਮਾਇਆ ਮੋਹ ਅੰਦਰੋਂ ਅੰਦਰੀ
ਮਾਨਵ ਨੂੰ ਢਾਅ ਲਾ ਦਿੰਦਾ ਹੈ

ਮਾਨਵ ਆਪਣੀ ਹੋਂਦ ਦਾ ਸੱਚ
ਭੁਲਾ ਦਿੰਦਾ ਹੈ

–0–

ਮਾਇਆ ਵਿਚੋਂ ਹਰ ਜਨ ਲੰਘਿਆ
ਕਈ ਡੁੱਬੇ ਕਈ ਤਰ ਗਏ
ਡੁੱਬਦਿਆਂ ਦੇ ਸੰਗ ਨਾ ਡੁੱਬੋ
ਤਾਰੂਆਂ ਦੀ ਯੁਗਤ ਪਛਾਣੋਂ
ਕਿਸ ਯੁਗਤੀ ਉਹ ਤਰ ਗਏ
ਉਸ ਯੁਗਤੀ ਦਾ ਸੱਚ ਜਾਣੋ
ਆਪਣਾ ਸੱਚ ਪਹਿਚਾਣੋ

–0–

ਕਾਗਜ਼ ਦੀ ਹੱਥਨੀ ਦੀ ਲਾਲਸਾ ਖ਼ਾਤਰ
ਹਾਥੀ ਪਰ ਅਧੀਨ ਹੋ ਜਾਏ
ਮੁੱਠੀ ਭਰ ਚਨਿਆਂ ਦੀ ਖ਼ਾਤਰ
ਬਾਂਦਰ ਆਜ਼ਾਦੀ ਖੋਹ ਜਾਏ
ਚੋਗੇ ਦੇ ਲਾਲਚ ਵਿਚ ਪੰਛੀ
ਪਿੰਜਰੇ ਵਿਚ ਪੈ ਜਾਏ
ਵਿਕਾਰਾਂ ਦੇ ਮੋਢੇ ਚੜ੍ਹ
ਮਾਨਵ ਦਾ ਸੱਚ ਮਾਰ ਜਾਏ

–0–

ਵੇਖਣ ਨੂੰ ਮਾਇਆ ਬੜੀ ਸੁੰਦਰ ਹੈ
ਇਸਦੇ ਰੂਪ ਅਨੇਕ
ਐਸਾ ਡੰਗ ਮੋਹ ਦਾ ਮਾਰੇ
ਬੰਦੇ ਨੂੰ ਰਹੇ ਨਾ ਹੋਸ਼

ਰਹੇ ਨਾ ਬੁੱਧ ਵਿਵੇਕ ਬੰਦੇ ਦਾ
ਨਾ ਕੋਈ ਮਿੱਤਰ ਸਖ਼ਾ ਸਹੇਲਾ
ਸਗਲ ਜ਼ਿਹਾਲੇ ਵੈਰ

-0-

ਜਗਤ ਮਨੁੱਖ ਲਈ ਰੈਨ ਵਸੇਰਾ
ਜਗਤ ਨਹੀਂ ਸਦਾ ਦਾ ਡੇਰਾ
ਧਨ ਦੌਲਤਾਂ ਸਭ ਕੁੱਝ ਇੱਥੇ ਦਾ
ਇੱਥੇ ਹੀ ਰਹਿ ਜਾਂਦਾ ਹੈ
ਕੁੱਝ ਵੀ ਬੰਦਾ ਨਾਲ ਨਾ
ਆਪਣੇ ਲੈ ਜਾਂਦਾ ਹੈ
ਫਿਰ ਵੀ ਮਾਨਵ
ਮੂਰਖ਼ਤਾ ਕਰਦਾ ਰਹਿੰਦਾ ਹੈ
ਆਪਣੀ ਤਿਜ਼ੌਰੀ
ਮਾਇਆ ਸੰਗ ਭਰਦਾ ਰਹਿੰਦਾ ਹੈ

-0-

ਧੰਨ ਪਦਾਰਥ ਮਹਿਲ ਮਾੜੀਆਂ
ਚਾਰ ਦਿਨਾਂ ਦਾ ਸਾਥ
ਸੱਚਾ ਸਾਥੀ ਨਾਮ ਪ੍ਰਭੂ ਦਾ
ਸਦਾ ਨਿਭੇ ਜੋ ਨਾਲ
ਕੀ ਭਰੋਸਾ ਮੌਤ ਦਾ
ਕਦ ਟੱਪ ਕੇ ਉਹ ਆਣ
ਜੀਵਨ ਸੱਚ ਲਈ ਟਾਲ-ਮਟੋਲ
ਨਾ ਕਦੀ ਕਰੇ ਇਨਸਾਨ

-0-

ਮਾਇਆ ਮਸਤੀ ਵਿਚ
ਮਾਨਵ ਲੱਖ ਕਲੋਲ ਕਰੇ
ਰੱਬ ਦੀ ਥਾਂ ਤੇ ਆਪਣਾ ਆਪ ਧਰੇ
ਮਾਇਆ ਦੇ ਵਿਚ ਭੁੱਲ ਜਾਂਦਾ ਹੈ
ਮਰਨਾ ਇਹ ਇਨਸਾਨ
ਆਪਣੀ ਸਰਦਾਰੀ ਦਾ ਬੰਦਾ
ਕਰਦਾ ਫਿਰੇ ਗ਼ੁਮਾਨ

−0−

ਮਾਇਆ ਹੈ ਝੂਠੀ
ਮਾਇਆ ਮੌਜ ਸਦਾ ਨਾ ਰਹਿਣੀ
ਦੁਨੀਆਂ ਨੂੰ ਹਰ ਬੰਦਾ ਕਹਿੰਦਾ
ਹਰ ਬੰਦੇ ਨੂੰ ਦੁਨੀਆਂ ਕਹਿੰਦੀ
ਫਿਰ ਵੀ ਇਸਦਾ ਅਸਰ
ਨਾ ਬੰਦੇ ਤੇ ਨਾ ਦੁਨੀਆਂ ਤੇ ਹੋਇਆ
ਮਾਇਆ ਦੇ ਵਿਚ ਜਨਮਿਆ ਬੰਦਾ
ਮਾਇਆ ਵਿਚ ਹੀ ਮੋਇਆ

−0−

ਧੱਨ ਕੁਟੰਬ ਰਾਜ ਪਾਠ ਦਾ
ਝੂਠਾ ਮਾਣ ਕਰੇ ਨਾ ਕੋਈ
ਜੀਵਨ ਸੱਚ ਲਈ ਝੂਠੀ
ਆਸ ਧਰੇ ਨਾ ਕੋਈ
ਇਸ ਸੱਚ ਨੂੰ ਹਰ ਕੋਈ ਜਾਣੇ
ਪਰ ਇਸ ਤੇ ਅਮਲ ਕਰੇ ਨਾ ਕੋਈ

−0−

ਨੈਣ ਭੋਗ ਜੀਭਾ ਦੇ ਚਸਕੇ
ਕਾਮ ਵਾਸ਼ਨਾ ਮੋਹ ਦੇ ਚਸਕੇ
ਪਾਣੀਓਂ ਪਤਲਾ ਕਰ ਦਿੰਦੇ ਹਨ
ਜਿਉਂਦੇ ਜਾਗਦੇ ਮਨੁੱਖ ਦੀ ਤਲੀਏ
ਕਬਰ ਵਸੇਰਾ ਧਰ ਦਿੰਦੇ ਹਨ

-0-

ਮੋਹ ਮਾਇਆ ਇਕ ਸੁਫ਼ਨਾ ਹੈ
ਸੁਫ਼ਨੇ ਦੇ ਵਿਚ ਹੋਏ ਤਮਾਸ਼ੇ
ਅੱਖ ਖੁੱਲ੍ਹੇ ਤਾਂ ਮੁੱਕ ਜਾਂਦੇ ਹਨ
ਆਪਣੇ ਅੰਤ ਨੂੰ ਢੁੱਕ ਜਾਂਦੇ ਹਨ

-0-

ਜ਼ਿੰਦਗੀ ਚਾਰ ਦਿਨਾਂ ਦੀ ਖੇਡ ਹੈ
ਪ੍ਰੇਮ ਸਫ਼ਰ ਜਿਸਦਾ ਸੁਫ਼ਨਾ ਹੈ
ਕਿੰਨਾ ਬਦਨਸੀਬ ਹੈ ਬੰਦਾ
ਮਾਇਆ ਖ਼ਾਤਰ
ਇਸ ਸੁਫ਼ਨੇ ਦਾ ਸੱਚ ਗੁਆ ਬਹਿੰਦਾ ਹੈ
ਆਪਣੀ ਹੀ ਜ਼ਿੰਦਗੀ ਦੇ ਵਿਹੜੇ
ਸੂਲਾਂ ਦੀ ਫ਼ਸਲ ਉੱਗਾ ਬਹਿੰਦਾ ਹੈ

-0-

ਮਨੁੱਖ ਇਕ ਮੁਸਾਫ਼ਿਰ ਹੈ
ਉੱਚਾ ਆਤਮਕ ਜੀਵਨ
ਜਿਸਦੀ ਮੰਜ਼ਿਲ ਹੈ
ਇਹ ਰਾਹ ਤੇ ਮੰਜ਼ਿਲ ਦਾ ਚਾਨਣ
ਮਨੁੱਖ ਦੇ ਆਪਣੇ ਹੀ ਅੰਦਰ ਹੈ

ਪਰ ਰਸਤੇ ਵਿਚ ਖਿਲਰੇ
ਮਾਇਆ ਦੇ ਸੁੰਦਰ ਨਕਸ਼ਾਂ ਨੂੰ
ਤੱਕ ਕੇ ਬੰਦਾ
ਆਪਣਾ ਸਫ਼ਰ ਭੁੱਲਾ ਦਿੰਦਾ ਹੈ,
ਜੀਵਨ ਬਾਜ਼ੀ ਹਾਰ ਜਾਂਦਾ ਹੈ
ਮੰਜ਼ਿਲ ਤੇ ਅੰਦਰ ਦੀ ਲੋਅ
ਗੁਆ ਬਹਿੰਦਾ ਹੈ

-0-

ਆਪਣਾ ਸਭ ਕੁੱਝ ਹਾਰ ਹਟ ਕੇ
ਚਿੱਤ ਮਾਇਆ ਸੰਗ ਲਾ ਬਹਿੰਦਾ ਹੈ
ਮਾਇਆ ਨੂੰ ਹੀ
ਜੀਵਨ ਮਨੋਰਥ ਬਣਾ ਲੈਂਦਾ ਹੈ
ਮਾਇਆ ਦਾ ਇਕ ਬੂਟਾ
ਬੰਦੇ ਨੂੰ ਜਦ ਆਉਂਦਾ ਹੈ
ਬੰਦਾ ਰੱਬ ਭੁਲਾ ਦਿੰਦਾ ਹੈ
ਮਾਇਆ ਦੀ ਸ਼ੋਖੀ ਰੰਗ ਕੁਸੰਭੜਾ
ਪਲ ਜਨਮੇ ਪਲ ਬਿਨਸੇ
ਧੀਆਂ ਪੁੱਤਰ ਵੀ ਸਾਥ ਨਾ ਜਾਣੇ
ਜੋ ਨੇ ਆਪਣੇ ਦਿੱਸਦੇ

-0-

ਫਿਰ ਵੀ ਬੰਦਾ ਮਾਇਆ ਨੂੰ
ਜੀਵਨ ਦਾ ਸੱਚ ਕਰ ਜਾਣੇ
ਮਾਇਆ ਸਾਥ ਕਦੀ ਨਹੀਂ ਨਿਭਦੀ
ਫਿਰ ਵੀ ਬੰਦਾ ਮਾਇਆ ਮੋਹ ਵਿਚ

ਆਪਣੀ ਉਮਰ ਗੁਜ਼ਾਰੇ
ਬਲ ਜਵਾਨੀ ਦਾ ਮਾਣ ਵੀ ਕੂੜਾ
ਇਸ ਮਾਣ ਤੋਂ
ਬਾਹਰ ਨਿਕਲ ਕੇ ਵੇਖੇ
ਚਾਰ-ਚੁਫੇਰੇ ਮੌਤ ਖੜ੍ਹੀ ਹੈ
ਮੌਤ ਦਾ ਸੱਚ
ਜ਼ਿੰਦਗੀ ਕਦ ਪੜ੍ਹੀ ਹੈ
ਇਸ਼ ਲਈ ਭਰਮ ਜੀਅ ਰਹੀ ਹੈ
ਅੰਮ੍ਰਿਤ ਧਾਰਾ ਛੱਡ ਕੇ ਜ਼ਿੰਦਗੀ
ਜ਼ਹਿਰ ਮਾਇਆ ਦਾ ਪੀ ਰਹੀ ਹੈ

-----

## ਮਨੁੱਖੀ ਦੇਹ ਤੇ ਮਨ

ਇਹ ਸਰੀਰ ਬੜਾ ਸੁੰਦਰ ਹੈ
ਬੜਾ ਪਿਆਰਾ ਹੈ
ਹੀਰਿਆਂ ਮੋਤੀਆਂ ਲਾਲ ਜਵਾਹਰਾਂ ਦਾ
ਇਸ ਵਿਚ ਭੰਡਾਰਾ ਹੈ
ਜੋ ਮਾਨਵ ਮਨਮੁੱਖ ਹੈ
ਉਹ ਇਸ ਜਗ ਵਿਚ
ਭੁਰਦਾ ਤੁਰਦਾ ਤੇ ਖੁਰਦਾ ਹੈ
ਆਪਣੇ ਆਤਮਕ ਜੀਵਨ ਦੀ
ਜੜ੍ਹ ਪੁਟੱਦਾ ਹੈ

–0–

ਉਸਨੂੰ ਹੀਰੇ ਮਾਨਕ
ਜਵਾਹਰ ਦਿੱਸਦੇ ਨਹੀਂ ਹਨ
ਉਸਨੂੰ ਜਦ ਵੀ ਮਿਲਦੇ ਹਨ
ਪੱਥਰ ਹੀ ਪੱਥਰ ਮਿਲਦੇ ਹਨ
ਜੋ ਮਾਨਵ
ਗੁਰੂ ਦਾ ਪੱਲਾ ਫੜਦਾ ਹੈ
ਪੱਥਰਾਂ ਦੀ ਥਾਂ ਹੀਰੇ ਲਾਲ ਜਵਾਹਰਾਂ ਦਾ
ਵਣਜ ਉਹ ਮਾਨਵ ਕਰਦਾ ਹੈ

–0–

ਪ੍ਰਭੂ ਨੇ
ਇਸ ਜਗਤ ਵਿਚ ਮਾਨਵ ਨੂੰ
ਵਿਓਪਾਰ ਕਰਨ ਲਈ ਹੈ ਘਲਿਆ

ਚੰਗੇ ਗੁਣਾਂ ਦੀ ਪੂੰਜੀ ਦਾ
ਭੰਡਾਰ ਹੈ ਘੱਲਿਆ
ਪਰੰ ਇਸ ਜਗਤ ਵਿਚ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ
ਬੋਲਬਾਲਾ ਹੈ
ਚੋਰ ਬਾਜ਼ਾਰੀ ਭ੍ਰਿਸ਼ਟਾਚਾਰ
ਰਿਸ਼ਵਤਖੋਰੀ ਵਿਸ਼ੇ ਵਿਕਾਰਾਂ ਦੇ
ਸਿੰਗੀਂ ਚੜ੍ਹਿਆ ਜਗ ਸਾਰਾ ਹੈ
ਜੋ ਇਸ ਜਗਤ ਵਿਓਪਾਰੀ ਅੰਦਰ
ਮਨੁੱਖ ਨੂੰ ਗੁਰੂ ਮਿਲ ਜਾਏ
ਤਾਂ ਮਾਨਵ
ਚੰਗੇ ਗੁਣਾਂ ਦਾ ਵਣਜ਼ ਕਮਾਏ

-0-

ਮਾਨਵ ਦੇ ਕੀਤੇ ਕਰਮ ਹੀ
ਮਾਨਵ ਨੂੰ ਰੱਬੀ ਦਰਗਾਹੇ ਲੈ ਜਾਂਦੇ ਹੰਨ
ਪਰ ਅਜਿਹਾ
ਵਿਰਲਾ ਹੀ ਕੋਈ ਨਜ਼ਰ ਆਉਂਦਾ ਹੈ
ਜੋ ਅਸਲ ਮਨੁੱਖ ਦਾ ਤੁਖ਼ਮ ਕਹਾਉਂਦਾ ਹੈ
ਪ੍ਰਭੂ ਯਾਦ ਅਮੋਲਕ ਮੋਤੀ ਹੈ
ਇਸ ਮੋਤੀ ਦਾ ਵਣਜ
ਮਨੁੱਖ ਨੇ ਜਗ ਦੇ ਵਿਚ ਕਮਾਉਣਾ ਹੈ
ਆਪਣੇ ਲੋਕ ਪ੍ਰਲੋਕ ਦੇ ਮੱਥੇ
ਚੰਨ ਦਾ ਟਿੱਕਾ ਲਾਉਣਾ ਹੈ

-0-

ਜਿਸਨੂੰ
ਇਹ ਮੋਤੀ ਮਿਲ ਜਾਏ
ਉਹ ਮਾਨ ਦਾ ਕੁਟੰਭ ਤਰ ਜਾਏ
ਜਗੋਂ ਤੁਰ ਜਾਣ ਦੇ ਪਿੱਛੋਂ
ਧਰਤੀ ਦਾ ਹਰ ਜ਼ੱਰਾ ਜ਼ੱਰਾ
ਉਹ ਮਾਨਵ ਰੌਸ਼ਨ ਕਰ ਜਾਏ
ਉਸ ਮਾਨਵ ਦਾ ਹੀ
ਜਗ ਵਿਚ ਆਉਣਾ
ਸੱਚਾ ਸੁੱਚਾ ਸਫ਼ਲ ਕਹਾਏ

-0-

ਉਹੀ ਸੱਚ ਦਾ ਵਣਜਾਰਾ ਹੈ
ਜੋ ਕਿਰਤ ਕਰੇ ਵੰਡ ਖਾਏ
ਭਾਣਾ ਮੰਨੇ
ਭਲਾ ਸਰਬਤ ਦਾ ਚਾਹੇ
ਨਾ ਕੋਈ ਵੈਰੀ ਨਾ ਹੀ ਬੇਗ਼ਾਨਾ
ਏਕ ਨੂਰ ਤੇ ਸੱਭ ਜਗ ਉਪਜਿਓ
ਭਲੇ ਗੁਣਾਂ ਦਾ ਪਹਿਰੇਦਾਰ ਕਹਾਏ

-0-

ਜਿਉਂਦੇ ਜੀਅ ਹੀ ਸਮਾਂ ਹੈ
ਨਾਮ ਵਣਜ ਦਾ
ਮੋਇਆਂ ਦੀ ਕੋਈ ਸਾਰ ਨਾ ਜਾਣੇ
ਮੁਰਦਾ ਨਾ ਆਪਣਾਂ ਆਪ ਪਛਾਣੇ
ਜਗਤ ਅਸਲ ਪ੍ਰਭੂ ਵਣਜ ਦੀ ਥਾਂ ਹੈ
ਸਤਿਸੰਗ ਦੀ ਬਰਕਤ ਸੰਗ

ਇਹ ਵਣਜਾਰਾ
ਹੋ ਸਕਦਾ ਹੈ ਸੁਖਿਆਰਾ
ਇਸ ਵਣਜ ਸੰਗ ਹੀ
ਮਾਨਵ ਜੀਵਨ ਹੋ ਸਕਦਾ ਹੈ
ਸਚਿਆਰਾ

-0-

ਮਨੁੱਖਾ ਦੇਹ ਉਹ ਘਰ ਹੈ
ਜਿਸਨੂੰ ਬਾਹਰੋਂ
ਤ੍ਰਿਸ਼ਨਾ ਦਾ ਤਾਲਾ ਲੱਗਾ ਹੈ
ਜਦ ਬਾਹਰ ਤਾਲਾ ਹੈ
ਤਾਂ ਉਸ ਦੇ ਅੰਦਰ
ਘਰ ਦਾ ਮਾਲਿਕ ਵੀ ਆ ਨਹੀਂ
ਸਕਦਾ
ਬਾਹਰ ਭਟਕਦਾ ਮਰ ਜਾਂਦਾ ਹੈ
ਘਰ ਦਾ ਸੁੱਖ ਹੰਢਾ ਨਹੀਂ ਸਕਦਾ

-0-

ਇਸ ਤਾਲੇ ਦੀ ਚਾਬੀ
ਗੁਰੂ ਉਪਦੇਸ਼ ਹੈ
ਜਿਸ ਸੰਗ ਇਹ ਤਾਲਾ ਖੁੱਲ੍ਹ ਜਾਏਗਾ
ਮਾਨਵ ਆਪਣੇ ਘਰ ਵਿਚ ਬਹਿ ਕੇ
ਆਪਣੇ ਪ੍ਰਭੂ ਦੇ ਦਰਸ਼ਨ ਪਾਏਗਾ
ਮੋਹ ਮਾਇਆ ਦੇ ਸਖ਼ਤ ਦਰਵਾਜ਼ੇ
ਇਸ ਘਰ ਨੂੰ ਲੱਗੇ ਹਨ

ਜਿਸਦੀ ਕੁੰਜੀ ਗੁਰੂ ਸ਼ਬਦ ਹੈ
ਮਨੁੱਖੀ ਸੱਚ ਦਾ ਜੋ ਅਰਥ ਹੈ

–0–

ਇਸ ਸਰੀਰ ਦੇ ਅੰਦਰ
ਸਭ ਗੁਣਾਂ ਦੇ ਸਭ ਪਦਾਰਥ
ਮਿਲ ਜਾਂਦੇ ਹਨ
ਗੁਰਮੁਖ ਜੀਵਾਂ ਦੇ ਹਿਰਦੇ
ਰੱਬੀ ਕੰਵਲ ਖਿਲ ਜਾਂਦੇ ਹਨ
ਮਨਮੁਖਾਂ ਨੂੰ
ਇਸ ਦੇਹੀ ਚੋਂ ਗੁਣ ਪਦਾਰਥ
ਨਜ਼ਰ ਨਾ ਆਵਣ
ਅਗਿਆਨਤਾ ਜਿਉਂਦੇ
ਅਗਿਆਨਤਾ ਵਿਚ ਹੀ ਮਰ
ਜਾਵਣ

–0–

ਪੁਰਾਣੇ ਸਮੇਂ 'ਚ
ਸ਼ਹਿਰਾਂ ਤੇ ਨਗਰਾਂ ਦੁਆਲੇ
ਉੱਚੀਆਂ ਉੱਚੀਆਂ
ਵੱਡੀਆਂ ਵੱਡੀਆਂ ਫਸੀਲਾਂ
ਹੁੰਦੀਆਂ ਸਨ
ਤਾਂ ਕਿ ਨਗਰ ਸ਼ਹਿਰ ਦਾ
ਵਣਜ ਵਿਓਪਾਰ ਬੇਫ਼ਿਕਰੀ ਸੰਗ ਚਲੇ

ਨਾ ਕੋਈ ਨਜ਼ਰ ਨਾ ਚੋਰੀ ਡਾਕਾ
ਨ੍ਹਾ ਕੋਈ ਸੰਨ੍ਹ ਨਗਰ ਸ਼ਹਿਰ ਨੂੰ ਲੱਗੇ

-0-

ਇਸੇ ਤਰ੍ਹਾਂ ਹੀ
ਮਨੁੱਖੀ ਦੇਹ ਇਕ ਨਗਰ ਹੈ
ਫ਼ਸੀਲਾਂ ਵਾਲੇ ਗਿਆਨ ਇੰਦਰੇ
ਇਸ ਨਗਰ ਦੁਆਲੇ ਤਾਇਨਾਤ ਹਨ
ਪ੍ਰਭੂ ਨਾਮ ਦਾ ਵਣਜ
ਨਗਰ ਵਿਚ ਹੋ ਰਿਹਾ ਹੈ
ਇਸ ਨਗਰ ਵਿਚ ਜੀਵ ਇਸਤਰੀ
ਪ੍ਰਭੂ ਪਤੀ ਦੇ ਗੁਣਾਂ ਦਾ
ਸ਼ਿੰਗਾਰ ਹੈ ਕਰਦੀ
ਆਪਣਾ ਸੀਸ
ਪ੍ਰਭੂ ਪਤੀ ਦੇ ਚਰਨੀ ਧਰਦੀ
ਸ਼ਰਧਾ ਭਾਵ ਨਿਮਰਤਾ ਸੰਗ
ਜੀਵ ਇਸਤਰੀ
ਪ੍ਰਭੂ ਪਤੀ ਰਜ਼ਾ ਲੈਂਦਾ ਹੈ
ਪ੍ਰਭੂ ਪਤੀ ਦੇ ਹਿਰਦੇ ਵਿਚ
ਆਪਣਾ ਥਾਂ ਬਣਾ ਲੈਂਦੀ ਹੈ
ਇਸ ਵਣਜ਼ ਦੇ ਰਾਹੀਂ
ਜੀਵ ਇਸਤਰੀ
ਦੇਹ ਨਗਰੀ ਦਾ ਸੱਚ ਪਾ ਲੈਂਦੀ ਹੈ

-0-

ਇਸ ਵਣਜ ਵਿਚ
ਜੋ ਸੁਆਰਥੀ ਮਨੁੱਖ ਪਿਆ ਹੈ
ਪ੍ਰਭੂ ਨਾਮ ਵਣਜ ਦੀ ਥਾਂ
ਉਹ ਵਣਜ ਮਾਇਆ ਦਾ
ਕਰ ਰਿਹਾ ਹੈ
ਮਾਇਆ ਬੀਜਦਾ ਮਾਇਆ ਉੱਗਾਉਂਦਾ
ਮਾਇਆ ਸੰਗ ਆਪਾ ਭਰ ਰਿਹਾ ਹੈ
ਮਾਇਆ ਖਾਂਦਾ ਮਾਇਆ ਖਰਚਦਾ
ਮਾਇਆ ਵੇਚਦਾ ਮਾਇਆ ਵੱਟਦਾ
ਮਾਇਆ ਵਣਜ 'ਚ
ਮਾਨਵ ਆਪਣੇ ਸੱਚ ਦੀ ਰਾਸ
ਗੁਆ ਬਹਿੰਦਾ ਹੈ
ਬਿਨ ਕੁੱਝ ਖਟਿਓ
ਇਸ ਜ਼ਹਾਨੋਂ ਜਾ ਰਹਿੰਦਾ ਹੈ

-0-

ਜਿਹੜੇ ਮਾਨਵ ਦੇਹ ਨਗਰੀ ਵਿਚ
ਪ੍ਰਭੂ ਨਾਮ ਦਾ ਵਣਜ ਕਮਾਉਂਦੇ ਹਨ
ਉਹ ਇਸ ਜਗਤ ਮੰਡੀ ਚੋਂ
ਲਾਭ ਕਮਾ ਕੇ ਤੁਰ ਜਾਂਦੇ ਹਨ
ਖ਼ਾਲੀ ਹੱਥੀਂ ਉਹ ਆਉਂਦੇ ਹਨ
ਝੋਲੀਆਂ ਭਰ ਕੇ ਮੁੜ ਜਾਂਦੇ ਹਨ

-0-

ਮਾਨਵ ਦੇਹ ਇਕ ਧਰਤੀ ਹੈ
ਜਿਸ ਵਿਚ ਜੋ ਬੀਜੇਗਾ

ਸੋ ਪਾਏਗਾ
ਸੱਚ ਬੀਜੇਗਾ ਸੱਚ ਉੱਗੇਗਾ
ਸੁੰਦਰਤਾ ਕਲਿਆਣ ਬੀਜੇਗਾ
ਸੁੰਦਰਤਾ ਕਲਿਆਣ ਉੱਗੇਗਾ
ਨਿੰਦਿਆ ਈਰਖ਼ਾ ਨਫ਼ਰਤ ਬੀਜੇਗਾ
ਨਿੰਦਿੰਆ ਈਰਖ਼ਾ ਨਫ਼ਰਤ ਦਾ
ਸਮਾਨ ਉੱਗੇਗਾ

–0–

ਮਨੁੱਖੀ ਦੇਹ ਇਕ ਖੇਤ ਹੈ
ਜਾਨੀ ਹੈ ਵੱਤਰ ਦਾ ਵੇਲਾ
ਜੋ ਵੱਡਭਾਗੀ
ਇਸ ਵੱਤਰੀ ਪੈਲੀ ਵਿਚ
ਪ੍ਰਭੂ ਦਾ ਨਾਮ ਬੀਜ ਉੱਗਾਉਂਦਾ ਹੈ
ਸਤਿ ਗੁਣਾਂ ਦੀ ਪੱਕੀ ਫ਼ਸਲ
ਆਪਣੇ ਘਰ ਲੈ ਆਉਂਦਾ ਹੈ
ਆਪਣੀ ਮਿਹਨਤ ਦਾ
ਉਹ ਮਾਨਵ ਫੱਲ ਪਾਉਂਦਾ ਹੈ

–0–

ਮਨੁੱਖਾ ਦੇਹ ਜੀਵਾਂ ਲਈ
ਭਲੀ ਰੁੱਤ ਹੈ
ਜਿਸ ਵਿਚ ਸਭਨਾਂ ਗੁਣਾਂ ਦੀ
ਫ਼ਸਲ ਪੱਕ ਸਕਦੀ ਹੈ
ਇਹ ਰੁੱਤ ਭੱਖਦੀ ਉਮਰ ਹੈ
ਭੱਖਦੀ ਉਮਰੇ ਮਾਨਵ ਮਨ ਨੂੰ

ਪ੍ਰਭੂ ਯਾਦ ਵਿਚ ਜੋੜੇ
ਵਿਸ਼ੇ ਵਿਕਾਰਾਂ ਤੋਂ ਮੂੰਹ ਮੋੜੇ
ਤਾਂ ਲੋਕ ਸੁਹਾਵਾ ਹੋ ਸਕਦਾ ਹੈ
ਪ੍ਰਲੋਕ ਸੁਹਾਵਾ ਹੋ ਸਕਦਾ ਹੈ

–0–

ਮਨੁੱਖਾ ਦੇਹ ਬਾਂਕੀ ਘੋੜੀ ਹੈ
ਗੁਰੂ ਉਪਦੇਸ਼ ਦੀ ਲਗਾਮ ਜ਼ਰੂਰੀ ਹੈ
ਪ੍ਰਭੂ ਪਿਆਰ ਦੀ ਚਾਬੁਕ ਸੰਗ
ਉਸ ਦਾ ਮੇਲ
ਆਪਣੇ ਪ੍ਰੀਤਮ ਸੰਗ ਹੋ ਸਕਦਾ ਹੈ
ਪ੍ਰਭੂ ਪਤੀ ਪਿਆਰ ਵਿਚ
ਜੀਵ ਇਸਤਰੀ
ਆਪਣਾ ਆਪਾ ਖੋਹ ਜਾਂਦੀ ਹੈ
ਪ੍ਰਭੂ ਪਤੀ ਦੀ ਹੋ ਜਾਂਦੀ ਹੈ

–0–

ਮਨੁੱਖਾ ਦੇਹ ਹਰੀ ਦਾ ਮੰਦਰ ਹੈ
ਸਿਮਰਨ ਦੀ ਬਰਕਤ ਸੰਗ
ਪ੍ਰਭੂ ਦਿੱਸਦਾ ਜਿਸਦੇ ਅੰਦਰ ਹੈ
ਇਹ ਕਾਇਆ
ਫਿਰ ਆਪਣਾ ਸੱਚ ਪਾ ਲੈਂਦੀ ਹੈ
ਅਖੰਡਾਂ ਬ੍ਰਹਿਮੰਡਾਂ ਦੀ ਸੁੱਖ-ਸ਼ਾਂਤੀ
ਇਸ ਵਿਚ ਆਣ ਸਮਾ ਜਾਂਦੀ ਹੈ
ਇਸ ਦੇਹ 'ਚ ਪ੍ਰਗਟ ਬ੍ਰਹਮ ਜੋਤੀ
ਆਪਣਾ ਰੂਪ ਵਿਖਾ ਜਾਂਦੀ ਹੈ

ਦਿੱਸਦੀ ਦਿੱਸਦੀ ਇਹ ਬ੍ਰਹਮ ਜੋਤੀ
ਸਰਗੁਣ ਤੋਂ
ਨਿਰਗੁਣ ਰੂਪ ਵਟਾ ਜਾਂਦੀ ਹੈ

-0-

ਮੂਰਖ਼ ਮਾਨਵ ਅੰਦਰ ਨਾ ਭਾਲੇ
ਜੰਗਲ ਜੰਗਲ ਭਾਲੇ
ਅੰਧਵਿਸ਼ਵਾਸ਼ਾਂ ਵਿਚ ਫਸਿਆ
ਮਾਨਵ ਕਦੇ ਨਾ ਕਰਦਾ
ਆਪਣਾ ਆਪਾ ਪ੍ਰਭੂ ਹਵਾਲੇ
ਜੋ ਮਾਨਵ ਗੁਰੂ ਚਰਨਾਂ ਵਿਚ
ਆ ਜਾਂਦਾ ਹੈ
ਅਦ੍ਰਿਸ਼ ਪ੍ਰਭੂ ਦੇ
ਉਹ ਮਾਨਵ ਦਰਸ਼ਨ ਪਾ ਜਾਂਦਾ ਹੈ

-0-

ਮਾਨਵ ਦੇਹ ਭਰੀ ਹੈ
ਰਤਨ ਪਦਾਰਥਾਂ ਨਾਲ
ਇਸ ਦੇਹੀ ਦੇ ਅੰਦਰ ਹੀ
ਸਾਰੇ ਜਗਦੇ ਹੱਟ ਬਾਜ਼ਾਰ
ਗੁਰੂ ਕ੍ਰਿਪਾ ਤੇ ਜਾਣੀਐ
ਇਸ ਦੇਹੀ ਵਿਚਲਾ ਸੰਸਾਰ
ਇੰਹ ਦੇਹੀ ਹਰੀ ਦਾ ਘਰ ਹੈ
ਗਿਆਨ ਰਤਨ ਇਸਦੇ ਅੰਦਰ ਹੈ
ਜੋ ਮਾਨਵ
ਰਤਨ ਸ਼ਬਦ ਹਿਰਦੇ ਵਸਾਵੇ

ਸੱਚੀ ਸੁਗੰਧ ਇਸ ਸ਼ਬਦ ਦੀ
ਮਨ ਅੰਦਰ ਪ੍ਰਭ ਪ੍ਰਗਟਾਵੇ

-0-

ਹਰੀ ਮੰਦਰ
ਖ਼ੁਦ ਪ੍ਰਭੂ ਸਾਜਿਆ
ਜਿਸਦਾ ਹੁਕਮ ਅਧਾਰ
ਧੁਰ ਦਰਗਾਹੋਂ ਜੋ ਲਿਖਿਆ ਲੇਖਾ
ਜੀਵ ਹੰਢਾਵੇ ਵਿਚ ਸੰਸਾਰ
ਉਸ ਲੇਖੇ ਨੂੰ
ਕੋਈ ਨਾ ਜਗ ਵਿਚ ਮੇਟਣਹਾਰ
ਗੁਰੂ ਸ਼ਬਦ ਜਿੰਨ ਚੀਨਿਆ
ਆਤਮ ਆਨੰਦ ਤਿੰਨਾ ਨੇ ਪਾਇਆ
ਹਰੀ ਮੰਦਰ ਸੋਹਣਾ
ਪ੍ਰਭੂ ਜਿਸ ਆਪਣਾ ਘਰ ਬਣਾਇਆ

-0-

ਇਹ ਵਿਸ਼ਵ ਹੀ ਮੰਦਰ ਹੈ
ਜਿਸ ਵਿਚ ਪ੍ਰਭੂ ਨਿਵਾਸ
ਜਗਤ ਮੰਦਰ ਪ੍ਰਭੂ ਦੀ ਹੱਟ ਹੈ
ਜਿਸ ਵਿਚ ਹਰੀ ਨਾਮ ਵਿਓਪਾਰ
ਹਰੀ ਮੰਦਰੇਂ ਨਾ ਮਨ ਭਟਕਦਾ
ਰਹਿੰਦਾ ਮੋਹ ਮਾਇਆ ਤੋਂ ਦੂਰ
ਹਰੀ ਮੰਦਰ ਪ੍ਰਭੂ ਵਸੇ
ਹਰ ਥਾਂ ਨਦਰਿ ਹਦੂਰ

-0-

ਇਸ ਦੇਹੀ ਵਿਚ
ਨਾਮ ਰਤਨ ਦੀ ਪਰਖ਼ ਵਾਲਾ
ਵਸੇ ਕਰਤਾਰਾ
ਜੋ ਨਰ ਉਸਦਾ ਨਾਮ ਉਚਾਰੇ.
ਉਸਨੂੰ ਪ੍ਰਭੂ ਆਪਾ ਦਿਖਲਾਵੇ
ਜੋ ਰੰਗ ਰੰਗਿਆ ਪ੍ਰਭੂ ਦੇ
ਉਹ ਪੱਥਰ ਹੀਰਾ ਬਣ ਜਾਵੇ
ਉਸ ਹੀਰੇ ਦਾ ਮੁੱਲ
ਜਗਤ ਵਿਚ ਪਾ ਨਹੀਂ
ਸਕਦਾ ਕੋਈ
ਉਸ ਹੀਰੇ ਦੇ ਸੱਚ ਨੂੰ ਝੁਠਲਾ
ਨਹੀਂ ਸਕਦਾ ਕੋਈ

–0–

ਜੋ ਮਾਨਵ ਪ੍ਰਭੂ ਅੰਦਰੋਂ ਪਾ ਲੈਂਦਾ ਹੈ
ਪ੍ਰਭੂ ਭੈਅ ਅਦਬ ਪਿਆਰ
ਹਿਰਦੇ ਦੇ ਵਿਚ ਵਸਾ ਲੈਂਦਾ ਹੈ
ਉਸ ਮਾਨਵ ਨੂੰ
ਬਾਹਰ ਭਾਲਣ ਦੀ ਲੋੜ ਨਹੀਂ
ਆਪਣੇ ਆਪ ਦੇ ਅੰਦਰ ਬਹਿਕੇ
ਆਪਣਾ ਸਫ਼ਰ ਮੁਕਾ ਲੈਂਦਾ ਹੈ

–0–

ਕਰਮਾਂ ਵਾਲਾ ਇਸ ਦੇਹ ਅੰਦਰ
ਪ੍ਰਭੂ ਨਾਮ ਦਾ ਵਣਜ ਹੈ ਕਰਦਾ
ਇਸ ਵਣਜ ਦੇ ਲਾਭ ਵਿਚ

ਮੋਹ ਮਾਇਆ ਦਾ ਸਾਗਰ ਤਰਦਾ
ਜੋ ਮਾਨਵ
ਮੋਹ ਮਾਇਆ ਦਾ ਪਰਦਾ
ਨਜ਼ਰਾਂ ਤੋਂ ਹਟਾ ਲੈਂਦਾ ਹੈ
ਉਹ ਮਾਨਵ ਇਸ ਮੰਦਰ ਵਿਚ
ਵਸਦੇ ਰੱਬ ਨੂੰ ਪਾ ਲੈਂਦਾ ਹੈ

–0–

ਇਹ ਸਰੀਰ ਇਕ ਕਿਲਾ ਹੈ
ਇਸ ਕਿਲੇ ਦੇ
ਕੂੜ ਹੰਕਾਰ ਦੇ ਦੁਆਰ ਹਨ
ਕਿਲੇ ਦੇ ਅੰਦਰ ਬੈਠਾ ਮਨ
ਆਕੀ ਹੈ
ਕੁਆੜ ਖੋਲ੍ਹਣ ਦੀ ਸੱਤਾ ਨਹੀਂ ਹੈ
ਆਪਣੇ ਸੱਚ ਦਾ ਪਤਾ ਨਹੀਂ ਹੈ
ਜੋ ਇਹ ਕੁਆੜ ਖੋਲ੍ਹ ਹੈ ਲੈਂਦਾ
ਉਸਦੇ ਅੰਦਰ ਬੈਠਾ ਹਰੀ
ਆਪਣੇ ਆਪ ਹੀ ਬੋਲ ਹੈ ਪੈਂਦਾ
ਜਿਸ ਨੂੰ ਸੁਣਕੇ
ਮਾਨਵ ਅੰਮ੍ਰਿਤ ਰਸ ਪੀਂਦਾ ਹੈ
ਕਰ ਕਰ ਦਰਸ਼ਨ ਆਪਣੇ ਰੱਬ ਦੇ
ਉਹ ਮਾਨਵ ਜਗ ਵਿਚ ਜਿਉਂਦਾ ਹੈ

–0–

ਮਨੁੱਖਾ ਦੇਹ ਖੁੱਲ੍ਹਾ ਘਰ ਹੈ
ਗਿਆਨ ਇੰਦਰੇ ਹਨ ਪਹਿਰੇਦਾਰ

ਵਿਸ਼ੇ ਵਿਕਾਰਾਂ ਨਾਲ
ਜੇ ਇਹ ਪਹਿਰੇਦਾਰ ਮਿਲ ਜਾਵਣ
ਤਾਂ ਘਰ ਦੇ ਸ਼ੁਭ ਗੁਣਾਂ ਦੀ
ਚੋਰੀ ਹੋ ਸਕਦੀ ਹੈ
ਬਾਹਰੋਂ ਅੰਦਰ ਝਾਕਣ ਦੇ ਲਈ
ਅੰਦਰੋਂ ਮੋਰੀ ਹੋ ਸਕਦੀ ਹੈ
ਵਿਰਲਾ ਹੀ ਕੋਈ
ਇਹ ਗੱਲ ਜਾਣੇ
ਗੁਰੂ ਕ੍ਰਿਪਾ ਸੰਗ ਸਾਧ ਚੋਰ
ਪਛਾਣੇ

-0-

ਇਹ ਸਰੀਰ ਬੇਮਿਆਦਾ ਹੈ
ਕੋਈ ਪਤਾ ਨਹੀਂ ਮੌਤ ਦਾ
ਕਿਹੜੇ ਵੇਲੇ ਆ ਜਾਵੇ
ਕੀ ਭਰੋਸਾ ਹੈ ਇਸ ਦੇਹ ਦਾ
ਕਦ ਇਸਨੂੰ ਲੈ ਜਾਵੇ
ਫਿਰ ਵੀ ਇਹ ਮੂਰਖ਼ ਮਾਨਵ
ਮਾਇਆ ਦੀ ਪੂਜਾ ਕਰ ਰਿਹਾ ਹੈ
ਜਿਸ ਮਾਇਆ ਨੂੰ
ਸਭ ਨੇ ਛੱਡ ਕੇ ਤੁਰ ਜਾਣਾ ਹੈ
ਉਸ ਸੰਗ ਝੋਲੀਆਂ ਭਰ ਰਿਹਾ ਹੈ
ਜਾਣਦਾ ਨਹੀਂ
ਕੀ ਗਵਾ ਕੀ ਖੱਟ ਰਿਹਾ ਹੈ
ਅਜਾਈਂ ਉਮਰਾ ਕਟ ਰਿਹਾ ਹੈ

-0-

ਜਗਤ ਵਿਚ
ਜੀਵਨ ਦਾ ਜੀਵਨ ਖਿਨ ਭੰਗਰ ਹੈ
ਮੌਤ ਨੇ
ਇਸ ਦੇਹ ਨੂੰ ਮਿੱਟੀ ਕਰ ਦੇਣਾ ਹੈ
ਆਖ਼ਿਰ ਜ਼ਿੰਦਗੀ ਨੇ ਕਬਰੀਂ ਪੈਣਾ ਹੈ
ਜੋ ਜਗਤ ਵਿਚ ਨਜ਼ਰੀਂ ਆਵੇ
ਉਹ ਹਵਾਈ ਕਿਲਾ ਕਹਾਏ
ਸ਼ਾਨ ਬਾਨ ਸੰਗੀ ਸਾਥੀ
ਘਰ ਬਾਹਰ ਸਭ ਕੂੜਾ ਹੈ
ਚਾਰ ਦਿਨਾਂ ਦੀ ਚਾਂਦਨੀ
ਫਿਰ ਹਨ੍ਹੇਰਾ ਹੀ ਹਨ੍ਹੇਰਾ ਹੈ

-0-

ਅਭਾਗਾ ਮਨੁੱਖ
ਪ੍ਰੇਮ ਜਗਤ ਸੰਗ ਪਾ ਬੈਠਾ ਹੈ
ਆਪਣਾ ਰੱਬ ਭੁਲਾ ਬੈਠਾ ਹੈ
ਕੀ ਮਾਣ ਹੈ ਇਸ ਦੇਹੀ ਦਾ
ਜਿਸਨੇ ਮਿੱਟੀ ਹੋ ਜਾਣਾ ਹੈ
ਸਵਾਸਾਂ ਦੀ ਲੱਜ ਟੁੱਟ ਜਾਣਾ ਹੈ
ਸਰੀਰ ਘੜੇ ਨੇ ਫੁੱਟ ਜਾਣਾ ਹੈ
ਆਈ ਮੌਤ ਤੇ ਉੱਡਿਆ ਪੰਛੀ
ਪਿੰਜਰਾ ਖ਼ਾਲੀ ਕਰ ਜਾਣਾ ਹੈ
ਖ਼ਾਲੀ ਆਇਆ ਇਸ ਜਗਤ ਵਿਚ
ਖ਼ਾਲੀ ਹੀ ਵਹਿ ਜਾਣਾ ਹੈ

ਧਨ ਦੌਲਤਾਂ ਦਾ ਕੀ ਕਰਨਾ
ਕਿਉਂ ਹੰਕਾਰੀ ਅਖਵਾਉਣਾ ਹੈ
ਇਹ ਜਨਮ ਤਾਂ ਮੁੜਕੇ
ਮਾਨਵ ਦੇ ਹੱਥ ਨਹੀਂ ਆਉਣਾ ਹੈ

-0-

ਅਨੇਕਾਂ ਆਏ ਅਨੇਕਾਂ ਆਉਣਾ
ਅਨੇਕਾਂ ਨੇ ਤੁਰ ਜਾਣਾ
ਕਿਸੇ ਵੀ ਇੱਥੇ ਸਦਾ ਨਾ ਰਹਿਣਾ
ਹਰ ਇਕ ਹੈ ਪ੍ਰਾਹੁਣਾ
ਜੀਵਨ ਮੋਹ ਇਕ ਖੇਡ ਤਮਾਸ਼ਾ
ਪ੍ਰਭੂ ਨੇ ਖ਼ੁਦ ਰਚਾਇਆ
ਆਪ ਤਮਾਸ਼ਾ ਆਪ ਤਮਾਸ਼ਾਈ
ਆਪੇ ਵੇਖ ਵਿਖਾਇਆ

-0-

ਇਹ ਦੇਹੀ ਮਿੱਟੀ ਦਾ ਭਾਂਡਾ
ਠੋਕਰ ਲਗੇ ਭੱਜ ਜਾਵੇ
ਇਸ ਦੇਹੀ ਦੇ ਭਾਂਡੇ ਖ਼ਾਤਰ
ਮਾਨਵ ਮਹਿਲ ਮਾੜੀਆਂ
ਕਿਲੇ ਉਸਾਰੇ
ਅੰਤ ਇਕ ਘੜੀ ਵੀ
ਰਹਿਣ ਨਹੀਂ ਮਿਲਣਾ
ਦਮ ਨਿਕਲੇ ਦਮ ਵਿਚ ਸਾੜੇ

-0-

ਇਹ ਦੁਨੀਆਂ ਹੈ ਰੰਗ ਤਮਾਸ਼ਾ
ਇਸਦੇ ਰੰਗਾਂ ਦੀ ਮਸਤੀ ਵਿਚ

ਕਿਉਂ ਮਰਨਾ ਭੁੱਲ ਜਾਣਾ
ਚਿੱਟੀ ਦਾੜ੍ਹੀ ਮੌਤ ਦਾ ਸੱਦਾ
ਸਮਝੇ ਹਰ ਸਿਆਣਾ
ਉਸਦੇ ਭਾਣੇ ਜਗਤ 'ਚ ਆਏ
ਉਸਦੇ ਭਾਣੇ ਤੁਰ ਜਾਣਾ

-0-

ਫ਼ਰੀਦਾ
ਮੈਂ ਭੁਲਾਵਾਂ ਪਗ ਦਾ
ਮਤਿ ਮੈਲੀ ਹੋ ਜਾਏ
ਗਹਿਲੀ ਰੂਹ ਨਹੀਂ ਜਾਣਦੀ
ਤਨ ਵੀ ਮਿੱਟੀ ਖਾਏ
ਮਨੁੱਖੀ ਦੇਹ ਇਕ ਘੜਾ ਹੈ
ਕੱਚੀ ਲੱਜ ਸਵਾਸਾਂ ਦੀ ਹੈ
ਘੜਿਆਂ ਦਾ ਟੁੱਟਣਾ ਭੱਜਣਾ
ਨਿੱਤ ਦੁਆਲੇ ਵਿਚਰ ਰਿਹਾ ਹੈ
ਫਿਰ ਵੀ ਮਾਨਵ
ਇਸ ਜਗਤ ਨੂੰ ਗਲ ਨਾਲ
ਲਾਈ ਬੈਠਾ ਹੈ
ਇਸਨੂੰ ਆਪਣਾ ਸਦਾ ਲਈ
ਘਰ ਬਣਾਈ ਬੈਠਾ ਹੈ

-0-

ਵੱਡਭਾਗੀ ਸੋ ਨਰ ਨਾਰੀ
ਜਿਨ੍ਹਾਂ ਪ੍ਰੀਤ ਪ੍ਰਭੂ ਸੰਗ ਲਾਈ
ਸੱਚ ਮੌਤ ਦਾ ਸਦਾ ਸਮਝਿਆ

ਝੂਠੀ ਸਮਝੀ ਇਹ ਲੋਕਾਈ
ਜੋ ਕਰਮ ਕਰਦਾ ਹੈ ਮਾਨਵ
ਉਨ੍ਹਾਂ ਕਰਮਾਂ ਸੰਸਕਾਰਾਂ ਨੂੰ
ਆਪਣੇ ਵਿਚ ਉਤਾਰਦਾ ਹੈ
ਉਨ੍ਹਾਂ ਕਰਮਾਂ ਸੰਸਕਾਰਾਂ ਜਿਹਾ
ਰੂਪ ਆਪਣਾ ਧਾਰਦਾ ਹੈ

-0-

ਕੋਈ ਵੀ ਪ੍ਰਾਣਾਯਾਮ
ਵਿੱਧੀ ਵਿਧਾਨ
ਮਨ ਚੰਚਲਤਾ ਦੀ ਭਟਕਣ ਨੂੰ
ਰੋਕ ਨਹੀਂ ਸਕਦਾ
ਪ੍ਰਭੂ ਸਿਮਰਨ ਬਿਨ
ਮਨ ਨੂੰ ਕੋਈ ਵੀ ਟੋਕ ਨਹੀਂ ਸਕਦਾ
ਜੋ ਮਾਨਵ
ਇਕ ਰੂਪ ਪ੍ਰਭੂ ਸੰਗ ਹੁੰਦਾ ਹੈ
ਉਸਦਾ ਆਤਮਕ ਜੀਵਨ
ਉੱਚਾ ਸੁੱਚਾ ਤੇ ਨਿਸ਼ੰਗ ਹੁੰਦਾ ਹੈ
ਇਹ ਤਦੋਂ ਹੀ ਸੰਭਵ ਹੈ
ਜਦ ਮਾਨਵ ਸਾਸ ਗਰਾਸ
ਪ੍ਰਭੂ ਦਾ ਨਾਮ ਧਿਆਵੇ
ਆਪਣੀ ਸੁਰਤੀ
ਪ੍ਰਭੂ ਚਰਨਾਂ ਵਿਚ ਲਾਵੇ

ਜਦ ਤਕ ਮਾੜੇ ਸੰਸਕਾਰ
ਮਨ ਵਿਚ ਮੌਜੂਦ ਹਨ
ਤਦ ਤਕ ਮਨ ਦੀ ਚੰਚਲਤਾ
ਵਿਚ ਖਰੂਦ ਹਨ

-0-

ਕੋਈ ਉਸਦਾ ਕੀਰਤਨ ਗਾਵੇ
ਕੋਈ ਸਮਾਧੀ ਸੰਗ ਧਿਆਵੇ
ਕੋਈ ਤਿਆਗੀ ਕੋਈ ਮੌਨਧਾਰੀ ਹੈ
ਕੋਈ ਤੀਰਥ ਇਸ਼ਨਾਨੀਂ ਜਾਵੇ
ਕੋਈ ਅਨੇਕਾਂ ਪੁੰਨ ਕਰਦਾ ਹੈ
ਕੋਈ ਰਾਤ ਦਿਨੇ ਜਲ ਵਿਚ ਖੜ੍ਹਦਾ ਹੈ

-0-

ਇਹ ਕਰਮ-ਕਾਂਡ ਸਭ ਬਾਹਰੀ
ਕਿਸੇ ਨਾ ਸੁਰਤੀ ਅੰਦਰ ਉਤਾਰੀ
ਅੰਦਰ ਵਸਦਾ
ਸੁਰਤੀ ਬਿਨ ਕੌਣ ਪਛਾਣੇ
ਜੇ ਮਨ ਬਾਹਰ ਭਟਕਦਾ ਰਹਿੰਦਾ
ਤਾਂ ਅੰਦਰਲਾ ਕੌਣ ਸਿਆਣੇ
ਸਿਮਰਨ ਸੰਗ ਭਟਕਣ ਮਿਟਦੀ ਹੈ
ਸੱਚ ਦੀ ਮੌਤ ਅੰਦਰ ਜਗਦੀ ਹੈ

-0-

ਸੂਰਮਾ ਉਹ ਨਹੀਂ
ਜੋ ਰਣਭੂਮੀ ਵਿਚ ਲੜਦਾ ਹੈ
ਸੂਰਮਾ ਉਹ ਹੈ
ਜੋ ਆਪਣੇ ਮਨ ਸੰਗ ਲੜਦਾ ਹੈ

ਉਹ ਮਾਨਵ
ਜਗਤ ਵਿਚ ਸ਼ੋਭਾ ਕਮਾਵੇ
ਜੋ ਮਾਨਵ ਮਨ ਅੰਦਰ ਝਾਕੇ
ਬਾਹਰੀ ਜਗਤ ਵਿਚ ਨਾ ਭਟਕੇ
ਆਪਣੇ ਅੰਦਰ ਸੁਰਤਿ ਟਿਕਾਵੇ

-0-

ਜੋ ਮਾਨਵ ਮਨ ਜਿੱਤਣਾ ਜਾਣੇ
ਉਹ ਜਗਤ ਫ਼ਤਹਿ ਕਰ ਪਾਵੇ
ਜੋ ਨਰ
ਮਨ ਵਸ ਕਰਨ ਲਈ
ਗ੍ਰਿਸਤ ਤਿਆਗਣ
ਉਹ ਸੁੱਤੇ ਹਨ ਉਹ ਨਾ ਜਾਗਣ
ਜੋ ਆਪਣੇ ਅੰਦਰ ਵਲ ਪਰਤੇ
ਉਹ ਨਰ ਮਨ ਕਾਬੂ ਕਰਦੇ
ਜੋ ਨਰ ਹਰੀ ਨਾਮ ਧਿਆਵੇ
ਅਭਿਆਸ ਕਰੇ ਸਿਮਰਨ ਦਾ
ਮਨ ਟਿੱਕ ਜਾਵੇ
ਮਨ ਦੀ ਦ੍ਰਿਸ਼ਟੀ
ਜਦ ਪ੍ਰਭੂ ਵਿਚ ਟਿੱਕ ਜਾਂਦੀ ਹੈ
ਮਨ ਦੀ ਭਟਕਣ ਮਿਟ ਜਾਂਦੀ ਹੈ

-0-

ਪਰ ਇਹ ਦਾਤ
ਉਸ ਦਾਤੇ ਤੋਂ ਮਿਲਦੀ ਹੈ
ਜਿਵੇਂ ਪਾਣੀ ਵਿਚ ਪਾਣੀ ਮਿਲਕੇ

ਇਕ ਰੂਪ ਹੋ ਜਾਵੇ
ਤਿਵੇਂ ਪ੍ਰਭੂ ਸਿਮਰਨ ਦੀ ਬਰਕਤ ਸੰਗ
ਆਤਮ ਜੋਤ ਪਰਮ ਜੋਤ
ਵਿਚ ਮਿਲ ਜਾਵੇ
ਬ੍ਰਹਮ ਦਾ ਰੂਪ ਕਹਾਵੇ
ਮਨ ਭਟਕਣ ਤੋਂ ਮੁਕਤੀ ਪਾਵੇ

-0-

ਮਨ ਉਸ ਬ੍ਰਹਮ ਦਾ ਅੰਸ਼ ਹੈ
ਜੋ ਨਿਰਾ ਨੂਰ ਹੀ ਨੂਰ ਹੈ
ਮਨ ਅਸਲੇ ਨਾਲ
ਆਪਣੀ ਸਾਂਝ ਬਣਾਵੇ ਮਾਨਵ
ਮਾਨਵ ਤੋਂ ਨਾ ਪ੍ਰਭੂ ਦੂਰ ਹੈ
ਗੁਰੂ ਦੀ ਮਤਿ ਪ੍ਰਾਪਤ ਕਰਕੇ
ਉਸਦੀ ਮਹਿਮਾ ਗਾਵੇ ਮਾਨਵ
ਜਿਸ ਆਪਣਾ ਅਸਲ ਪਛਾਤਾ
ਸਮਝੋ ਉਸ ਆਪਣਾ ਸੱਚ ਜਾਤਾ

-0-

ਪ੍ਰਭੂ ਸੰਗ
ਜਦ ਤੇਰੀ ਜਾਣ-ਪਛਾਣ ਹੋ ਜਾਏਗੀ
ਆਤਮਕ ਮੌਤ ਤੇ ਆਤਮਕ ਜ਼ਿੰਦਗੀ ਦੀ
ਤੈਨੂੰ ਫਿਰ ਸਮਝ ਆਏਗੀ
ਜੋ ਨਰ ਆਪਣਾ ਸੱਚ ਪਹਿਚਾਣੇ
ਉਹ ਨਰ ਹੀ ਬ੍ਰਹਮ ਜਾਣੇ

-0-

ਹੇ ਮਨ
ਤੂੰ ਹੰਕਾਰ ਨਾਲ ਭਰਿਆ ਹੈਂ
ਹੰਕਾਰ ਨਾਲ ਹੀ ਲੱਦਿਆ ਹੋਇਆ
ਇਸ ਜਹਾਨੋਂ ਤੁਰ ਜਾਏਂਗਾ
ਮਾਇਆ ਦੀ ਸੁੰਦਰਤਾ
ਤੈਨੂੰ ਆਪਣੇ ਜਾਲ ਦੇ ਵਿਚ ਫਸਾਇਆ
ਹੋਇਆ ਹੈ
ਇਕ ਦਿਨ ਅੰਤ ਨੂੰ ਪਛਤਾਏਂਗਾ
ਹੰਕਾਰ ਤ੍ਰਿਸ਼ਨਾ ਜਿਉਂਦਾ ਜਿਉਂਦਾ
ਜਿਉਂਦੇ ਜੀਅ ਮਰ ਜਾਏਂਗਾ

-0-

ਆਪ ਹੁੰਦਰੇਪਣ ਸਦਕਾ
ਤੂੰ ਪ੍ਰਭੂ ਨਾਮ ਵਿਸਾਰਿਆ ਹੈ
ਲੋਭ ਮੋਹ ਦੇ ਸਾਗਰ ਵਿਚ
ਲੋਕ ਪ੍ਰਲੋਕ ੳੁਤਾਰਿਆ ਹੈ
ਹੇ ਮਨ
ਮਾਣ ਨਾ ਕਰ ਤੂੰ ਵਿਦਵਾਨ ਹੈਂ
ਗੁਰ ਚਰਨਾ ਦੇ ਲੜ ਲਗ ਜਾ
ਮਾਣ ਤਿਆਗ਼ ਤੂੰ ਅਣਜਾਣ ਹੈ

-0-

ਤੇਰਾ ਅੰਦਰ ਮੈਂ ਹੰਕਾਰ ਨਾਲ ਹੈ ਭਰਿਆ
ਹਰੀ ਨਾਮ ਦੇ ਸਿਮਰਨ ਸੰਗ
ਮਨ ਦੀ ਮੈਲ ਉਤਾਰ

ਹੇ ਮਨ ਤੂੰ ਨਿਮਾਣਾ ਹੋ ਕੇ
ਗੁਰੂ ਚਰਨੀ ਢਹਿ ਪਉ
ਆਪਣਾ ਆਪ ਜਤਾਉਣ ਤੋਂ ਪਹਿਲਾਂ
ਚਰਨ ਧੂੜ ਬਣ ਰਹੁ

–0–

ਵੇਖ ਰਿਹਾ ਹੈਂ
ਸਾਰਾ ਜਗਤ ਸੜ ਰਿਹਾ ਹੈ
ਵਿਚ ਹੰਕਾਰ
ਇਸ ਹੰਕਾਰ ਦੇ ਸਦਕਾ
ਤੂੰ ਵੀ ਲਈਂ ਨਾ ਆਪਾ ਸਾੜ
ਗੁਰੂ ਦਾ ਭਾਣਾ ਮੰਨ ਮੇਰੇ ਮਨ
ਗੁਰੂ ਦਾ ਸ਼ਬਦ ਵਿਚਾਰ
ਗੁਰੂ ਦੇ ਭਾਣੇ ਵਿਚ ਰਹਿ ਕੇ
ਕਰ ਸੱਚ ਦਾ ਕਾਰੋਬਾਰ
ਹੰਕਾਰ ਤਿਆਗ਼ ਸੁੱਖ ਪਾਵੇਂਗਾ
ਨਿਮਾਣਾ ਹੋ ਕੇ ਰਹੁ
ਕਬੂਲਿਆ ਜਾਵੇਂਗਾ ਦਰਗਾਹੇ
ਸਾਧ ਸੰਗਤ ਦੇ ਚਰਨਾਂ ਵਿਚ ਬਹੁ

–0–

ਉਹ ਵੇਲਾ ਮਨ ਭਾਗਾਂ ਭਰਿਆ
ਜਦ ਤੂੰ ਸਤਿਗੁਰ ਪਾਇਆ
ਜਿਸਦੇ ਸਦਕਾ ਪ੍ਰਭੂ ਤੇਰਾ
ਤੇਰੇ ਚੋਂ ਨਜ਼ਰੀਂ ਆਇਆ

ਪਰਮ ਆਨੰਦ ਹੋਇਆ ਮਨ ਅੰਦਰ
ਚਾਨਣ ਚਾਰ ਚੁਫੇਰੇ
ਗੁਰੂ ਕ੍ਰਿਪਾ ਸੰਗ
ਉਸ ਦਾਤੇ ਨੇ ਲਾਏ ਮਨ ਵਿਚ ਡੇਰੇ
ਮਨ ਦੇ ਸਾਰੇ ਔਗੁਣ ਧੁਲ ਗਏ
ਹੋਏ ਦੂਰ ਹਨ੍ਹੇਰੇ

-0-

ਜਦ ਗੁਰੂ ਦੀ ਕ੍ਰਿਪਾ ਹੋਵੇ
ਹਿਰਦੇ ਪ੍ਰਭ ਵਸਾਵੇ
ਸਿਰ ਤੋਂ ਲੈ ਕੇ ਪੈਰਾਂ ਤੀਕਣ
ਤਨ ਰੌਸ਼ਨ ਹੋ ਜਾਵੇ
ਪ੍ਰਭ ਦੀ ਜੋਤ ਜਗੇ ਹਿਰਦੇ ਵਿਚ
ਸਭ ਜਗ ਸੁੰਦਰ ਜਾਪੇ
ਸੁੱਖ ਵਸਿਆ ਮਨ ਮੇਰੇ
ਰੋਗ ਸੰਤਾਪ ਕਟੇ ਸਭ ਆਪੇ
ਜਨਮ ਮਰਨ ਦੇ ਚੱਕਰ ਤੋਂ
ਦੇਹੀ ਮੁਕਤੀ ਪਾਈ
ਪ੍ਰਭ ਦਰਗਾਹੇ ਮਨ ਮੇਰੇ
ਉੱਚ ਪਦਵੀ ਬਣ ਆਈ

-0-

ਅਨੇਕਾਂ ਜੀਵ ਮੋਹ ਮਾਇਆ ਵਿਚ
ਭਟਕੇ ਸੱਚ ਦੇ ਰਾਹੋਂ
ਹਾਊਮੈ ਆਸਰੇ
ਜੀਵਨ ਪਏ ਗੁਜ਼ਾਰਨ

ਮੋਹ ਮਾਇਆ ਵਿਚ
ਭਟਕ ਭਟਕ ਕੇ
ਆਪੇ ਤੋਂ ਦੂਰ ਹੋ ਜਾਵਣ
ਜਿਸ ਦਾਤੇ
ਇਹ ਜਗਤ ਹੈ ਰਚਿਆ
ਉਹ ਚੰਗਾ ਮਾੜਾ ਜਾਣੇ
ਚੰਗਾ ਮਾੜਾ ਸਭ ਉਸਦੇ ਭਾਂਣੇ
ਕੋਈ ਵਿਰਲਾ ਰਮਜ਼ ਪਛਾਣੇ

-0-

ਪ੍ਰਭੂ ਵੱਡਪਣ ਸਦਾ ਸਲਾਮਤ
ਤੇ ਹੈ ਉੱਚਾ ਸੁੱਚਾ
ਉਹ ਬੇਅੰਤ ਪਾਰ ਬ੍ਰਹਮ
ਉਸਦੀ ਸ਼ਕਤੀ ਉਸਦੀ ਮਾਇਆ
ਉਸਦੀ ਕੁਦਰਤ ਕਹੀ ਨਾ ਜਾਏ
ਉਸਦੀ ਵਡਿਆਈ ਅਮਰ ਕਹਾਏ
ਜਿਨ੍ਹਾਂ ਜੀਵਾਂ ਅੰਦਰ ਦਾਤਾ
ਆਪਣੀ ਵਡਿਆਈ ਵਸਾ ਦਿੰਦਾ ਹੈ
ਉਹ ਸਦਾ
ਉਸਦੀ ਸਿਫ਼ਤ ਸਲਾਹ ਕਰਦੇ ਹਨ
ਉਸਦੀ ਕ੍ਰਿਪਾ ਸਦਕਾ
ਉਹ ਚਿੱਤ ਆਪਣਾ
ਉਸਦੇ ਵਿਚ ਹੀ ਲਾ ਰੱਖਦੇ ਹਨ

ਜਿਨ੍ਹਾਂ ਨੂੰ ਦਾਤਾ ਚਰਨੀਂ ਲਾਵੇ
ਉਹ ਉਸਦੇ ਹੀ ਹੋ ਜਾਵਣ
ਉਸ ਸੰਗ ਸੁਰਤੀ ਜੋੜੀ ਰੱਖਣ
ਉਸਦਾ ਸੱਚ ਕਹਾਵਣ

-0-

ਮਨੁੱਖ
ਜੀਵਨ ਦੇ ਰੁਝੇਵੇਂ ਜਿਉਂਦਾ
ਦੁੱਖ ਤਕਲੀਫ਼ਾਂ ਔਕੜਾਂ ਜਰਦਾ
ਰੋਜ਼ਾਨਾਂ ਜੀਵਨ ਵਿਚ
ਡੁੱਬਦਾ ਤਰਦਾ
ਆਪਾ ਰੋਜ਼ ਨਿਚੋੜਦਾ ਭਰਦਾ
ਮੁੜ੍ਹਕੋ ਮੁੜ੍ਹਕੀ ਕਤਰਾ ਕਤਰਾ
ਜ਼ਰਾ ਜ਼ਰਾ ਕਣ ਕਣ ਹੋ ਵਿਚਰਦਾ
ਆਪਣਾ ਆਪਾ
ਰੋਜ਼ ਹੈ ਢਾਹੁੰਦਾ ਰੋਜ਼ ਉਸਾਰਦਾ
ਜ਼ਿੰਦਗੀ ਦੇ ਵਿਚ ਪਲ ਪਲ ਜਿਉਂਦਾ
ਪਲ ਪਲ ਮਰਦਾ
ਦੁਨੀਆਂ ਦੇ ਸਮੁੰਦਰ
ਰਣਭੂਮੀ ਰੰਗ ਮੰਚ ਤੇ
ਮੋਹ ਮਾਇਆ ਵਿਚ ਵਿਚਰਦਾ

-0-

ਦੁਨੀਆਂ ਦੀ
ਇਸ ਕਾਰਜ ਪ੍ਰਣਾਲੀ ਚੋਂ
ਮਾਨਵ ਲਈ ਉਪਰਾਮਤਾ ਉਪਜੀ

ਕਿਉਂਕਿ ਮਾਨਵ
ਕਦੀ ਨਾ ਆਪਣੇ ਨਾਲ ਬੈਠਦਾ
ਕਦੀ ਨਾ ਆਪਣੇ ਸੰਗ ਤੁਰਦਾ
ਕਦੀ ਨਾ ਆਪਣੇ ਨਾਲ ਬੋਲਦਾ
ਕਦੀ ਨਾ ਆਪਾ ਸੁਣਦਾ
ਕਦੀ ਨਾ ਆਪਣੇ ਅੰਦਰ ਵੜਦਾ
ਕਦੀ ਨਾ ਆਪਾ ਤੱਕਦਾ

–0–

ਮੋਹ ਮਾਇਆ
ਧਨ ਪਦਾਰਥ ਤੇ ਇਸਤਰੀ ਰੰਗ 'ਚ
ਰੰਗਿਆ ਰਹਿੰਦਾ ਹੈ
ਨਾਸ਼ਵੰਦ ਸੰਸਾਰ ਨੂੰ ਸੱਚ ਸਮਝ ਕੇ
ਇਸਦੇ ਵਿਚ ਹੀ ਰੁੱਝਿਆ ਰਹਿੰਦਾ ਹੈ
ਸੰਸਾਰ ਦੀ ਝੂਠੀ ਪ੍ਰੀਤੀ ਅੰਦਰ ਹੀ
ਸਾਰੀ ਉਮਰਾ ਡੁੱਬਿਆ ਰਹਿੰਦਾ ਹੈ
ਰਾਤ ਦਿਨੇ
ਐਸ਼ੋ ਇਸ਼ਰਤ ਤੇ ਵਿਕਾਰਾਂ ਵਿਚ
ਖੁੱਭਿਆ ਰਹਿੰਦਾ ਹੈ

–0–

ਜਦ ਉਸਨੂੰ ਅਹਿਸਾਸ ਹੁੰਦਾ ਹੈ
ਜਗ ਝੂਠਾ ਹੈ
ਜਿਸ ਦੇ ਮੋਹ ਵਿਚ
ਉਹ ਸਭ ਕੁੱਝ ਭੁਲਾਈ ਬੈਠਾ ਹੈ
ਫਿਰ ਪਛਤਾਉਂਦਾ ਹੈ

ਟੁੱਟ ਭੱਜ ਜਾਂਦਾ ਹੈ
ਆਪਣਾ ਤਿੜਕਿਆ ਚਿਹਰਾ
ਜਦ ਮਾਨਵ ਨੂੰ ਨਜ਼ਰੀਂ ਆਉਂਦਾ ਹੈ
ਪਛਤਾਵੇ ਬਿਨ
ਮਾਨਵ ਪੱਲੇ ਕੁੱਝ ਨਾ ਰਹਿੰਦਾ ਹੈ

-0-

ਪਛਤਾਵੇ ਦਾ ਸੱਚ ਹੰਢਾਉਂਦਾ
ਹੋ ਉਪਰਾਮ
ਇਸ ਜਗਤ ਤੋਂ ਮੁਕਤੀ ਚਾਹੁੰਦਾ ਹੈ
ਸੁੱਖ-ਸ਼ਾਂਤੀ ਫਿਰੇ ਭਾਲਦਾ
ਜੋ ਉਸਨੂੰ ਮਰਜੀਵੜਾ ਹੋਣ ਤੋਂ
ਪਹਿਲਾਂ ਪ੍ਰਾਪਤ ਹੋ ਨਹੀਂ ਸਕਦਾ

-0-

ਇਹ ਉਪਰਾਮਤਾ ਹੀ ਮਨੁੱਖ ਨੂੰ
ਗੁਆਚੀ ਹੋਂਦ ਲਈ ਉਕਸਾਉਂਦੀ ਹੈ
ਮਾਨਵ ਆਪਣੇ
ਬਿਖ਼ਰੇ ਤੇ ਗੁਆਚੇ ਅੰਗਾਂ ਨੂੰ
ਤਲਾਸ਼ਦਾ ਹੈ
ਆਪਣੇ ਆਪ ਨੂੰ ਜੋੜਣ ਦਾ
ਜੀਵਨ ਪ੍ਰਯੋਜਨ ਭਾਲਦਾ ਹੈ
ਉਹ ਕੀ ਹੈ ਉਹ ਕੌਣ ਹੈ
ਉਹ ਕਿੱਥੋਂ ਆਇਆ
ਉਸ ਕਿੱਥੇ ਜਾਣਾ ਹੈ
ਜੀਵਨ ਕੀ ਹੈ ਮ੍ਰਿਤੂਯ ਕੀ ਹੈ

ਇਨ੍ਹਾਂ ਸਵਾਲਾਂ ਦੀ ਸੂਲੀ
ਆਂਪਾ ਚਾੜ੍ਹਦਾ ਹੈ

-0-

ਹਰ ਰੋਜ਼ ਹੀ ਜੀਵਨ ਭੱਠੀ ਵਿਚ
ਆਪਣੇ ਹੱਡ ਬਾਲਦਾ ਹੈ
ਆਪਣੀ ਜ਼ਿਹਨੀ ਭੁੱਖ ਮਿਟਾਵਣ ਲਈ
ਪੱਥਰਾਂ ਨੂੰ ਨਿਚੋੜਦਾ ਹੈ
ਆਪਣੀ ਪਿਆਸ ਬੁਝਾਉਂਦਾ ਹੈ
ਆਪਾ ਤਿੜਕਿਆ ਜੋੜਦਾ ਹੈ

-0-

ਮਨੁੱਖ ਜਦ ਆਪਣੇ ਆਪ ਨੂੰ
ਕਈ ਹਿੱਸਿਆਂ ਰਿਸ਼ਤਿਆਂ
ਚਿਹਰਿਆਂ ਅੰਗਾਂ ਨਕਸ਼ਾਂ ਵਿਚ
ਤਕਸੀਮਿਆ ਪਾਉਂਦਾ ਹੈ
ਤਾਂ ਆਪਣੀ ਇਕਾਈ ਦੀ ਭਾਲ 'ਚ
ਉਤਰ ਜਾਂਦਾ ਹੈ

-0-

ਦੁਨੀਆਂ ਤੇ ਸਮਾਜ ਦੇ
ਵਿਚਰਨ ਧਰਾਤਲ ਹੇਠ
ਆਇਆ ਮਾਨਵ
ਜਦ ਆਪਣਾ ਦਮ ਤੋੜਦਾ ਹੈ
ਤਾਂ ਆਪਣੇ ਸਿਰ ਤੋਂ
ਇਹ ਸਾਰਾ ਭਾਰ ਉਤਾਰ
ਸੁਤੰਤਰ ਹੋਣਾ ਲੋਚਦਾ ਹੈ

-0-

ਮੋਹ ਮਾਇਆ
ਦੁਨੀਆਂ ਦੇ ਕਾਰੋਬਾਰ ਤੇ ਲਾਲਚ
ਹੰਕਾਰ ਤੇ ਜੀਵਨ ਬੋਝ ਹਿਫ਼ਾਜ਼ਤ ਤੋਂ
ਮਨੁੱਖ ਆਜ਼ਾਦੀ ਭਾਲਦਾ ਹੈ
ਜਿਉਂਦੇ ਜੀਅ ਤੇ ਮਰਨ ਦੇ ਪਿੱਛੋਂ
ਸੁਤੰਤਰਤਾ ਦਾ ਸੰਕਲਪ ਉਸਾਰਦਾ ਹੈ

-0-

ਸਰੀਰਕ ਤੇ
ਆਤਮਕ ਸੁਤੰਤਰਤਾ ਦੀ ਇੱਛਾ
ਦੁਨਿਆਵੀ ਜੀਵਨ ਚੋਂ ਹੀ ਉਪਜਦੀ ਹੈ
ਮਨੁੱਖੀ ਦੇਹ ਜਦ ਸੜਦੀ ਹਵਾ
ਤੇ ਅੱਗ ਦੇ ਦਰਿਅ ਚੋਂ ਗੁਜ਼ਰਦੀ ਹੈ
ਸੁੱਖਾਂ ਵਿਚ ਮਨੁੱਖ ਨੂੰ ਜੀਵਨ
ਜੀਵਨ ਯੋਗ ਲੱਗਦਾ ਹੈ
ਜਦ ਮਨੁੱਖ ਜੀਵਨ ਵਿਚ
ਦੁੱਖਾਂ ਦਾ ਅਨੁਭਵ ਕਰਦਾ ਹੈ
ਤਾਂ ਇਹ ਜਗ ਘਰ ਦੁੱਖਾਂ ਦਾ ਲੱਗਦਾ ਹੈ

-0-

ਜਦ ਮਨੁੱਖ ਜੀਵਨ ਵਿਚ ਇਹ
ਅਨੁਭਵ ਕਰਦਾ ਹੈ
ਕਿ ਸੰਸਾਰ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ
ਮਾਇਆ ਜਾਲ ਹੈ
ਇਹ ਇਨਸਾਨੀਅਤ ਨਹੀਂ

ਗ਼ੈਰ-ਮਨੁੱਖੀ ਵਿਕਾਰਾਂ ਦਾ ਸਥਾਨ ਹੈ
ਸਥਿਰ ਨਹੀਂ ਇਹ ਚਲਣਹਾਰ ਹੈ
ਬੰਦਾ ਨਾ ਕੁੱਝ ਲੈ ਕੇ ਆਉਂਦਾ ਹੈ
ਨਾ ਕੁੱਝ ਲੈ ਕੇ ਜਾਂਦਾ ਹੈ
ਕਬਰ ਵਿਚ ਹੁੰਦੀਆਂ ਨੇ ਲੱਤਾਂ
ਜਦ ਸੱਚ ਇਹ ਸਮਝੀਂ ਆਉਂਦਾ ਹੈ

-0-

ਮਾਨਵ ਜਦ ਵੇਖਦਾ ਹੈ
ਕੁੱਝ ਵੀ ਉਸਦੇ ਅਨੁਕੂਲ ਨਹੀਂ ਹੈ
ਤਾਂ ਉਹ ਦੁਨੀਆਂ ਤੋਂ
ਉਪਰਾਮ ਹੋ ਜਾਂਦਾ ਹੈ
ਮਨੁੱਖ ਚੋਂ ਹੀ
ਸੁਤੰਤਰਤਾ ਤੇ ਮੁਥਾਜ਼ੀ ਰਹਿਤਤਾ
ਦਾ ਅੰਕੁਰ ਪੁੰਗਰ ਪੈਂਦਾ ਹੈ

-0-

ਜਿੰਨਾ ਚਿਰ ਮਨੁੱਖ ਜਿਉਂਦਾ ਹੈ
ਸੰਸਾਰਕ ਦੁੱਖ ਭੋਗਣੇ ਪੈਂਦੇ ਹਨ
ਜਿਉਂਦੇ ਜੀਅ ਮਾਨਵ
ਜੀਵਨ ਤੋਂ ਛੁਟਕਾਰਾ ਪਾ
ਨਹੀਂ ਸਕਦਾ
ਜਿਉਂਦੇ ਜੀਅ ਇਸ ਦੁਨੀਆਂ ਤੋਂ
ਛੁਟਕਾਰਾ ਪਾਉਣ ਲਈ
ਮਨੁੱਖ ਦੇ ਅੰਦਰ
ਜ਼ਿਉਂਦੇ ਜੀਅ ਦੇਹ ਤੋਂ ਮੁਕਤੀ

ਪਾਉਣ ਦਾ ਵਿਚਾਰ ਆਉਂਦਾ ਹੈ
ਕਈ ਵਾਰ ਇਹ ਵਿਚਾਰ
ਮਨੁੱਖ ਨੂੰ ਖ਼ੁਦਕੁਸ਼ੀ ਵੱਲ ਲੈ ਜਾਂਦਾ ਹੈ
ਜੋ ਇਕ ਰੋਗ ਹੈ ਨਿੰਦਣਯੋਗ ਹੈ

-0-

ਦੁਨੀਆਂ ਜਾਂ ਜੀਵਨ ਤੋਂ
ਛੁਟਕਾਰਾ ਪਾਉਣ ਲਈ
ਸਾਡੇ ਵੇਦਾਂ ਸ਼ਾਸਤਰਾਂ ਗ੍ਰੰਥਾਂ
ਸਰਵਸ੍ਰੇਸ਼ਟ ਰਾਹ ਦੱਸੇ ਹਨ
ਕਿ ਮਨੁੱਖ
ਸੰਸਾਰ ਦੇ ਵਿਚ ਰਹਿੰਦਾ ਹੋਇਆ
ਮਾਇਆ ਤੋਂ ਨਿਰਲੇਪ ਰਹੇ

-0-

ਗ੍ਰੰਥਾਂ ਵਿਚ ਇਹ ਰਾਹ ਹੈ
ਸੰਸਾਰ 'ਚ
"ਮਰਜੀਵੜਾ" ਰਹਿ ਕੇ ਮਾਨਵ
ਮਾਇਆ ਤੋਂ ਨਿਰਲੇਪ ਹੋ ਸਕਦਾ ਹੈ
ਮਨੁੱਖ ਨੂੰ ਮਰਜੀਵੜਾ ਹੋ ਕੇ
ਜਿਉਣਾ ਪਏਗਾ
ਮੌਤ ਦਾ ਸੱਚ ਸਮਝਣਾ ਪਏਗਾ
ਜੀਵਨ ਸੱਚ ਹੰਢਾਉਣਾ ਪਏਗਾ

-0-

ਜਦ ਮਨੁੱਖ
ਮਰਜੀਵੜਾ ਹੋ ਕੇ ਜਿਉਂਦਾ ਹੈ
ਆਪਣੀਆਂ ਇੱਛਾਂ ਤੇ ਕਾਬੂ ਪਾਉਂਦਾ ਹੈ

ਇੱਛਾਵਾਂ ਤੇ ਕਾਬੂ ਪਾਉਣ ਨਾਲ
ਮੋਹ ਮਾਇਆ ਤੇ ਲਾਲਚ ਤੋਂ
ਛੁੱਟ ਜਾਂਦਾ ਹੈ
ਸਬਰ ਸੰਤੋਖ
ਤੇ ਸਾਦਾ ਜੀਵਨ ਜਿਉਣ ਦਾ
ਆਦੀ ਹੋ ਜਾਂਦਾ ਹੈ
ਦੁੱਖਾਂ ਦੀ ਥਾਂ
ਸੁੱਖਾਂ ਦਾ ਭੋਗੀ ਹੋ ਜਾਂਦਾ ਹੈ
ਕਿਉਂਕਿ ਦੁੱਖਾਂ ਦੀ ਜੜ੍ਹ ਇੱਛਾ ਹੈ
ਇੱਛਾ ਫ਼ਤਹਿ
ਆਨੰਦ ਪ੍ਰਾਪਤੀ ਦਾ ਸੁੱਖ ਹੈ
ਜੋ ਮਾਨਵ ਹੰਢਾਉਂਦਾ ਹੈ
ਦੁਨੀਆਂ ਦੇ ਦੁੱਖਾਂ ਤੋਂ ਮੁਕਤੀ
ਪਾਉਂਦਾ ਹੈ

–0–

ਮਾਨਵ ਦੀਆਂ ਪ੍ਰਵਿਰਤੀਆਂ
ਮਨ ਦਾ ਮੋਹ ਤਿਆਗ਼ਦੀਆਂ ਹਨ
ਇਸ ਆਨੰਦ ਨਾਲ
ਮਨੁੱਖ ਨੂੰ ਹੋਰ ਉਤੇਜਤ ਕਰਦੀਆਂ ਹਨ
ਇਸ ਆਨੰਦ ਦਾ ਅੰਮ੍ਰਿਤ ਰਸ
ਮਾਨਵ ਲਈ
ਆਤਮ ਪ੍ਰਾਪਤੀ ਦਾ ਦਰ ਖੋਲ੍ਹਦਾ ਹੈ
ਉਸਦੇ ਅੰਦਰੋਂ ਉਸਦਾ ਆਪਾ ਬੋਲਦਾ ਹੈ

–0–

ਮਰਜੀਵੜਾ ਹੋ ਕੇ ਮਾਨਵ
ਉਸਦਾ ਭਾਣਾ ਮੰਨਦਾ ਹੈ
ਭਾਣੇ ਵਿਚ ਖ਼ੁਸ਼ ਰਹਿੰਦਾ ਹੈ
ਮਾਨਵ ਚੇਤਨਾ ਵਿਚ
ਸਬਰ ਸੰਤੋਖ਼ ਦਾ ਵਾਧਾ ਹੁੰਦਾ ਹੈ
ਦੁੱਖ ਸੁੱਖ ਸਮਤਲ ਰੂਪ ਦੇ
ਵਿਚ ਹੰਢਾਉਂਦਾ ਹੈ
ਭਾਣਾ ਮਨ਼ ਜਿਉਣ ਦਾ ਬਲ
ਪਾਉਂਦਾ ਹੈ

-0-

ਦੁਨੀਆਂ ਦੇ ਮੋਹ ਮਾਇਆ
ਦਾ ਕਸ਼ਟ
ਮਰਜੀਵੜੇ ਮਾਨਵ ਨੂੰ
ਆਮ ਲੋਕਾਂ ਨਾਲੋਂ ਘੱਟ ਹੁੰਦਾ ਹੈ
ਉਸਦੇ ਜੀਵਨ ਵਿਚ
ਸਬਰ ਸੰਤੋਖ਼ ਆਨੰਦ ਸ਼ਾਂਤੀ ਦੀ
ਮਿਠਾਸ ਘੁਲ ਜਾਂਦੀ ਹੈ
ਜੀਵਨ ਵਿਚ ਲਾਲਚ ਦੀ
ਤੀਬਰਤਾ ਮੁੱਕ ਜਾਂਦੀ ਹੈ

-0-

ਇਸ ਅਵੱਸਥਾ ਵਿਚ
ਸੰਸਾਰਕ ਜੀਵਨ ਜਿਉਂਦੇ ਵੀ
ਮਾਨਵ ਮਨ ਵਿਚ
ਆਨੰਦ ਦਾ ਚਸ਼ਮਾਂ ਫੁੱਟਿਆ ਰਹਿੰਦਾ ਹੈ

ਮਾਨਵ ਮਨ ਤੇ ਬਿਰਤੀ
ਇਸ ਅੰਮ੍ਰਿਤ ਰਸ ਨਾਲ
ਜੁੜਿਆ ਰਹਿੰਦਾ ਹੈ

-0-

ਮਨ ਦੇ ਆਨੰਦ ਦੀ ਸਾਂਝ ਵਿਚੋਂ ਹੀ
ਮਾਨਵ ਹੋਂਦ ਦਾ ਸੱਚ ਕੀ ਹੈ
ਇਹ ਜਾਨਣ ਦੀ ਇੱਛਾ ਜਾਗਦੀ ਹੈ
ਮਾਨਵ ਇਸ ਇੱਛਾ ਦੀ ਭਾਲ ਹੈ ਕਰਦਾ
ਇਸ ਭਾਲ ਦੇ ਸੱਚ ਲਈ
ਮਾਨਵ ਲਈ ਗੁਰੂ ਜ਼ਰੂਰੀ ਹੈ
ਜੋ ਮਨਵ ਨੂੰ ਸਵੈ ਸੱਚ ਦੇ ਦਰ ਤੇ
ਲੈ ਜਾਂਦਾ ਹੈ
ਇਸ ਸਵੈ ਸੱਚ ਦੇ ਦਰ ਨੂੰ
ਸ਼ਾਸਤਰ ਆਤਮ ਕਹਿੰਦਾ ਹੈ

-0-

ਇਸ ਅਵੱਸਥਾ ਵਿਚ
ਗੁਰੂ ਸ਼ਬਦ ਹੀ ਇਕ ਸਹਾਰਾ ਹੈ
ਜੋ ਮਾਨਵ ਲਈ ਆਤਮ ਦਾ ਦਰ ਖੋਲ੍ਹੇ
ਗੁਰੂ ਕ੍ਰਿਪਾ ਤੇ
ਗੁਰੂ ਸ਼ਬਦ ਅਭਿਆਸ ਨਾਲ
ਜਦ ਸਵੈ ਦਾ ਦਰ ਖੁੱਲ੍ਹਦਾ ਹੈ
ਤਾਂ ਮਾਨਵ
ਆਪਣੇ ਆਤਮ ਦੇ ਦਰਸ਼ਨ ਕਰਦਾ ਹੈ

ਆਪਣਾ ਆਪਾ ਪਹਿਚਾਣ ਲੈਂਦਾ ਹੈ
ਅਸਲ ਠਿਕਾਣਾ ਜਾਣ ਲੈਂਦਾ ਹੈ

-0-

ਜੀਵ ਜਦ ਮਰਜੀਵੜਾ ਹੋ ਕੇ
ਆਪਣੇ ਸਵੈ ਦਾ ਸਿਮਰਨ
ਤੇ ਧਿਆਨ ਹੈ ਕਰਦਾ
ਤਾਂ ਉਸਨੂੰ ਆਪਣੇ ਸਵੈ
ਆਪਣੇ ਆਤਮ ਦਾ ਗਿਆਨ ਹੁੰਦਾ ਹੈ
ਫਿਰ ਮਾਨਵ
ਆਤਮਕ ਜੀਵਨ ਜਿਉਣਾ
ਸ਼ੁਰੂ ਹੈ ਕਰਦਾ
ਆਪਣਾ ਸੱਚ ਤਲੀ ਹੈ ਧਰਦਾ

-0-

ਉਸਦੇ ਅੰਦਰ
ਨੇਕੀ ਦਯਾ ਪਿਆਰ ਸੱਚ
ਸੁੰਦਰਤਾ ਦਾ ਦੀਵਾ ਹੈ ਜਗਦਾ
ਉਸ ਮਨੁੱਖ 'ਚ
ਮਨੁੱਖਤਾ ਲਈ ਹੈ ਪਿਆਰ ਉਮੜਦਾ
ਸਾਰਾ ਜਗਤ ਹੈ
ਉਸਨੂੰ ਆਪਣਾ ਲੱਗਦਾ
ਜੋ ਸਵੈ ਉਸਦੇ ਅੰਦਰ ਹੈ
ਉਹੀ ਸਭਨਾਂ ਵਿਚ ਹੈ ਵਸਦਾ

-0-

ਜੋ ਮਾਨਵ
ਆਪਣਾ ਆਪ ਪਛਾਣ ਲੈਂਦਾ ਹੈ
ਉਹ ਅਨੁਸ਼ਾਸਨ ਤੇ
ਕਿਰਦਾਰ ਦੀ ਅਹਿਮੀਅਤ
ਜਾਣ ਲੈਂਦਾ ਹੈ
ਉਸ ਮਾਨਵ ਅੰਦਰ
ਮਨੁੱਖ ਮਨੁੱਖਤਾ ਸਗਲ ਸੰਸਾਰ ਦੀ
ਰਚਨਾ ਤੇ ਪ੍ਰਕਿਰਤੀ ਲਈ
ਪਿਆਰ ਸੁੰਦਰਤਾ ਤੇ
ਕਲਿਆਣ ਦੀ ਭਾਵਨਾ
ਪ੍ਰਬਲ ਹੋ ਜਾਂਦੀ ਹੈ
ਉਸਦੀ ਮੈਂ ਮਰ ਜਾਂਦੀ ਹੈ
ਤੂੰ ਹੀ ਤੂੰ ਹੋ ਜਾਂਦੀ ਹੈ

-0-

ਦੁਨੀਆਂ ਦੀ ਮੌਥਾਜ਼ੀ ਦੇ
ਭਾਰ ਹੇਠਾਂ ਆਇਆ ਬੰਦਾ
ਟੁੱਟ ਜਾਂਦਾ ਹੈ ਤਿੜਕ ਜਾਂਦਾ ਹੈ
ਬਿਖ਼ਰ ਜਾਂਦਾ ਹੈ
ਉਦਾਸੀ ਤੋਂ ਬਿਨ ਕੁੱਝ ਵੀ ਨਾ
ਪੱਲੇ ਰਹਿੰਦਾ ਹੈ
ਚੁੱਪ ਇਕੱਲਤਾ ਰੋਜ਼ਗਾਰ ਦੇ
ਗ਼ਮਾਂ ਨੇ ਉਸਨੂੰ ਘੇਰ ਲਿਆ ਹੈ
ਬੰਦੇ ਤੋਂ ਬੰਦੇ ਨੇ ਮੂੰਹ ਫੇਰ ਲਿਆ ਹੈ

-0-

ਬੰਦੇ ਦੀ ਤਕਸੀਮ ਤਾਂ ਵੇਖੋ
ਲੱਤਾਂ ਕਿਤੇ ਬਾਹਾਂ ਕਿਤੇ
ਅੱਖਾਂ ਜੀਭਾਂ ਸਿਰ ਕਿਤੇ
ਧੜ ਕਿਤੇ ਹੈ ਦਿਲ ਕਿਤੇ
ਕਿਵੇਂ ਇਕੱਠਾ ਕਰੇ ਅੰਗਾਂ ਨੂੰ
ਸਿਰਜੇ ਆਪਣਾ ਆਪ
ਬੰਦੇ ਦੀ ਆਪਣੀ ਹੋਣੀ
ਖ਼ੁਦ ਹੈ ਇਕ ਸਰਾਪ

-0-

ਮਰਜੀਵੜਾ ਹੋ ਕੇ ਮਾਨਵ
ਜੇ ਮਾਇਆ ਮੋਹ ਤਿਆਗੇ
ਆਪਣਾ ਸੱਚ ਆਪ ਪਛਾਣੇ
ਹੋ ਕੇ ਆਪਣੇ ਲਾਗੇ
ਆਪਣੇ ਸਵੈ ਨੂੰ ਸਿਮਰੇ ਮਾਨਵ
ਅੱਖਾਂ ਖੋਲ੍ਹੇ ਜਾਗੇ
ਆਪਣੇ ਸਵੈ ਨੂੰ ਸਿਮਰਦਾ
ਮਾਨਵ ਦਰ ਸਵੈ ਦੇ ਆਇਆ
ਬੂਹਾ ਖੋਲ੍ਹ ਜਦ ਤੱਕਿਆ ਮਾਨਵ
ਆਪਣੇ ਵਿਚ ਰੱਬ ਪਾਇਆ

-0-

ਮਾਨਵ
ਆਪਣੀ ਦੇਹ ਤੋਂ ਮੁਕਤੀ ਪਾ ਕੇ
ਆਤਮ ਰੂਪ ਵਟਾਇਆ
ਸਵੈ ਜਿਉਂਦੇ ਸਵੈ ਹੰਢਾਉਂਦੇ

ਸਵੈ ਵਿਚ ਵਿੱਚਰਦੇ ਮਾਨਵ ਨੂੰ
ਚੇਤਨਾ ਵਿਹੜੇ
ਦੇਹ ਤੋਂ ਮੁਕਤੀ ਪ੍ਰਾਪਤੀ ਦੀ
ਮੌਥਾਜ਼ੀ ਦਾ ਅਹਿਸਾਸ
ਪੁੰਗਰਦਾ ਨਜ਼ਰੀਂ ਆਇਆ

-0-

ਦੇਹ ਤੋਂ ਮੁਕਤੀ ਪਾ ਕੇ ਮਾਨਵ
ਆਤਮ ਪ੍ਰਾਪਤੀ ਦੀ ਮੌਥਾਜ਼ੀ ਦੇ
ਅਹਿਸਾਸ ਸੰਗ ਗਿਆ ਪ੍ਰਨਾਇਆ
ਨਾ ਮੁਕਤੀ ਤੋਂ ਪਹਿਲਾਂ ਮੁਕਤ ਸੀ
ਨਾ ਮੁਕਤੀ ਤੋਂ ਬਾਅਦ
ਮਾਨਵ ਚੇਤਨਾ ਬੀਜ ਗਈ
ਮਾਨਵ ਹਿਰਦੇ ਮੌਥਾਜ਼ੀ ਦਾ ਅਹਿਸਾਸ

-0-

ਸ਼ਾਇਦ
ਦੇਹ ਦੀ ਮੁਕ੍ਤੀ ਆਤਮ ਪ੍ਰਾਪਤੀ
ਮੁਕਤੀ ਦਾ ਪਹਿਲਾ ਪੜਾਅ ਹੈ
ਆਤਮਾ ਤੋਂ ਆਤਮਾ ਦੀ ਮੁਕਤੀ
ਮੁਕਤੀ ਦਾ ਦੂਜਾ ਪੜਾਅ ਹੈ
ਇਸ ਪੜਾਅ ਤੋਂ ਅੱਗੇ
ਉਸ ਦਾਤੇ ਦੀ ਦਰਗਾਹ ਹੈ
ਦਰਗਾਹ ਦੀ ਸਰਦਲ ਟੱਪਦੀ
ਆਤਮਾ
ਸਰਗੁਣ ਤੋਂ ਨਿਰਗੁਣ ਰੂਪ ਵਟਾ ਲੈਂਦੀ ਹੈ

ਆਪਣੀ ਹੋਂਦ ਭੁਲਾ ਜਾਂਦੀ ਹੈ
ਆਪਣੀ ਚੇਤਨਾ ਜਗਿਆਸਾ ਤੋਂ
ਮੁਕਤੀ ਪਾ ਜਾਂਦੀ ਹੈ
ਆਪਣਾ ਸਭ ਕੁੱਝ ਖੋਹ ਜਾਂਦੀ ਹੈ
ਸਿਰਫ਼ ਸ਼ੂਨਯ ਹੋ ਜਾਂਦੀ ਹੈ
ਜੋ ਆਤਮਾ ਦਾ ਸੱਚ ਹੈ
ਉਸ ਸੱਚ ਨੂੰ ਪਾ ਜਾਂਦੀ ਹੈ
ਸੱਚ ਜੋ ਬੰਧਨ ਮੁਕਤ ਹੈ
ਮੌਥਾਜ਼ੀ ਰਹਿਤ ਹੈ
ਕਰਤਾ ਪੁਰਖ ਹੈ
ਨਿਰਭੋਉ ਨਿਰਵੈਰ ਹੈ
ਅਕਾਲ ਮੂਰਤਿ ਆਜੂੰਨੀ ਸੈਭੰ ਹੈ
ਹੈ ਭੀ ਸੱਚ ਹੋਸੀ ਭੀ ਸੱਚ ਹੈ
ਇਹ ਸੱਚ
ਅਸਲ ਸੁਤੰਤਰਤਾ ਦੀ ਕੁੱਖ ਹੈ
ਆਪੇ ਜੀਵ ਆਪੇ ਰੁੱਖ ਹੈ

------

## ਗੁਰੂ

ਜੇ ਸੌ ਚੰਦਾ ਉੱਗ ਵਹੇ
ਸੂਰਜ ਚੜ੍ਹੇ ਹਜ਼ਾਰ
ਏਤੇ ਚਾਨਣ ਹੋਂਦਿਆਂ
ਗੁਰੂ ਬਿਨ ਘੋਰ ਅੰਧਾਰੰ

-0-

ਆਤਮਾ ਵਿਚ ਰਾਮ ਸਮਾਇਆ
ਰਾਮ ਸਮਾਇਆ ਆਤਮ
ਗੁਰੂ ਕ੍ਰਿਪਾ ਤੇ ਜਾਣੇ
ਆਪਣੇ ਆਪ 'ਚ ਉਤਰਕੇ ਬੈਠੇ
ਆਪਣਾ ਸੱਚ ਸਿਆਣੇ
ਵੇਦ ਕਤੇਬਾਂ ਪੜ੍ਹ ਪੜ੍ਹ ਥੱਕੇ
ਬੁੱਝ ਨਾ ਸਕੇ ਪ੍ਰਭ ਏਕਾ
ਗੁਰੂ ਦੀ ਨਦਰਿ ਨਿਹਾਲ ਹੋਈ
ਤਾਂ ਆਪਣੇ ਵਿਚ ਪ੍ਰਭੂ ਦੇਖਾ

-0-

ਗੁਰੂ ਜਨਮਦਾਤਾ ਮਾਂ ਮਮਤਾ
ਗੁਰੂ ਮਾਲਿਕ ਗੁਰੂ ਕਰਤਾ
ਗੁਰੂ ਨਾਮ ਹਨ੍ਹੇਰਾ ਹਰਤਾ
ਗੁਰੂ ਪਿਤਾ ਗੁਰੂ ਸਬੰਧੀ
ਗੁਰੂ ਭਗਤਾ ਗੁਰੂ ਦਾਤਾ
ਜੋ ਪ੍ਰਭੂ ਨਾਮ ਬਖ਼ਸ਼ਦਾ
ਗੁਰੂ ਮਿਹਰ ਕਰ ਜਾਤਾ

-0-

ਗੁਰੂ ਉਪਦੇਸ਼ ਅਮਰ ਅਗਮ
ਗੁਰੂ ਸ਼ਾਂਤੀ ਸੁਰਤਿ ਮਨ ਬੁੱਧ
ਗੁਰੂ ਪਾਰਸ
ਜਿਸਦੀ ਛੋਹ ਤੋਂ ਹੋਏ ਸ੍ਰੇਸ਼ਟ
ਗੁਰੂ ਅੰਮ੍ਰਿਤ ਸਰੋਵਰ
ਗੁਰੂ ਗਿਆਨ ਇਸ਼ਨਾਨ ਵਿਸ਼ੇਸ਼
ਗੁਰੂ ਕਰਤਾਰ
ਸਭ ਸੰਕਟ ਹਰਤਾ
ਗੁਰੂ ਵਿਕਾਰੀ ਜੀਵ
ਪਵਿੱਤਰ ਕਰਤਾ
ਜਨਮ ਜਨਮ ਤੋਂ ਗੁਰੂ ਵਿਆਪਤ
ਗੁਰੂ ਪ੍ਰਭੂ ਨਾਮ ਉਪਦੇਸ਼
ਗੁਰੂ ਦਾ ਨਾਮ ਜਿਸ ਅਰਾਧਾ
ਪਰਮ ਜੋਤ ਬ੍ਰਹਮ ਪਛਾਤਾ

-0-

ਗੁਰ ਦਾ ਪ੍ਰਤੀਕ ਗੁਰੂ ਹੈ
ਗੁਰ
ਅਭੇਦੇ ਦੇ ਭੇਦ ਜਾਣਨ ਦਾ ਗੁਰ
ਅਭ੍ਰੇਦੇ ਦੇ ਭੇਦ ਜਾਣਨ ਵਾਲਾ ਗੁਰੂ
ਗੁਰੂ ਨਹੀਂ ਰਹਿੰਦਾ
ਅਭੇਦਾ ਹੋ ਜਾਂਦਾ ਹੈ
ਗੁਰੂ ਹੀ ਰੱਬ ਕਹਾਉਂਦਾ ਹੈ

-0-

ਅਭੇਦਾ
ਜਿਸਨੇ ਅਕਾਸ਼ ਹਵਾ ਅੱਗਣ
ਜਲ ਧਰਤੀ ਬਨਾਸਪਤੀ
ਜੀਵ ਜੰਤੂਆਂ ਤੇ ਮਨੁੱਖਾਂ ਨੂੰ
ਸਿਰਜਿਆ ਹੈ
ਉਸਦਾ ਭੇਦਾ
ਮਨੁੱਖੀ ਸਵੈ ਦੀ ਤ੍ਰਿਸ਼ਨਾ
ਪੂਰਤੀ ਜਾਨਣ ਵਾਲਾ
ਗੁਰੂ ਅਖਵਾਉਂਦਾ ਹੈ

-0-

ਗੁਰੂ ਸ਼ਬਦ ਵੀ ਹੈ
ਜੋ ਮਨੁੱਖ ਨੂੰ
ਮਨੁੱਖੀ ਜੀਵ ਜੰਤੂਆਂ
ਸਮੂਹਕ ਬਨਾਸਪਤੀ ਤੇ
ਕਾਦਰ ਵਿਚਲੀ
ਇੱਕਾਈ ਸਮਝਾਉਂਦਾ ਹੈ
ਵਿਖਾਉਂਦਾ ਹੈ
ਗੁਰੂ ਸ਼ਬਦ
ਹਿਰਦੇ ਵਿਚ ਗੂੰਜਦਾ ਹੈ
ਤੇ ਖੰਡਾਂ ਬ੍ਰਹਿਮੰਡਾਂ ਵਿਚ ਸੁਣਦਾ ਹੈ

-0-

ਗੁਰੂ ਸ਼ਬਦ
ਜੜ੍ਹਾਂ ਤਣਾ ਛਿੱਲੜ ਟਹਿਣੀਆਂ
ਪੱਤੇ ਬੀਜ ਫੁੱਲ ਫੱਲ

ਇਕ ਰੁੱਖ ਦੀ ਹੋਂਦ ਤੋਂ
ਜੰਗਲ ਤਕ ਵਿਚਰਦਾ ਹੈ
ਸ਼ਬਦ ਜੋਤ ਸਰੂਪ ਵੀ ਹੈ
ਜੋ ਸਵਾਸਾਂ ਸੰਗ
ਮਨੁੱਖ ਦੇ ਮੱਥੇ ਵਿਚ ਜਗਦਾ ਹੈ
ਮਨੁੱਖ ਦੇ ਅੰਦਰ ਬਾਹਰ
ਚਾਨਣ ਕਰਦਾ ਹੈ

-0-

ਮਨੁੱਖ ਦੀ ਸੀਮਤਾ ਨੂੰ
ਦਿਸਹੱਦੇ ਤੋਂ ਪਾਰ ਲੈ ਜਾਂਦਾ ਹੈ
ਮਨੁੱਖ ਆਪਣੇ ਸਵੈ ਦੀ
ਤ੍ਰਿਸ਼ਨਾ ਨੂੰ ਜਾਣ ਕੇ
ਸਰਬਵਿਆਪੀ
ਸਰਬ ਸ਼ਕਤੀਮਾਨ ਹੋ ਜਾਂਦਾ ਹੈ

-0-

ਗੁਰੂ ਮਨੁੱਖ ਨੂੰ
ਜੀਵਨ ਦਾ ਪ੍ਰਯੋਜਨ ਸਮਝਾਉਂਦਾ ਹੈ
ਮਨੁੱਖ ਨੂੰ
ਉਸਦੀ ਹੋਂਦ ਦਾ ਅਹਿਸਾਸ
ਕਰਾਉਂਦਾ ਹੈ
ਹੋਂਦ ਦਾ ਸੱਚ ਵਿਖਾਉਂਦਾ ਹੈ
ਮਨੁੱਖ ਵਿਚਲਾ ਜੰਗਲੀਪਣ ਮਾਰ ਕੇ
ਮਨੁੱਖ ਨੂੰ ਮਨੁੱਖ ਹੋਣ ਦੀ

ਦ੍ਰਿਸ਼ਟੀ ਬਖ਼ਸ਼ਦਾ ਹੈ
ਭਟਕਣ ਤੋਂ ਦੂਰ
ਸਹਿਜ ਅਵਸਥਾ ਵਿਚ
ਮਨੁੱਖ ਆਪਣੇ ਹੀ ਚਿਹਰੇ ਚੋਂ
ਮਨੁੱਖਤਾ ਦਾ ਚਿਹਰਾ ਤੱਕਦਾ ਹੈ
ਆਪਣੀ ਰੱਬਤਾ ਵਿਚ
ਪ੍ਰਭੂ ਦੀ ਰੱਬਤਾ ਲੱਗਦਾ ਹੈ

-0-

ਗੁਰੂ ਪੌਣ ਵੀ ਹੈ
ਜੋ ਪ੍ਰਾਣ ਹੋ
ਮਨੁੱਖੀ ਦੇਹ ਵਿਚ ਵਿਚਰਦੀ ਹੈ
ਤੇ ਮਨੁੱਖ ਨੂੰ
ਜੀਵਨ ਅਰਪਣ ਕਰਨ ਵਾਲੇ
ਸਿਰਜਣਹਾਰ ਦਾ ਅਹਿਸਾਸ
ਕਰਾਉਂਦੀ ਹੈ
ਪਵਨ ਗੁਰੂ ਅਖਵਾਉਂਦੀ ਹੈ

-0-

ਗੁਰੂ ਸ਼ਬਦ ਦਾ
ਅਰਥ ਤੇ ਸੰਕਲਪ
ਜਨਮ ਤੋਂ ਪਹਿਲਾਂ ਵੀ ਸੀ
ਜਨਮ ਤੋਂ ਪਿੱਛੋਂ ਵੀ ਹੈ
ਭਾਸ਼ਾ ਉਤਪਤੀ ਤੋਂ ਪਹਿਲਾਂ ਵੀ ਸੀ
ਹੁਣ ਵੀ ਹੈ

ਇਸ ਅਰਥ ਦੇ ਸੰਕਲਪ ਨੂੰ
ਮਨੁੱਖ ਨੇ ਜਦ ਸ਼ਬਦ ਚ ਬਦਲਿਆ
ਇਸ ਸ਼ਬਦ ਨੂੰ ਅਰਾਧਿਆ
ਇਸਦੀ ਸ਼ਕਤੀ ਨੂੰ
ਆਪਣੇ ਸਵੈ ਰਾਹੀਂ ਵੇਖਿਆ
ਆਪਣੇ ਸਵੈ ਦੀ ਤ੍ਰਿਸ਼ਨਾ 'ਚ
ਉਸ ਸਿਰਜਣਹਾਰ ਸੱਚ ਦਾ ਨੰਦ
ਅਕਾਰ ਰਹਿਤ ਸਵੈ ਜਨਮੇਂ
ਸੱਚ ਦੇ ਅਹਿਸਾਸ ਨੂੰ ਜਾਣਿਆ

-0-

ਆਪਣੇ ਸਵੈ ਨੂੰ ਮਨੁੱਖ ਨੇ
ਉਸ ਸੱਚ ਦੇ ਕਦਮਾਂ 'ਚ ਧਰ ਦਿੱਤਾ
ਆਪਾ ਮੇਟਿਆ
ਉਸ ਸੱਚ ਨੂੰ ਵਰ ਲੀਤਾ

-0-

ਗੁਰੂ ਕੁਦਰਤ
ਕਾਦਰ ਮਨੁਖ ਤੇ ਮਨੁੱਖਤਾ
ਵਿਚਲੀ ਇਕਾਈ ਹੈ
ਆਤਮਾ ਦਾ ਸੱਚ
ਪ੍ਰਮਾਤਮਾ ਦੀ ਸੱਚਾਈ ਹੈ
ਮਨੁੱਖ ਲਈ ਆਤਮਾ
ਪਰਮ ਆਤਮਾ ਦਾ ਦੁਆਰ ਹੈ
ਰਾਹ ਹੈ
ਗੁਰੂ ਅਥਾਹ ਹੈ

-0-

ਗੁਰੂ ਮਨੁੱਖ ਲਈ
ਗਿਆਨ ਦਾ ਸਾਗਰ ਹੈ
ਆਤਮਾ ਤੇ ਪ੍ਰਮਾਤਮਾ ਦੇ ਮੇਲ ਤਕ
ਗੁਰੂ ਜਲਵਾ ਫਿਰੋਸ਼ ਹੈ
ਜਦ ਆਤਮਾ
ਪ੍ਰਮਾਤਮਾ ਦੇ ਰੂ-ਬ-ਰੂ ਹੋਈ
ਤਾਂ ਬੂੰਦ ਸਾਗਰ 'ਚ ਰਲ ਗਈ
ਬੂੰਦ ਤੇ ਸਾਗਰ ਦੇ ਮਿਲਣ ਤੋਂ ਬਾਅਦ
ਗੁਰੂ ਦਾ ਜਲਵਾ ਤਾਂ ਹੈ
ਪਰ ਜਲਵੇ ਚੋਂ ਗੁਰੂ ਅਲੋਪ ਹੈ

-0-

ਗੁਰ ਕ੍ਰਿਪਾ ਸੰਗ ਸਾਧ ਸੰਗਤ
ਮਿਲ ਜਾਏ
ਮਨ ਮੂਰਖ਼ ਪਾਪੀ ਤਰ ਜਾਏ
ਗੁਰੂ ਪ੍ਰਮੇਸ਼ਵਰ
ਪਾਰਬ੍ਰਹਮ ਨਿਰੰਕਾਰਾ
ਗੁਰੂ ਚਰਨੀ ਯੁੱਗ ਯੁੱਗ ਨਿਮਸਕਾਰਾ
ਕਾਰ ਕਰੇਂਦੇ
ਜਿੰਨ ਜੱਪਿਉ ਗੁਰ ਉਪਦੇਸ਼
ਪੂਰੇ ਗੁਰ ਵਿਖਾਲਿਆ
ਪ੍ਰਭੂ ਕਰ ਉਸ ਨੇੜ

-0-

ਗੁਰੂ ਬਿਨਾ ਕੋਈ ਪ੍ਰਭੂ ਨਾ ਪਾਏ
ਸਾਹਵੇਂ ਖੜ੍ਹਾ ਵੀ ਦਾਤਾ ਨਜ਼ਰ ਨਾ ਆਏ
ਗੁਰੂ ਵਿਚ ਪ੍ਰਭੂ
ਪ੍ਰਭੂ ਵਿਚ ਗੁਰੂ ਸਮਾਇਆ
ਗੁਰ ਕ੍ਰਿਪਾ ਮੋਹ ਹੰਕਾਰ ਮਿਟਾਇਆ
ਗੁਰ ਮਿਲੇ ਜਨ ਮੁਕਤੀ ਪਾਈ
ਜਿਸ ਹਿਰਦੇ ਗੁਰੂ ਵਸੇ
ਸੋ ਜਨ ਪ੍ਰਭੂ ਸੰਗ ਰੱਤੇ

-0-

ਜਲ ਬਿਨ ਘੜਾ
ਘੜੇ ਬਿਨ ਜਲ ਨਾ ਹੋਈ
ਗੁਰੂ ਬਿਨ ਗਿਆਨ ਨਾ ਹੋਈ
ਜੋ ਜਨ ਗੁਰ ਚਰਨੀਂ ਆਵਣ
ਸੱਚੀ ਦਰਗਾਹੇ ਆਦਰ ਪਾਵਣ
ਗੁਰ ਕ੍ਰਿਪਾ ਬਿਨ
ਆਤਮਕ ਜੀਵਨ ਸਮਝ ਨਾ ਆਏ
ਗੁਰ ਕ੍ਰਿਪਾ ਬਿਨ ਨਾਮ ਨਾ ਮੁਖ ਸਮਾਏ

-0-

ਪਰਮ ਆਤਮਾ ਨਿਰਗੁਣ ਸਰੂਪ ਹੈ
ਮਾਨਵ ਦੀ ਪਹੁੰਚ ਤੋਂ ਦੂਰ ਹੈ
ਪਰ ਕਿੰਜ ਪਾਈਐ ਉਸ ਪ੍ਰਭ ਤਾਈਂ

ਗੁਰੂ ਇਹ ਰਮਜ਼ ਸਮਝਾਈ
ਗੁਰੂ ਕ੍ਰਿਪਾ ਤੇ ਮਾਨਵ ਭਟਕਣ ਜਾਈ
ਸਹਿਜ ਸੁਭਾਅ ਹਿਰਦੇ ਪ੍ਰਭੂ ਸਮਾਈ

-0-

ਗੁਰੂ ਇਕ ਸੁੰਦਰ ਮਾਨਸਰੋਵਰ
ਗੁਰਮੁਖ
ਇਸ ਮਾਨਸਰੋਵਰ ਚੋਂ
ਨਾਮ ਦੇ ਮੋਤੀ ਲੱਭ ਲੈਂਦੇ ਹਨ
ਪ੍ਰਭੂ ਸਿਮਰਨ ਸੰਗ ਆਪਣਾ ਆਪਾ
ਪ੍ਰਭੂ ਦੇ ਰੰਗ 'ਚ ਰੰਗ ਲੈਂਦੇ ਹਨ

-0-

ਜਿਸ ਵੱਡਭਾਗੀ ਭਾਗੀਂ ਪਾਇਆ
ਤਿੰਨ ਗੁਰ ਪ੍ਰਭੂ ਮਿਲਾਇਆ
ਗੁਰੂ ਸ਼ਬਦ ਸੰਗ
ਜੋ ਮਾਨਵ ਆਤਮ ਚੀਨੇ
ਤਿੰਨ ਪ੍ਰਭੂ ਨਾਮ ਖਜ਼ਾਨਾ
ਹਿਰਦੇ ਵਿਚ ਪ੍ਰਗਟਾਇਆ
ਪ੍ਰਭੂ ਅੰਦਰੋਂ ਨਜ਼ਰੀ ਆਇਆ

-0-

ਜੀਵਨ ਦਾ ਸਹੀ ਰਾਹ
ਗੁਰੂ ਆਪ ਖੁਦ ਵਿਖਾਉਂਦਾ ਹੈ
ਜੀਵ ਵਿਚਾਰਾ ਆਪਣੇ ਕੀਤੇ ਕਰਮਾਂ ਤੇ
ਸੰਸਕਾਰਾਂ ਖਾਤਰ
ਜਨਮ ਮਰਨ ਦੇ ਚੱਕਰ ਲਾਉਂਦਾ ਹੈ

ਗੁਰੂ ਮਾਨਵ ਨੂੰ
ਇਸ ਤੋਂ ਮੁਕਤੀ ਦਾ ਰਾਹ
ਵਿਖਾਉਂਦਾ ਹੈ

-0-

ਜੋ ਮਾਨਵ ਆਪਣੇ ਅੰਦਰੋਂ
ਹਾਉਮੈ ਰੋਗ ਗੁਆ ਲੈਂਦਾ ਹੈ
ਤਨ ਮਨ ਆਪਣਾ ਨਿਰਮਲ ਕਰਕੇ
ਗੁਰੂ ਦਾ ਸ਼ਬਦ ਧਿਆ ਲੈਂਦਾ ਹੈ
ਪ੍ਰਭੂ ਪ੍ਰਾਪਤੀ ਦੀ ਤ੍ਰਿਸ਼ਨਾ
ਉਸ ਮਾਨਵ ਮਨ ਨੂੰ ਲੱਗਦੀ ਹੈ
ਸ਼ਬਦ ਸਿਮਰਦੇ ਮਨ ਅੰਦਰ
ਆਤਮ ਜੋਤ ਸਵੈ ਜਗਦੀ ਹੈ
ਜਿਸ ਵਿਚ ਹੋ ਕੇ ਲੀਨ ਮਨੁੱਖ
ਹਿਰਦੇ ਪ੍ਰਭੂ ਵਸਾ ਲੈਂਦਾ ਹੈ
ਆਤਮ ਸੱਚ ਪਾ ਲੈਂਦਾ ਹੈ
ਜਨਮ ਮਰਨ ਦਾ ਚੱਕਰ
ਮਨੁੱਖ ਮੁਕਾ ਲੈਂਦਾ ਹੈ

-0-

ਇਹ ਇਕ ਸਰਬ-ਵਿਆਪਕ ਸੱਚ ਹੈ
ਕਿ ਗੁਰੂ ਬਿਨ
ਮਾਨਵ ਨਾਮ ਧਿਆ ਨਹੀਂ ਸਕਦਾ
ਕੋਈ ਜੀਵ ਵੀ
ਆਤਮ ਸੱਚ ਨੂੰ ਪਾ ਨਹੀਂ ਸਕਦਾ
ਮਾਇਆ ਦੇ ਪ੍ਰਭਾਵ 'ਚ ਆਇਆ

ਮਾਨਵ ਆਪਣੇ ਆਪ ਤੋਂ ਟੁੱਟ ਜਾਂਦਾ ਹੈ
ਆਪਣੀ ਹੋਂਦ ਭੁਲਾ ਦਿੰਦਾ ਹੈ
ਆਪਣੇ ਸੱਚ ਤੋਂ ਛੁਟ ਜਾਂਦਾ ਹੈ

-0-

ਮਾਇਆ ਮੋਹ ਦੀ ਬੇਸਮਝੀ
ਮਾਨਵ ਆਪਣੇ ਆਪ ਚੋਂ
ਆਪੇ ਦੂਰ ਕਰ ਨਹੀਂ ਸਕਦਾ
ਇਸ ਲਈ ਗੁਰੂ ਜ਼ਰੂਰੀ ਹੈ
ਗੁਰੂ ਬਿਨਾਂ ਨਹੀਂ ਘਟਦੀ
ਰੱਬ ਤੇ ਮਾਨਵ ਵਿਚਲੀ ਜੋ ਦੂਰੀ ਹੈ
ਗੁਰੂ ਮਿੱਤਰ ਤਾਂ ਪ੍ਰਭੂ ਮਿੱਤਰ
ਮਿੱਤਰ ਸਭ ਸੰਸਾਰਾ
ਗੁਰੂ ਬਿਨ ਸਭ ਘੋਰ ਅੰਧਿਆਰਾ
ਝੂਠਾ ਜਗਤ ਪਸਾਰਾ

-0-

ਪ੍ਰਭੂ ਕ੍ਰਿਪਾ ਸੰਗ ਗੁਰੂ ਮਿਲੇ
ਤਾਂ ਆਪਣੀ ਅਕਲ ਲਤੀਫ਼ੀ ਬੰਦਾ
ਗੁਰੂ ਚਰਨਾ ਵਿਚ ਆਣ ਧਰੇ
ਮਾਇਆ ਮੋਹ ਵਿਚ ਅੰਨ੍ਹੀ ਅੱਖੀ
ਗੁਰੂ ਆਤਮਾ ਸ਼ਬਦ ਦੀ ਜੋਤ ਧਰੇ
ਜਿਸਦੇ ਚਾਨਣ ਸਦਕਾ ਮਾਨਵ
ਮੋਹ ਮਾਇਆ ਤੋਂ ਬਚ ਸਕਦਾ ਹੈ
ਆਪਣੇ ਆਪ ਹਨ੍ਹੇਰੇ ਅੰਦਰ
ਸੂਰਜ ਬਣਕੇ ਚੜ੍ਹ ਸਕਦਾ ਹੈ

-0-

ਜਗ ਵਿਚ ਆ ਕੇ
ਮਾਇਆ ਹੀ ਇਕੱਠੀ ਕਰਨੀ
ਮਾਨਵ ਦਾ ਮਨੋਰਥ ਨਹੀਂ ਹੈ
ਮਨੁੱਖ ਆਉਂਦਾ ਹੈ ਜਗ ਅੰਦਰ
ਜੀਵਨ ਦੇਣ ਵਾਲਾ
ਆਤਮ ਨਾਮ ਧਿਆਵਣ
ਇਸ ਨਾਮ ਦੀ ਲੋਅ
ਮਾਨਵ ਦੇਹ ਹੀ
ਇਸ ਜੋਤ ਦਾ ਮੰਦਰ ਹੈ

-0-

ਪਰ ਇਹ ਸੂਝ ਗੁਰ ਬਿਨ
ਮਾਨਵ ਪਾ ਨਹੀਂ ਸਕਦਾ
ਆਪਣਾ ਅੰਦਰ ਗਾਹ ਨਹੀਂ ਸਕਦਾ
ਧਾਰਮਕ ਭੇਖਾ ਤੇ ਤੀਰਥ
ਇਸ਼ਨਾਨਾਂ ਸੰਗ
ਇਹ ਸੱਚ ਮਾਨਵ ਪਾ ਨਹੀਂ
ਸਕਦਾ
ਗੁਰੂ ਕ੍ਰਿਪਾ ਬਿਨ
ਆਤਮ ਜੋਤ ਜਗਾ ਨਹੀਂ ਸਕਦਾ

-0-

ਅੰਦਰਲੇ ਸੰਗ ਜੁੜਣ ਲਈ
ਗੁਰੂ ਅਪਨਾਉਣਾ ਪੈਂਦਾ ਹੈ
ਗੁਰੂ ਨਾਮਦਾਨ ਜੇ ਬਖ਼ਸ਼ੇ
ਤਾਂ ਹੀ ਮਾਨਵ ਬ੍ਰਹਮ ਦਾ ਨਾਂ
ਧਿਆਉਂਦਾ ਹੈ

ਬ੍ਰਹਿਮੰਡਕ ਸੱਚ ਪਾਉਂਦਾ ਹੈ

-0-

ਮਾਇਆ ਨੇ
ਜੀਵ ਇਸਤਰੀ ਤੇ ਪ੍ਰਭੂ ਵਿਚਾਲੇ
ਵਿੱਥ ਪਾਈ ਹੈ
ਪ੍ਰਭੂ ਜਾਨਣ ਦੀ ਸੁਰਤੀ
ਮਾਇਆ ਨੇ ਭੁਲਾਈ ਹੈ
ਗੁਰੂ ਕ੍ਰਿਪਾ ਸੰਗ
ਜੀਵ ਪ੍ਰਭੂ ਦੀ ਵਿੱਥ ਮਿੱਟਦੀ ਹੈ
ਜੀਵ ਨੂੰ ਆਪਣੇ ਅੰਦਰ ਜਗਦੀ
ਪ੍ਰਭ ਜੋਤੀ ਦੀ ਸਮਝ ਲਗਦੀ ਹੈ
ਜੋਤ ਨੂਰ ਜਦ ਮਾਨਵ ਅੰਦਰ
ਪ੍ਰਗਟ ਹੋਇਆ
ਜੋਤੀ ਜੋਤ ਸਮਾਇਆ ਮਾਨਵ
ਜਿਸ ਦਾ ਸੀ ਉਸ ਦਾ ਹੋਇਆ

-0-

ਮਾਇਆ ਮੋਹ ਵਿਚ ਮਾਨਵ
ਗ਼ਲਤ ਰਾਹਾਂ ਤੇ ਤੁਰ ਪੈਂਦਾ ਹੈ
ਜਿਸ ਤੇ ਤੁਰਦਾ
ਆਪਣਾ ਸੱਚ ਪਹਿਚਾਣ ਨਹੀਂ
ਸਕਦਾ
ਕੌਣ ਹੈ ਕੀ ਹੈ ਜਾਣ ਨਹੀਂ ਸਕਦਾ
ਵੈਰ ਵਿਰੋਧ ਨਿੰਦਾ ਈਰਖ਼ਾ
ਕਾਮ ਵਾਸ਼ਨਾ

ਵਿਸ਼ੇ ਵਿਕਾਰਾਂ ਵਿਚ ਮਾਨਵ
ਆਪਣਾ ਆਪ ਗੁਆ ਲੈਂਦਾ ਹੈ
ਆਪਣੇ ਆਪ ਤੋਂ ਅਲੱਗ ਹੋ ਕੇ
ਦੂਰ ਦੁਰੇਡੇ ਜਾ ਬਹਿੰਦਾ ਹੈ

-0-

ਆਪਣੇ ਵਿਚ ਪਰਤੇ ਤੇ ਜਾਣੇ
ਉਸਦੇ ਅੰਦਰ ਕੌਣ ਰਹਿੰਦਾ ਹੈ
ਗੁਰੂ ਸ਼ਬਦ ਸੰਗ
ਮਾਨਵ ਆਪਣੇ ਅੰਦਰ ਵਲ
ਮੁੜਦਾ ਹੈ
ਆਪਣੇ ਸੱਚ ਦੇ ਰਾਹ ਪੈਂਦਾ ਹੈ

-0-

ਹਨ੍ਹੇਰੇ ਦਾ ਸਫ਼ਰ ਮੁਕਾ ਕੇ
ਚਾਨਣ ਵੱਲ ਜਦ ਮੂੰਹ ਕਰਦਾ ਹੈ
ਉਸਦੀ ਆਪਣੀ ਦੇਹ ਦੇ ਅੰਦਰੋਂ
ਉਸਦੇ ਸਵੈ ਦਾ ਸੂਰਜ ਚੜ੍ਹਦਾ ਹੈ
ਜੋ ਘਰ ਵੱਲ ਪਰਤਦੇ ਮਾਨਵ ਦੇ
ਰਾਹ ਵਿਚ ਚਾਨਣ ਕਰਦਾ ਹੈ
ਆਪਣੀ ਦੇਹ ਦੀ ਸਰਦਲ ਅੰਦਰ
ਜਦ ਮਾਨਵ ਆਪਣਾ
ਕਦਮ ਧਰਦਾ ਹੈ
ਗੁਰੂ ਸ਼ਬਦ
ਫਿਰ ਉਸ ਦੇ ਅੰਦਰੋਂ
ਜੋਤ ਸਰੂਪ ਹੋ ਜਗਦਾ ਹੈ

ਮਾਨਵ
ਫਿਰ ਆਪਣਾ ਸੱਚ ਪਹਿਚਾਣ
ਲੈਂਦਾ ਹੈ
ਕੌਣ ਹੈ ਕੀ ਹੈ
ਕਿੱਥੋਂ ਆਇਆ ਕਿੱਥੇ ਜਾਣਾ
ਆਦਿ ਅੰਤ ਸਭ ਜਾਣ ਲੈਂਦਾ ਹੈ

-0-

ਸੂਰਜ ਚੰਨ ਸਿਤਾਰਿਆਂ ਦੀ ਰੌਸ਼ਨੀ
ਬਾਹਰੀ ਚਾਨਣ ਹੈ
ਬਰੂਨੀ ਪਦਾਰਥਾਂ ਨੂੰ
ਵੇਖਣ ਲਈ ਸਹਾਈ ਹੈ
ਅੰਦਰਲੇ ਹਨ੍ਹੇਰੇ ਦੀ
ਮਾਨਵ ਨੂੰ ਨਾ ਸਮਝ ਆਈ ਹੈ
ਅੰਦਰਲਾ ਹਨ੍ਹੇਰਾ
ਸਿਰਫ਼ ਗੁਰੂ ਹੀ ਦੂਰ ਕਰ ਸਕਦਾ ਹੈ
ਮਾਨਵ ਮਨ ਵਿਚ
ਗੁਰੂ ਹੀ ਸੂਰਜ ਧਰ ਸਕਦਾ ਹੈ

-0-

ਮਾਨਵ ਮਨ ਇਕ ਕੋਠਾ ਹੈ
ਇਸ ਕੋਠੇ ਨੂੰ ਮਾਇਆ ਮੋਹ ਦਾ
ਤਾਲਾ ਹੈ
ਮਾਇਆ ਕਾਰਨ
ਇਹ ਕੋਠਾ ਅੰਦਰੋਂ ਬਾਹਰੋਂ
ਸਭ ਥਾਂ ਤੋਂ ਕਾਲਾ ਹੈ

ਮਾਨਵ ਮਾਇਆ ਖ਼ਾਤਿਰ
ਬਾਹਰ ਭਟਕਦਾ ਰਹਿੰਦਾ ਹੈ
ਕੌਣ ਸਮਝਾਏ ਮਾਨਵ ਨੂੰ
ਬਾਹਰਲੀ ਮਾਇਆ
ਤਾਂ ਇੱਥੇ ਦੀ ਇੱਥੇ ਹੀ ਰਹਿ ਜਾਣੀ ਹੈ
ਮਾਇਆ ਦੀ ਚਿੰਤਾ ਤਿਆਗੋ
ਆਪਣਾ ਆਪ ਸੰਭਾਲੋ ਜਾਗੋ
ਗੁਰੂ ਕ੍ਰਿਪਾ ਸੰਗ
ਕੋਠੇ ਨੂੰ ਵਜਿਆ ਤਾਲਾ ਖੋਲ੍ਹੋ
ਬਿਨਾਂ ਬੁਲਾਏ ਗੁਰੂ ਦੇ
ਕੋਠੇ ਦੇ ਵਿਚ ਬੈਠਾ ਨਾ ਬੋਲੇ

-0-

ਗੁਰੂ ਕ੍ਰਿਪਾ ਸੰਗ ਮਾਨਵ
ਆਪਣਾ ਆਪ ਜਗਾ ਸਕਦਾ ਹੈ
ਮਾਇਆ ਦੇ ਪੰਜੇ ਤੋਂ
ਮੁਕਤੀ ਪਾ ਸਕਦਾ ਹੈ
ਜੰਗਾਲਿਆ ਲੋਹਾ
ਪਾਰਸ ਛੋਹ ਕੇ ਸੋਨਾ ਹੋ ਸਕਦਾ ਹੈ
ਤਪਦਾ ਥਲ ਵਰਖਾ ਸੰਗ
ਸੀਤਲ ਹੋ ਸਕਦਾ ਹੈ

-0-

ਗੁਰੂ ਸ਼ਬਦ ਤੇ ਤੁਰਦਾ ਮਾਨਵ
ਨਿਰਮਲ ਉਜਵਲ ਹੋ ਸਕਦਾ ਹੈ
ਮੁੜ ਆਪਣੇ ਆਪ 'ਚ ਆ ਸਕਦਾ ਹੈ

ਆਪਣਾ ਆਪ ਗੁਆਚਾ
ਮੁੜਕੇ ਪਾ ਸਕਦਾ ਹੈ
ਧਰਤੀ ਤੇ ਜਦ ਮੀਂਹ ਵਰ੍ਹਦਾ ਹੈ
ਧਰਤੀ ਜਲ-ਥਲ ਹੋ ਜਾਂਦੀ ਹੈ
ਸ਼ਾਰੀ ਧਰਤੀ
ਹਰਿਆਵਲਾ ਰੂਪ ਵਟਾ ਲੈਂਦੀ ਹੈ
ਆਪਣੀ ਕੁੱਖ ਚੋਂ ਧਨ ਦੌਲਤਾਂ
ਪਦਾਰਥ ਕਈ ਉੱਗਾ ਲੈਂਦੀ ਹੈ

-0-

ਜੋ ਮਾਨਵ ਗੁਰੂ ਸ਼ਬਦ ਧਿਆਵੇ
ਅੰਮ੍ਰਿਤਰਸ ਪੀਵੇ ਹਰੀ ਗੁਣ ਗਾਵੇ
ਉਹ ਮਾਨਵ ਆਪਣੇ ਅੰਦਰੋਂ
ਸੱਚ ਸੁੰਦਰਤਾ ਕਲਿਆਣ ਦਯਾ
ਸਬਰ ਸੰਤੋਖ ਉੱਗਾ ਸਕਦਾ ਹੈ
ਤਪਦੇ ਥਲਾਂ ਨੂੰ ਠਾਰ ਹੈ ਸਕਦਾ
ਹਨ੍ਹੇਰੀਂ ਸੂਰਜ ਚਾੜ੍ਹ ਹੈ ਸਕਦਾ

-0-

ਗੁਰੂ ਸ਼ਬਦ ਉਹ ਸ਼ਬਦ ਹੈ
ਜੋ ਮਾਨਵ ਨੂੰ ਜਾਗ ਲਗਾ ਕੇ
ਪ੍ਰਭੂ ਸਿਮਰਨ ਵਿਚ
ਮਾਨਵ ਦੀ ਸੁਰਤਿ ਜਮਾ ਕੇ
ਰਿੜਕ ਰਿੜਕ ਮਾਨਵ ਦੀ ਚੇਤਨਾ
ਉਸ ਚੋਂ ਮੱਖਣ ਪਾ ਸਕਦਾ ਹੈ

ਕਾਹੜ ਕਾਹੜ ਕੇ ਉਸ ਮੱਖਣ ਨੂੰ
ਅੰਮ੍ਰਿਤ ਘਿਓ ਬਣਾ ਸਕਦਾ ਹੈ
ਮਾਇਆ ਸੰਗ
ਚਿੰਤਾ ਫ਼ਿਕਰਾਂ ਤੇ ਸਹਿਮੇ ਮਨ ਵਿਚ
ਜਦ ਪ੍ਰਭੂ ਨਾਮ ਦਾ
ਅੰਮ੍ਰਿਤ ਛਿੱਟਾ ਆਉਂਦਾ ਹੈ
ਤਾਂ ਤਪਦੇ ਥਲ ਦਾ ਮਨ ਵੀ
ਨਿਰਮਲ ਸੀਤਲ ਹੋ ਜਾਂਦਾ ਹੈ

–0–

ਰੋਗੀ ਲਈ ਰੋਗ ਵਾਸਤੇ
ਨਿਰੀ ਦਵਾਈ ਹੀ ਕਾਫੀ ਨਹੀਂ
ਪਰਹੇਜ਼ ਸੰਜਮ ਵੀ ਬੜਾ ਜ਼ਰੂਰੀ ਹੈ
ਪ੍ਰਭੂ ਸਿਮਰਨ
ਸਭ ਮਾਨਸਿਕ ਰੋਗਾਂ ਦਾ ਇਲਾਜ ਹੈ
ਉਹ ਦਾਤਾ ਹਰ ਮਾਨਵ ਅੰਦਰ ਅਬਾਦ ਹੈ
ਫਿਰ ਵੀ ਪੂਰਨ ਗੁਰੂ ਹੀ
ਉਸ ਦਾਤੇ ਦਾ ਭੇਦ
ਮਾਨਵ ਨੂੰ ਦਰਸਾਉਂਦਾ ਹੈ
ਦਵਾ ਦੇ ਨਾਲ ਪ੍ਰਹੇਜ਼ ਵਿਕਾਰਾਂ ਦਾ ਵੀ
ਸਮਝਾਉਂਦਾ ਹੈ
ਤਾਂ ਕਿ ਰੋਗੀ
ਰੋਗ ਜੜ੍ਹਾਂ ਤੋਂ ਮੁਕਤ ਹੋ ਜਾਏ
ਰੋਗ ਨਿਵਾਰਣ ਯੁਗਤ ਹੋ ਜਾਏ

–0–

ਮਾਇਆ ਰੋਗ ਬੜਾ ਚੰਦਰਾ ਹੈ
ਉਹ ਸੁੰਘੜਦਾ ਹੈ
ਜਿਸਨੂੰ ਲੱਗਦਾ ਹੈ
ਇਸ ਰੋਗ ਸੰਗ
ਮਾਨਵ ਵਧ ਸੁਆਰਥੀ ਹੋ ਜਾਂਦਾ ਹੈ
ਦੁਨੀਆਂ ਨੂੰ ਬਿੰਦੂ ਹੈ ਸਮਝਦਾ
ਆਪੀਂ ਦਾਇਰਾ ਹੋ ਜਾਂਦਾ ਹੈ
ਪੂਰਨ ਗੁਰੂ
ਪ੍ਰਭੂ ਨਾਮ ਦੀ ਦਵਾਈ ਦੇ ਕੇ
ਸੁਆਰਥ ਦੇ ਵਿਚ ਸੁੱਕੇ ਮਨ ਨੂੰ
ਹਰਿਆ ਭਰਿਆ ਕਰ ਦਿੰਦਾ ਹੈ
ਲੱਖਾਂ ਮੌਸਮ ਰੁੱਤ ਬਹਾਰਾਂ
ਨਦੀਆਂ ਦਰਿਆ ਤੇ ਸਾਗਰ
ਮਨ ਥਲ ਵਿਚ ਧਰ ਦਿੰਦਾ ਹੈ

-0-

ਜਗਤ ਤ੍ਰਿਸ਼ਨਾ ਦਾ ਅੱਗਣ ਸਮੁੰਦਰ
ਮਾਨਵ ਨੂੰ ਪਾਰ ਕਰਾ ਦਿੰਦਾ ਹੈ
ਸੂਰਜ ਚੰਨ ਸਿਤਾਰੇ ਅੰਬਰ
ਵਿਹੜੇ ਉਸ ਬਹਾ ਦਿੰਦਾ ਹੈ
ਗੁਰੂ ਕ੍ਰਿਪਾ ਸੰਗ ਮਾਨਵ
ਇਹ ਸਭ ਕੁੱਝ ਪਾ ਸਕਦਾ ਹੈ
ਜਗਤ ਵਿਕਾਰੀ ਲਹਿਰਾਂ ਵਿਚ ਡੁੱਬਣੋ
ਇਕ ਗੁਰੂ ਹੈ ਜੋ ਬਚਾ ਸਕਦਾ ਹੈ

-0-

ਮਾਇਆ ਮੋਹ ਤੋਂ
ਗੁਰੂ ਨਿਰਲੇਪ ਹੈ
ਗੁਰੂ ਹੀ ਰੱਬ ਹੈ ਰੱਬ ਹੀ ਗੁਰੂ ਹੈ
ਵਿਧਾਤਾ ਦਾ
ਇਹ ਲਿਖਿਆ ਲੇਖ ਹੈ
ਸ਼ਬਦ ਨਾਮ ਜਿਸ ਮਨ ਵਸਾਇਆ
ਉਸਨੇ ਮਨ ਦਾ ਮੈਲ ਗੁਆਇਆ
ਕਾਮ ਕ੍ਰੋਧ ਮੋਹ ਲੋਭ ਹੰਕਾਰ ਤੋਂ
ਛੁਟਕਾਰਾ ਪਾਇਆ
ਪਰਮ ਜੋਤ ਦੇ ਦਰ ਉਤੇ
ਉਹ ਨਰ ਉਤਰ ਆਇਆ

-0-

ਗੁਰੂ ਕ੍ਰਿਪਾ ਦ੍ਰਿਸ਼ਟੀ ਸੰਗ
ਮਨ ਸਰੋਵਰ ਦੇ ਅੰਦਰ
ਕੰਵਲ ਹੈ ਦਿਲ ਦਾ ਖਿਲਦਾ
ਅੰਮ੍ਰਿਤ ਰਸ ਪੀਂਦਾ ਰੱਜ ਰੱਜ ਕੇ
ਉੱਚਾ ਥਾਂ ਦਰਗਾਹੀ ਮਿਲਦਾ
ਇਸ ਲਈ ਗੁਰੂ ਜ਼ਰੂਰੀ ਹੈ
ਗੁਰੂ ਬਿਨਾਂ ਨਹੀਂ ਘਟਦੀ
ਰੱਬ ਤੇ ਮਾਨਵ ਵਿਚਲੀ ਜੋ ਦੂਰੀ ਹੈ
ਗੁਰੂ ਮਿੱਤਰ ਤਾਂ ਪ੍ਰਭੂ ਮਿੱਤਰ
ਮਿੱਤਰ ਸਭ ਸੰਸਾਰਾ
ਗੁਰੂ ਬਿਨਾਂ ਸਭ ਘੋਰ ਅੰਧਿਆਰਾ
ਝੂਠਾ ਜਗਤ ਪਸਾਰਾ

-0-

ਜੋ ਆਪਣੇ ਸਵੈ ਸੰਗ ਰੰਗਿਆ
ਉਹ ਦੀਵਾ ਹੋ ਸੂਰਜ ਜਗਿਆ
ਮਿਟ ਗਏ ਦੁੱਖ ਕਲੇਸ਼ ਦਲਿਦਰ
ਸੁੱਖ ਸਾਗਰ ਵਿਚ ਆ ਵਸਿਆ
ਗੁਰੂ ਆਪ ਮਿਲਾਵੇ ਤਿਸ ਜਨ ਤਾਈਂ
ਜਿਸ ਸੰਗ ਗੁਰੂ ਖ਼ੁਦ ਹੈ ਰੰਗਿਆ

-0-

ਜਿਸ ਤੇ ਨਦਰਿ ਨਿਹਾਲ ਹੋਵੇ ਗੁਰੂ
ਤਿਸ ਜੋਤ ਨਿਰੰਜਨ ਹੋਏ ਵਸੇਰਾ
ਪੂਰਨ ਗੁਰ ਤੇ ਪਾਈਐ
ਪੂਰਨ ਪਰਮਾ ਨੰਦ
ਗੁਰੂ ਕ੍ਰਿਪਾ ਮਿਟੇ ਹਨ੍ਹੇਰਾ
ਚੜ੍ਹਨ ਸੂਰਜ ਤੇ ਚੰਦ

-0-

ਗੁਰੂ ਹੈ ਸਭ ਬਿੰਦੂਆਂ ਦਾ ਦਾਇਰਾ
ਬੇਅੰਤ ਗੁਣਾਂ ਦਾ ਦਾਤਾ
ਜਿਸ ਧੁਰ ਲਿਖਿਆ
ਉਹੀ ਪਾਏ ਗੁਰੂ ਦੀਦਾਰਾ
ਉਸ ਪ੍ਰਭੂ ਦਾ ਰੂਪ ਗੁਰੂ ਹੈ
ਪ੍ਰਭੂ ਜੋ ਗਿਆਨ ਇੰਦਰੀਆਂ ਤੋਂ
ਬਾਹਰਾ
ਗੁਰੂ ਨਿਰਮਲ
ਗੁਰੂ ਨਿਰਮਲ ਜੋੜ ਨਾ ਕੋਈ

ਸਭ ਕੁੱਝ ਕਰਨ ਕਰਾਵਣਹਾਰਾ
ਜਿਸਦੇ ਹੁਕਮ ਅੰਦਰ ਸੰਸਾਰਾ
ਜਿਸਦੇ ਹੁਕਮੋਂ ਬਾਹਰ ਨਾ ਕੋਈ
ਸੋ ਗੁਰੂ ਜਾਣੋ
ਗੁਰੂ ਜੇਵਡ ਜੋ ਉੱਚਾ ਹੋਈ

-0-

ਗੁਰੂ ਤੀਰਥ ਗੁਰੂ ਅੰਨ੍ਹ ਭੰਡਾਰਾ
ਗੁਰੂ ਹਰੀ ਨਾਮ ਜਗਤ ਵਰਤਾਰਾ
ਗੁਰੂ ਸ਼ਬਦ ਬਿਨ ਨਹੀਂ ਸਵੇਰਾ
ਗੁਰੂ ਚੰਨਾਂ ਸੂਰਜਾਂ ਦਾ ਵਣਜਾਰਾ
ਗੁਰੂ ਸਿੱਖਿਆ ਮਨ ਚਾਨਣ ਹੋਏ
ਆਤਮ ਜੋਤ ਪਰਮ ਜੋਤ ਬ੍ਰਹਮ ਹੋਏ

-0-

ਗੁਰੂ ਸ਼ਬਦ ਸਭ ਕਾਜ ਸੁਆਰੇ
ਨਾਲ ਨਿਭੇ ਸਦਾ ਸੰਸਾਰੇ
ਗੁਰੂ ਸ਼ਬਦ
ਜਨ ਆਤਮ ਅਭਿਆਸੀ ਹੋਏ
ਗੁਰੂ ਉਪਦੇਸ਼ ਬ੍ਰਹਮ ਸੰਗ ਰੰਗੇ
ਗੁਰੂ ਬੋਲ ਵਿਅੱਰਥ ਨਾ ਜਾਏ

-0-

ਗੁਰੂ ਦਾ ਕਿਹਾ ਪ੍ਰਭੂ ਦਾ ਮਾਨ
ਮਾਨਵ ਦੇਹ ਜਿੰਦ ਪ੍ਰਾਣ
ਅਹਸਤੀ ਦੀ ਹਸਤੀ
ਅੰਮ੍ਰਿਤ ਰਸ ਸਵਰ੍ਗ ਦਾ ਰਾਜ

ਗੁਰੂ ਦਾ ਕਿਹਾ ਜ਼ਗਤ ਪ੍ਰਗਟਿਆ
ਫ਼ਤਹਿ ਸੰਸਾਰ
ਗੁਰੂ ਉਪਦੇਸ਼ ਭੈਅ ਮੌਤ ਨਾ ਆਵੇ
ਸਿਮਰੇ ਸ਼ਬਦ ਮਨ ਸ਼ੀਸ਼ਾ ਹੋ ਜਾਵੇ

-0-

ਗੁਰੂ ਬਰਕਤ ਸੱਚ ਸਮਝੀ ਆਇਆ
ਜਦ ਮਨ ਦਾ ਮੈਲਾ ਧੋਤਾ
ਪ੍ਰਭੂ ਅੰਦਰ ਆਣ ਸਮਾਇਆ
ਐਸਾ ਆਨੰਦ ਸੁਰਤਿ ਪਾਏ
ਜਿਸ ਦਾ ਸੱਚ ਕਿਹਾ ਨਾ ਜਾਏ
ਗੁਰੂ ਦਾ ਨਾਮ ਦੁੱਖਾਂ ਦਾ ਨਾਸ
ਅੱਠੇ ਪਹਿਰ ਚਿੱਤ ਨਾਮ ਨਿਵਾਸ
ਜਿਸ ਹਿਰਦੇ ਵਸੇ ਪ੍ਰਭ
ਸੋਹੀ ਹਿਰਦ ਸੁਹਾਵਾ
ਪ੍ਰਭੂ ਸਿਮਰਨ ਤੇ ਪਾਈਐ
ਜਮ ਕੰਕਰ ਤੇ ਛੁੱਟਕਾਰਾ

-0-

ਜਿਸ ਤੇ ਗੁਰੂ ਪ੍ਰਸੰਨ ਹੋ ਜਾਏ
ਉਹ ਨਰ ਨਾਰੀ ਸਭ ਸੁੱਖ ਪਾਏ
ਇਸ ਲਈ ਗੁਰੂ ਜ਼ਰੂਰੀ ਹੈ
ਗੁਰੂ ਬਿਨਾਂ ਨਹੀਂ ਘਟਦੀ
ਰੱਬ ਤੇ ਜੀਵ ਵਿਚਲੀ ਜੋ ਦੂਰੀ ਹੈ
ਗੁਰੂ ਮਿੱਤਰ ਤਾਂ ਪ੍ਰਭ ਮਿੱਤਰ
ਮਿੱਤਰ ਸਭ ਸੰਸਾਰਾ

ਗੁਰੂ ਬਿਨਾ ਸਭ ਘੋਰ ਅੰਧਿਆਰਾ
ਝੂਠਾ ਜਗਤ ਪਸਾਰਾ

-0-

ਸਵਾਸ ਗਰਾਸ ਗੁਰੂ ਨੂੰ ਸਿਮਰਾ
ਗੁਰੂ ਮੇਰੀ ਰਾਸ਼ੀ ਗੁਰ ਮੇਰੇ ਪ੍ਰਾਣ
ਗੁਰ ਦਾ ਦਰਸ਼ਨ ਕਰਾਂ ਤਾਂ ਜੀਵਾਂ
ਗੁਰ ਚਰਨ ਧੂੜ ਇਸ਼ਨਾਨਾਂ
ਹੇ ਮਨ ਗੁਰੂ ਨੂੰ ਝਲੋਂ ਹਵਾ
ਮਹਾਂ ਅੱਗਣ ਤੋਂ ਹੋਵੇ ਬਚਾਅ
ਗੁਰੂ ਦੇ ਘੜੇ ਦਾ ਭਰਾਂ ਮੈਂ ਪਾਣੀ
ਜਿੱਤ ਕ੍ਰਿਪਾ ਆਤਮ ਸੱਚ ਜਾਣੀ

-0-

ਗੁਰੂ ਦੇ ਘਰ ਦੀ ਚੱਕੀ ਪੀਹਾਂ
ਜਿੱਤ ਕ੍ਰਿਪਾ ਵੈਰੀ ਮੀਤਾ ਹੋਏ
ਜਨਮ ਮਰਨ ਦੀ ਹਾਉਮੈ ਧੋਏ
ਬ੍ਰਹਮ ਜੀਵਾਂ ਦੇ ਅੰਦਰ ਰਹਿੰਦਾ
ਪ੍ਰਭੂ ਸਤਿਗੁਰੂ ਦਾ ਸਾਇਆ ਕਹਿੰਦਾ
ਪ੍ਰਭੂ ਹੀ ਸਤਿਗੁਰ ਦਾ ਅਧਾਰਾ
ਸਤਿਗੁਰ ਸਭ ਨੂੰ ਤਾਰਨ ਵਾਲਾ
ਸਤਿਗੁਰ ਦੀ ਸ਼ਕਤੀ
ਪ੍ਰਭੂ ਦੀ ਭਗਤੀ

-0-

ਸਤਿਗੁਰੂ ਪ੍ਰਭੂ ਦੀ ਬੁੱਕਲ ਮਾਰੀ
ਸਤਿਗੁਰ ਦਾ ਪ੍ਰਭੂ ਰਾਖਾ ਆਪ

ਉਹ ਜੰਨ ਜਗਤ ਤੇ ਭਗਤ ਕਹਾਏ
ਜੋ ਜੰਨ ਗੁਰੂ ਦੀ ਸ਼ੋਭਾ ਪਾਏ
ਜਿਸ ਜੰਨ ਪ੍ਰਾਣ ਪ੍ਰਭੂ ਦਾ ਨਾਂ
ਤਿਹ ਜੰਨ ਸਤਿਗੁਰੂ ਤੋਂ ਕੁਰਬਾਨਾਂ
ਤਿਸ ਦੀ ਕਰਨੀ ਕਥਨੀ ਏਕ
ਰਸਨਾ ਜਿਸਦੀ ਨਾਮ ਧਿਆਵੇ
ਤਿਸਮਨ ਵਸਿਆ ਨਿਰੰਕਾਰ
ਗੁਰੂ ਕ੍ਰਿਪਾ ਤੇ ਮੁਰਦੇ ਜੀਵਨ
ਵਿਛੜ ਗਏ ਮਿਲਾਏ
ਪਸ਼ੂ ਪਰੇਤਾਂ ਨੂੰ ਮੁਕਤੀ
ਗੁਰੂ ਕ੍ਰਿਪਾ ਤੇ ਮਿਲ ਜਾਏ

–0–

ਗੁਰੂ ਦਰਸ਼ਨ ਪ੍ਰਭ ਮਿਲਾਪ
ਗੁਰੂ ਦਰਸ਼ਨ ਵਸੇ ਸੰਸਾਰਾ
ਗੁਰੂ ਦਰਸ਼ਨ ਅੰਤ ਨਾ ਪਾਰ
ਗੁਰੂ ਦਰਸ਼ਨ ਜਨ ਬ੍ਰਹਮ ਪਾਏ
ਪ੍ਰਭੂ ਦੀ ਜੋਤ ਹਿਰਦੇ ਜਗਾਏ

–0–

ਗੁਰੂ ਦਰਸ਼ਨ ਮਾਇਆ ਛੁਟਕਾਰਾ
ਗੁਰੂ ਦਰਸ਼ਨ ਸੁੱਖਾਂ ਦੀ ਖਾਨ
ਗੁਰੂ ਦਰਸ਼ਨ ਮੁਕਤੀ ਦਾ ਦੁਆਰ
ਗੁਰੂ ਦਰਸ਼ਨ ਹੋਏ ਜਗਤ ਉਧਾਰ
ਗੁਰੂ ਬਿਨ ਸਦਾ ਆਜੂਨੀ ਭੰਵਿਆ

ਗੁਰੂ ਬਿਨ ਨਾ ਜੀਵਨ ਗਤਿ ਪਾਈ
ਗੁਰੂ ਬਿਨ ਮਾਇਆ ਜਾਲ ਹੰਢਾਈ

-0-

ਗੁਰੂ ਦੇ ਸ਼ਬਦ ਪਰਮ ਆਨੰਦ
ਗੁਰੂ ਦੇ ਸ਼ਬਦ ਸੁੱਖ ਸ਼ਾਂਤ
ਗੁਰੂ ਦੇ ਸ਼ਬਦ ਜਨ ਦੁੱਖੀ ਨਾ ਹੋਏ
ਗੁਰੂ ਦੇ ਸ਼ਬਦ ਜੋਤੀ ਜੋਤ ਸਮਾਏ
ਗੁਰੂ ਕ੍ਰਿਪਾ ਸੱਚ ਖੰਡ ਪਾਏ
ਗੁਰੂ ਕ੍ਰਿਪਾ ਮਨ ਨਿਰਮਲ ਹੋਏ
ਅਸ਼ੁਭ ਦੇਹ ਪਵਿੱਤਰ ਹੋਏ

-0-

ਗੁਰ ਚਰਨਾਂ ਦੀ ਪਾ ਕੇ ਧੂੜੀ
ਬੰਦਾ ਸੂਰਜ ਬਣ ਜਾਂਦਾ ਹੈ
ਸ਼ਮਸ਼ਾਨਾਂ ਦੇ ਚੁੱਪ ਹਨ੍ਹੇਰੀ
ਬਲਦੇ ਸੂਰਜ ਧਰ ਜਾਂਦਾ ਹੈ
ਗੁਰੂ ਆਚਰਨ ਵਿਵੇਕ ਦਾ ਸਾਗਰ
ਜੋ ਹੈ ਕਣ ਕਣ ਵਿਚ ਉਜਾਗਰ

-0-

ਗੁਰੂ ਜੋ ਜਗਤ ਦਾ ਵਜੂਦ ਹੈ
ਆਦਿ ਅੰਤ ਹਰ ਸਮੇਂ ਮੌਜੂਦ ਹੈ
ਸਦਾ ਨਾਮ ਗੁਰ ਦਾ ਸਿਮਰੇ
ਸੁਰਤਿ ਬ੍ਰਹਮ ਜੋਤੋਂ ਨਾ ਬਿਖ਼ਰੇ

ਉਸਦੇ ਰੰਗ ਵਿਚ ਰੰਗੇ ਜਾਓ
ਜੋ ਗੁਰੂ ਸਦਾ ਅੰਗ ਸੰਗ ਹੈ
ਜਿੰਦ ਹੈ ਪ੍ਰਾਣ ਹੈ ਜੀਵਨ ਧਨ ਹੈ

-0-

ਹਿਰਦੇ ਨਾਮ ਵਸਾਇਆ
ਜਿਸ ਨਰ
ਸੱਚਾ ਸਤਿਗੁਰ ਪਾਇਆ
ਤਿਸ ਨਰ
ਇਸ ਲਈ ਗੁਰੂ ਜ਼ਰੂਰੀ ਹੈ
ਗੁਰੂ ਬਿਨਾਂ ਨਹੀਂ ਘੱਟਦੀ
ਰੱਬ ਤੇ ਜੀਵ ਵਿਚਲੀ ਜੋ ਦੂਰੀ ਹੈ
ਗੁਰੂ ਮਿੱਤਰ ਤੇ ਪ੍ਰਭ ਮਿੱਤਰ
ਮਿੱਤਰ ਸਭ ਸੰਸਾਰਾ
ਗੁਰੂ ਬਿਨਾਂ ਸਭ ਘੋਰ ਅੰਧਿਆਰਾ
ਝੂਠਾ ਜਗਤ ਪਸਾਰਾ

------

## ਸਿਮਰਨ

ਜੋ ਗੁਰੂ ਦਰਸਾਏ ਰਾਤ ਤੇ ਜਾਏ
ਉਸਦੀ ਮਨ ਭਟਕਣ ਮੁਕ ਜਾਏ
ਨਾਮ ਧਿਆਏ ਸਿਮਰੇ ਚਿੱਤ ਲਾਏ
ਆਮੁੱਲਾਂ ਨਾਮ ਖ਼ਜ਼ਾਨਾ ਪਾਏ
ਗੁਰੂ ਮਿਲੇ ਨਾਮ ਮਿਲੇ
ਸਭ ਤ੍ਰਿਸ਼ਨਾ ਭੁੱਖ ਤ੍ਰਿਪਤਾਏ

-0-

ਸਿਮਰਨ ਗੁਣਾਂ ਦਾ ਸੌਦਾ ਹੈ
ਮਨੁੱਖੀ ਗੁਣਾਂ ਦੀ ਘਾਟ
ਪੂਰੀ ਕਰਨ ਦਾ ਜ਼ਰੀਹਾ ਹੈ
ਨਾਮ ਸਿਮਰਨ
ਲੋਭ ਮੋਹ ਹੰਕਾਰ
ਮਾਰਨ ਦਾ ਮਸੀਹਾ ਹੈ
ਆਪਣਾਂ ਆਪ ਪਛਾਨਣ ਦਾ
ਇਕ ਰਾਹ ਹੈ
ਆਪਣੇ ਨਾਲ ਆਪੇ ਦਾ
ਪਾਇਆ ਵਾਹ ਹੈ
ਜਿਉਂ ਮੱਛੀ ਪਾਣੀ ਬਿਨ
ਮਰ ਜਾਂਦੀ ਹੈ
ਮਾਨਵ ਆਤਮ ਸਿਮਰਨ
ਬਿਨ ਮਰ ਜਾਂਦਾ ਹੈ

-0-

ਸਿਮਰਨ ਜੀਵਨ ਦਾ ਸੋਮਾ ਹੈ
ਸਿਮਰਨ ਤੋਂ ਵਿਛੜ ਕੇ
ਮਾਨਵ ਮੋਹ ਮਾਇਆ ਵਿਚ
ਫਸ ਜਾਂਦਾ ਹੈ
ਆਤਮਕ ਮੌਤ ਸਹੇੜ ਲੈਂਦਾ ਹੈ
ਘੁੱਪ ਹਨ੍ਹੇਰਾ ਕਰ ਲੈਂਦਾ ਹੈ
ਨਾਮਦਾਨ ਗੁਰ ਦੀ ਬਰਕਤ ਹੈ
ਦਾਤਾ ਦਾ ਇਹ ਸੱਚ
ਮਾਨਵ ਦੇ ਅੰਦਰ ਹੈ
ਗੁਰੂ ਕ੍ਰਿਪਾ ਤੇ ਮਾਨਵ
ਇਹ ਸੱਚ ਜਾਣ ਲੈਂਦਾ ਹੈ
ਆਪਣੇ ਅੰਦਰ ਵਸਦਾ
ਰੱਬ ਪਹਿਚਾਣ ਲੈਂਦਾ ਹੈ

-0-

ਮੋਹ ਮਾਇਆ ਦੇ
ਭਰਮ ਭੁਲੇਖਿਆਂ ਅੰਦਰ
ਮਾਨਵ ਰੁੜ੍ਹ ਜਾਂਦਾ ਹੈ
ਜਿਸ ਦਾਤੇ ਦੀ ਇਹ ਦੇਹ ਬਖ਼ਸ਼ੀ
ਉਸ ਦਾਤੇ ਨੂੰ ਭੁੱਲ ਜਾਂਦਾ ਹੈ
ਉਹ ਦਾਤਾ
ਹਰ ਜੀਵ ਵਿਚ ਰਹਿੰਦਾ ਹੈ
ਫਿਰ ਵੀ ਜੀਵ
ਉਸ ਤੋਂ ਅਨਜਾਣ ਹੈ
ਆਤਮ ਸੱਚ ਤੋਂ ਬੇਪਹਿਚਾਣ ਹੈ

-0-

ਸਾਰੀ ਕਾਇਨਾਤ ਦਾ ਮੁੱਖੀਆ
ਮਾਨਵ
ਪਪੀਹੇ ਤੋਂ ਹੌਲਾ ਪੈ ਜਾਂਦਾ ਹੈ
ਪਪੀਹੇ ਨੂੰ ਬੂੰਦ ਦੀ ਤਾਂਘ ਨਹੀਂ ਭੁਲਦੀ
ਮਾਨਵ ਮਾਇਆ ਦੇ ਲਾਲਚ ਵਿਚ
ਸੱਚ ਭੁਲਾ ਕੇ ਬਹਿ ਜਾਂਦਾ ਹੈ

–0–

ਦੇਹ ਦੇ ਕੱਦ ਦੀ ਧਰਤੀ ਖ਼ਾਤਰ
ਮਾਨਵ ਧਰਤੀ ਅੰਬਰ ਗਾਹ ਦਿੰਦਾ ਹੈ
ਦਾਇਰਿਆਂ ਪਿੱਛੇ ਭੱਜਦਾ ਭੱਜਦਾ
ਬਿੰਦੂਆਂ ਵਿਚ ਸਮਾ ਜਾਂਦਾ ਹੈ
ਪ੍ਰਭੂ ਸਿਮਰਨ ਰੂਹ ਦੀ ਖ਼ੁਰਾਕ ਹੈ
ਪਰ ਮਾਨਵ ਦੁਨੀਆਂ ਦੀ ਦੌਲਤ
ਇਕੱਠੀ ਕਰਦਾ ਰਹਿ ਜਾਂਦਾ ਹੈ
ਆਪਣੇ ਆਪ 'ਚ
ਸੱਖਣਾ ਹੋ ਕੇ ਬਹਿ ਜਾਂਦਾ ਹੈ
ਸਿਮਰਨ ਤੋਂ ਕੋਰਾ ਬੰਦਾ
ਵਿਕਾਰੀ ਤੇ ਕੁਕਰਮੀ ਹੋ ਕੇ
ਰਹਿ ਜਾਂਦਾ ਹੈ

–0–

ਪ੍ਰਭੂ ਨਾਮ ਦੇ ਸਿਮਰਨ ਬਾਝੋਂ
ਜੀਵਨ ਕਬਰਾਂ ਹੈ
ਸਿਮਰਨ ਜੀਵਨ ਦਾ ਪ੍ਰਯੋਜਨ
ਤੇ ਕਰਮਾ ਹੈ

ਸਦਾ ਮਨੁੱਖ ਨਾਲ ਨਿਭਣ
ਵਾਲਾ ਕਰਤਵ ਹੈ
ਮਨੁੱਖ ਦੇ ਜੰਮਣ ਦਾ ਮਕਸਦ ਹੈ

-0-

ਸਭ ਸਮੱਗਰੀਆਂ ਪਾਤਸ਼ਾਹੀਆਂ
ਇੱਥੇ ਹੀ ਰਹਿ ਜਾਂਦੀਆਂ ਹਨ
ਨਾਮ ਸਿਮਰਨ ਦੀਆਂ ਦਾਤਾਂ ਹੀ
ਆਖ਼ਰ ਕੰਮ ਆਉਦੀਆਂ ਹਨ
ਪ੍ਰਭੂ ਨਾਮ ਦਾ ਸੱਚ
ਮਾਨਵ ਜਿਉਂਦੇ ਜੀਅ ਹੀ
ਪਾ ਸਕਦਾ ਹੈ
ਨਾਮ ਜਪਣ ਸੰਗ
ਜੀਵਨ ਸਫ਼ਲ ਬਣਾ ਸਕਦਾ ਹੈ

-0-

ਪ੍ਰਭੂ ਲਈ ਤੇ ਖ਼ਲਕਤ ਲਈ
ਸਿਮਰਨ ਮਨ ਵਿਚ ਪਿਆਰ ਧਰੇ
ਮਾਨਵਤਾ ਦਾ ਇਕੋ ਸੱਚ ਹੈ
ਦੁਨੀਆਂ ਵਿਚ ਸਾਬਤ ਕਰੇ
ਜਿਸ ਪ੍ਰਭੂ
ਇਹ ਜਗ ਰਚਿਆ ਹੈ
ਉਸ ਪ੍ਰਭੂ ਮਨ ਅੰਦਰ
ਆਪਣੀ ਜੋਤ ਜਗਾਈ
ਧਨ ਹੈ ਉਹ ਦੇਹ

ਜਿਸ ਦੇਹ ਨੂੰ
ਇਸ ਜੋਤੀ ਦੀ ਸਮਝ ਹੈ ਆਈ
ਧਨ ਉਹ ਦੇਹ ਕਹਾਵੇ
ਪ੍ਰਭੂ ਨਾਮ
ਜੋ ਸਵਾਸ ਗਰਾਸ ਧਿਆਵੇ

–0–

ਮਾਨਵ ਜੀਭਾ ਹਰੀ ਉਚਾਰੇ
ਅੱਖ ਪ੍ਰਭੂ ਦਾ ਕਰੇ ਨਜ਼ਾਰਾ
ਕੰਨ ਸੁਣਨ ਦਾਤੇ ਦੀ ਮਹਿਮਾ
ਮਨ ਵਸੇ ਸਿਰਜਣਹਾਰਾ
ਜੋ ਸਮਾਂ ਉਸਦੀ ਯਾਦ 'ਚ ਗੁਜ਼ਰੇ
ਉਹਂ ਸਫ਼ਲਾ ਹੋ ਜਾਏ
ਨਾਮ ਜਪੇ ਤਾਂ ਦੇਹ ਵਿਚ ਵਸਦਾ
ਸੱਚ ਪ੍ਰਗਟ ਹੋ ਜਾਏ

–0–

ਸੋਹਣੇ ਪੈਰ ਉਹ ਕਹਾਵਣ
ਜੋ ਪ੍ਰਭੂ ਦੇ ਰਾਹ ਤੇ ਜਾਵਣ
ਮੁਖ ਸੋਹਣਾ ਜੋ ਪ੍ਰਭ ਦੀ ਸਿਫ਼ਤ ਕਰੇ
ਸਭ ਜਗਤ ਦਾ ਆਸਰਾ ਛੱਡ ਕੇ
ਦਾਤੇ ਤੇ ਟੇਕ ਧਰੇ
ਸੰਸਾਰ ਵਿਚ ਲੱਖਾਂ ਜੂਨਾਂ ਹਨ
ਲੱਖਾਂ ਜੀਵ ਸਮਾਏ
ਮਾਨਵ ਜੂਨ ਸਭ ਜੂਨਾਂ ਤੋਂ
ਉੱਚੀ ਜੂਨ ਕਹਾਏ

–0–

ਮਾਨਵਤਾ ਚੋਂ ਉਹ ਨਰ ਉੱਚਾ
ਜੋ ਹਿਰਦੇ ਪ੍ਰਭੂ ਵਸਾਏ
ਬਿਨਾਂ ਹਰੀ ਸਿਮਰਨ ਤੋਂ
ਮਾਨਵ ਪਸ਼ੂ ਕਹਾਏ
ਮੋਹ ਮਾਇਆ ਦਾ ਲਾਲਚ
ਤਿਆਗੇ
ਖ਼ਲਕਤ ਦਾ ਹੋ ਜਾਏ
ਖ਼ਲਕਤ ਧੂੜ ਹੋਵੇ ਜੋ ਨਰ
ਉਹ ਨਰ ਰੱਬ ਨੂੰ ਪਾਏ

-0-

ਪ੍ਰਭੂ ਨਾਮ ਸਿਮਰਨ
ਵਰਖਾ ਰੂਪ ਹੈ
ਜਿਸ ਸੰਗ ਮਨ ਦੀ ਧਰਤੀ
ਹਰਿਆਵਲੀ ਹੋ ਜਾਏ
ਵਣ ਬੂਟੇ ਕਲੀਆਂ ਮਹਿਕਣ
ਧਰਤੀ ਰੂਪ ਸਵਰਗ ਵਟਾਏ
ਨਾਮ ਦੀ ਵਰਖਾ ਜਿਸ ਹਿਰਦੇ ਹੋਏ
ਉਹ ਹਿਰਦਾ ਖਿਲ ਜਾਏ
ਮੌਸਮ ਰੁੱਤਾਂ ਬਹਾਰਾਂ ਕਲੀਆਂ
ਫੁੱਲਾਂ ਦੀ ਗੁਲਜ਼ਾਰ ਕਹਾਏ

-0-

ਇਸ ਵਰੰਖਾ ਸੰਗ ਮਨ ਦਾ ਮੈਲਾ
ਤੇ ਸਗਲ ਪਾਪ ਧੁਲ ਜਾਵਣ
ਹਿਰਦੇ ਦੀ ਧਰਤੀ ਚੋਂ

ਕੰਵਲ ਫੁੱਲ ਉੱਗ ਆਵਣ
ਇਹ ਵਰਖਾ ਮਨੁੱਖਤਾ ਅੰਦਰ
ਰਹਿਮਤਾਂ ਨਿਹਮਤਾਂ ਦੀ
ਫ਼ਸਲ ਉੱਗਾਏ
ਸੱਚ ਸੁੰਦਰਤਾ ਸੰਤੋਖ ਦਯਾ ਦੀ
ਖੇਤੀ ਲਹਿਰਾਏ

-0-

ਇਹ ਵਰਖਾ ਮਨ ਅੰਦਰ
ਤ੍ਰਿਪਤੀ ਉਜਪਾਏ
ਤ੍ਰਿਸ਼ਨਾ ਅੱਗਣ ਬੁਝਾਏ
ਇਸ ਵਰਖਾ ਦੀ ਮਿਹਰ
ਹਰ ਥਾਂ ਨਜ਼ਰੀਂ ਆਏ
ਸਗਲ ਵਿਸ਼ੇ ਵਿਕਾਰ ਮਿਟਾਏ
ਸੁੱਖ ਸ਼ਾਂਤੀ ਪਿਆਰ ਤੇ ਠੰਡਕ
ਵਰਤ ਜਗਤ ਵਿਚ ਜਾਏ

-0-

ਕਿੰਨੀ ਸੁਭਾਗਣ ਹੈ
ਉਸ ਹਿਰਦੇ ਦੀ ਧਰਤੀ
ਨਾਮ ਦਾ ਬੱਦਲ
ਜਿਸ ਧਰਤੀ ਤੇ ਵਰ੍ਹ ਜਾਏ
ਇਹ ਵਰਖਾ ਦਾਤੇ ਦੀ ਕ੍ਰਿਪਾ
ਉਹ ਚਾਹੇ ਤਾਂ ਹੋਵੇ
ਉਸ ਦਾਤੇ ਤੋਂ ਬਿਨਾਂ
ਇਹ ਵਰਖਾ ਕਰ ਨਾ ਸਕੇ ਕੋਇ

-0-

ਪ੍ਰਭ ਸਿਮਰਨ ਆਤਮਕ ਆਨੰਦ ਹੈ
ਜੋ ਸਿਮਰੇ ਸੋ ਪਾਵੇ
ਜਿਸ ਹਿਰਦੇ ਸਿਮਰਨ ਵਸਦਾ
ਉਹ ਆਤਮਕ ਹੁਲਾਰੇ ਖਾਵੇ
ਖੀਵਾ ਖੀਵਾ ਹੋ ਕੇ ਬੈਠੇ
ਸੱਚ ਸੁੰਦਰਤਾ ਕਹਿਲਾਵੇ
ਸਿਮਰਨ ਦੀ ਬਰਕਤ ਸੰਗ
ਤਨ ਮਨ ਨਿਰਮਲ
ਆਚਰਨ ਉੱਚਾ ਹੋ ਜਾਵੇ
ਉਸ ਹਿਰਦੇ ਨੈਣੀ
ਕੁਦਰਤ ਨਸ਼ਿਆਵੇ
ਦੁਨੀਆਂ ਵਿਚ ਕੌਣ ਹੈ ਐਸਾ
ਜੋ ਸੁੱਖ ਸ਼ਾਂਤੀ ਨਾ ਚਾਹੇ
ਪਰ ਇਹ ਸੁੱਖ ਸ਼ਾਂਤੀ
ਉਸਨੂੰ ਮਿਲਦੀ ਹੈ
ਜੋ ਪ੍ਰਭੂ ਦਾ ਹੋ ਜਾਏ

–0–

ਪ੍ਰਭੂ ਸਿਮਰਨ ਹੈ ਪ੍ਰਾਣ ਜੀਵਨ ਦਾ
ਗੁਰੂ ਕ੍ਰਿਪਾ ਸੰਗ ਮਾਨਵ ਪਾਵੇ
ਉਹੀ ਸਵਾਦ ਸਰੂਰ ਮਾਣਦਾ
ਇਹ ਭੇਦ ਜਿਸ ਸਮਝੀ ਆਵੇ
ਸਿਮਰਨ ਤੋਂ ਹੈ
ਆਦਰ ਸਤਿਕਾਰ ਉਪਜਦਾ
ਉਹ ਪਾਵੇ ਜੋ ਧਿਆਵੇ

ਕੇਸਰ ਕਸਤੂਰੀ ਸੋਨਾ
ਮਹਿਕ ਨਾ ਭਿੱਟਨ
ਚਾਹੇ ਉੱਚਾ ਨੀਵਾਂ ਹੱਥ ਲਾਵੇ
ਰੇਸ਼ਮੀ ਕਪੜਾ ਘਿਓ ਦਾ ਭਾਂਡਾ
ਹੱਥ ਲਾਇਆ ਨਾ ਦੂਸ਼ਤ ਹੋ ਜਾਵੇ
ਨੀਵੀਂ ਉੱਚੀ ਜਾਤ ਪਾਤ ਲਈ
ਸਿਮਰਨ ਆਦਰ ਸਤਿਕਾਰ
ਉਪਜਾਵੇ

-0-

ਸਿਮਰਨ ਕਰਦੇ ਮਾਨਵ ਨੂੰ
ਨੀਵਾਂ ਉੱਚਾ
ਇਸ ਜਗਤ ਵਿਚ ਨਜ਼ਰ ਨਾ ਆਵੇ
ਏਕ ਨੂਰ ਤੇ ਸਭ ਜਗ ਉਪਜਿਆ
ਦਾ ਉਹ ਬੋਲ ਕਹਾਏ
ਸਿਮਰਨ ਪਿਆਰ ਤੇ ਸ਼ਰਧਾ ਖ਼ਾਤਰ
ਬਿਦਰ ਕ੍ਰਿਸ਼ਨ ਹੋ ਜਾਏ
ਰਵੀਦਾਸ ਨੀਵੀਂ ਜਾਤੀ ਦਾ
ਸਿਮਰਨ ਦੀ ਬਰਕਤ ਸੰਗ
ਚੌਹੀਂ ਵਰਣੀ ਪੂਜਿਆ ਜਾਏ
ਨਾਮ ਦੇਵ ਸਿਮਰਨ ਸਦਕਾ
ਉੱਚ ਪਦਵੀ ਨੂੰ ਪਾਏ

ਨੀਵੀਂ ਜਾਤ ਪਾਤ ਲਈ
ਸਿਮਰਨ ਚਾਨਣ ਹੋ ਜਾਏ

-0-

ਸਿਮਰਨ ਸਦਕਾ
ਜਗ ਸ਼ੋਭਾ ਕਰਦਾ
ਪਲਕਾਂ ਤੇ ਬਿਠਾਏ
ਜੋ ਸਿਮਰੇ ਉਹ ਜ਼ਰੇ ਤੋਂ
ਸੂਰਜ ਚੰਨ ਤਾਰਾ ਹੋ ਜਾਏ
ਕਬੀਰ ਪ੍ਰਭੂ ਸਿਮਰਨ ਕਾਰਨ
ਖਜ਼ਾਨਾਂ ਗੁਣਾਂ ਦਾ ਹੋਇਆ
ਪ੍ਰਭੂ ਦਰਗਾਹੇ ਉੱਚੀ ਤੋਂ
ਉੱਚੀ ਥਾਂ ਜਾ ਖਲੋਇਆ

-0-

ਸਿਮਰਨ ਦੀ ਮਿਹਰ ਹੋਈ
ਸੈਣ ਭਗਤ ਤੇ ਧੰਨੇ ਦੇ ਉੱਤੇ
ਜਿਨ੍ਹਾਂ ਜਗਤ 'ਚ ਸ਼ੋਭਾ ਪਾਈ
ਸਿਮਰਨ ਸੰਗ ਭਗਤਾਂ ਦੀ ਸ਼ੋਭਾ
ਭਗਤਾਂ ਨੂੰ ਬਣ ਆਈ

-0-

ਸਿਮਰਨ ਦੇ ਸੰਗ
ਰੰਕ ਪਾਤਸ਼ਾਹ ਹੋਵੇ
ਸਿਮਰਨ ਸੰਗ ਕੱਖਾਂ ਤੋਂ ਹੌਲਾ
ਮਹਿਲਾਂ ਸੰਗ ਖਲੋਵੇ
ਸਿਮਰਨ ਜਾਤ ਪਾਤ ਨਾ ਜਾਣੇ

ਨਾ ਰੰਗ ਰੂਪ ਸਿਆਣੇ
ਸਿਮਰਨ ਲਈ
ਨਾ ਕੋਈ ਵੈਰੀ ਨਾ ਹੀ ਬੇਗ਼ਾਨਾਂ
ਸਿਮਰਨ ਮਾਨਵ ਵਿਚ
ਜਗਦੀ ਜੋਤ ਪਛਾਣੇ

-0-

ਉੱਚਾ ਉਹ
ਜਿਸਦਾ ਆਤਮਕ ਜੀਵਨ ਉੱਚਾ
ਸਿਮਰਨ ਤੋਂ ਸੱਖਣਾ ਨੀਵਾਂ
ਸਿਮਰਨ ਸੰਗ ਹੀ ਉੱਚਾ
ਜਿਸ ਸਿਮਰਿਆ ਨਾਂ ਪ੍ਰਭੂ ਦਾ
ਉਹ ਨੀਵਾਂ ਵੀ ਉੱਚਾ

-0-

ਚੰਗਾ ਮਾੜਾ ਜੋ ਮਾਨਵ ਵੀ
ਪ੍ਰਭੂ ਦਾ ਨਾਮ ਧਿਆਵੇ
ਪ੍ਰਭੂ ਨਾਮ ਦੀ ਗੰਗਾ ਸੰਗ ਮਿਲ ਕੇ
ਗੰਗਾ ਜਲ ਦਾ ਸੱਚ ਹੋ ਜਾਵੇ
ਸਿਮਰਨ ਆਦਰ ਤੇ ਸਨਮਾਨ
ਦੀ ਕੁੱਖ ਹੈ
ਦਰਗਾਹੇ ਪਾਏ ਮਾਨ ਦੀ ਕੁੱਖ ਹੈ
ਜ਼ਿੰਦਗੀ ਨੂੰ ਜਨਮਦਾ ਹੈ ਜੋ
ਸਿਮਰਨ ਉਸ ਭਗਵਾਨ ਦੀ ਕੁੱਖ ਹੈ

-0-

ਸਿਮਰਨ ਨਿਰਭੋਉ ਸਿਰਜੇ

ਸਗਲ ਸੰਗ ਬਣ ਆਵੇ
ਜੋ ਆਪਣਾ ਸਵੈ ਸਿਮਰੇ
ਜਗ ਉਸਦਾ ਹੋ ਜਾਵੇ
ਜਿਸ ਮਾਨਵ ਦਾ ਸਵੈ ਮਿੱਤਰ
ਉਹ ਨਾ ਡਰੇ ਡਰਾਵੇ
ਉਹ ਨਾ ਭੈਅ ਕਿਸੇ ਨੂੰ ਦੇਵੇ
ਨਾ ਭੈਅ ਕਿਸੇ ਤੋਂ ਖਾਵੇ

-0-

ਉਹ ਤਾਂ ਹੈ ਨਿਰਵੈਰ ਦਾ ਸੇਵਕ
ਖੁਦ ਨਿਰਵੈਰ ਹੋ ਜਾਵੇ
ਨਿਰਵੈਰ ਜੱਪੇ ਸਗਲ ਭੈਅ ਮਿਟੇ
ਅਕਾਲ ਮੂਰਤਿ ਧਿਆਵੇ
ਜਨਮ ਮਰਨ ਤੋਂ ਮੁਕਤੀ ਪਾਏ

-0-

ਸਿਮਰਨ ਤ੍ਰਿਸ਼ਨਾ ਤੇ ਲਾਲਚ ਦਾ
ਨਾਸ ਕਰੇ
ਜੋ ਸਿਮਰੇ
ਉਸਦੇ ਸਿਰ ਤੋਂ ਸਗਲ ਸੰਤਾਪ ਟਲੇ
ਚੱਕੀ ਦੇ ਪੁੜ ਦਾਣੇ ਪੀਂਹਦੇ
ਜੋ ਦਾਣੇ ਕਿੱਲੀ ਦੇ ਨੇੜੇ
ਉਹ ਨਾ ਪੀਸੇ ਜਾਵਣ
ਜੋ ਨਰ ਹੈ ਪ੍ਰਭੂ ਸਹਾਰੇ
ਸੰਸਾਰ ਸ਼ਕਤੀਆਂ
ਉਸਨੂੰ ਢਾਅ ਨਾ ਲਾਵਣ

-0-

ਸਿਮਰਨ ਦੀ ਰਹਿਮਤ ਸੰਗ
ਮਾਨਵ ਨਿਰਲੇਪ ਕੰਵਲ ਹੋ ਜਾਏ
ਜੋ ਨਰ ਗੁਰੂ ਚਰਨਾਂ ਨਾਲ ਜੁੜਦਾ
ਸੇਵਾ ਸਿਮਰਨ ਕਰਦਾ ਘਾਲ ਕਮਾਈ
ਉਹ ਨਰ ਮੋਹ ਮਾਇਆ ਤੋਂ ਬਚਦਾ
ਦਰਗਾਹੇ ਪਾਉਂਦਾ ਵਡਿਆਈ

-0-

ਮਾਨਵ ਦਾ ਮਨ ਸਦਾ ਭਟਕਦਾ
ਕਦੇ ਨਾ ਟਿੱਕ ਕੇ ਬਹਿੰਦਾ
ਮਾਇਆ ਵਾਸ਼ਨਾ ਪਿੱਛੇ ਬੰਦਾ
ਸਦਾ ਹੀ ਭੱਜਦਾ ਰਹਿੰਦਾ
ਭਾਗਾਂ ਵਾਲਾ ਕੋਈ
ਪ੍ਰਭੂ ਵਿਚ ਮਨ ਟਿੱਕਾਉਂਦਾ
ਟਿੱਕਿਆ ਮਨ ਪ੍ਰਭੂ ਸਿਮਰਨ ਵਿਚ
ਮਨਚਿਦਿਆਂ ਫੱਲ ਪਾਉਂਦਾ
ਜੋ ਮਾਨਵ ਪ੍ਰਭ ਨੂੰ ਵਿਸਰੇ
ਵਿਕਾਰਾਂ ਵਸ ਪੈ ਜਾਵੇ
ਅਕਲ ਸੂਝ ਸਿਆਣਪ
ਉਸਦੀ ਢਹਿ-ਢੇਰੀ ਹੋ ਜਾਵੇ

-0-

ਜੋ ਜਿੰਦ ਵਾਹੁਟੀ
ਪ੍ਰਭੂ ਪੀਆ ਨੂੰ ਪਾ ਲੈਂਦੀ ਹੈ
ਉਹ ਤ੍ਰਿਸ਼ਨਾ ਅੱਗਣ ਬੁੱਝਾ ਲੈਂਦੀ ਹੈ
ਮੋਹ ਤੌਖ਼ਲੇ ਇਸ ਜਗਤ ਦੇ

ਉਸਦਾ ਮਨ ਭਰਮਾ ਨਹੀਂ ਸਕਦੇ
ਸਹਿਮ ਜੀਵਨ ਦਾ ਡਰ ਮੌਤ ਦਾ
ਉਸਨੂੰ ਕਦੀ ਡਰਾ ਨਹੀਂ ਸਕਦੇ

-0-

ਆਤਮ ਨੂੰ ਜੋ ਸਿਮਰੇ ਮਾਨਵ
ਪਸ਼ੂ ਬਿਤਰੀਆਂ ਖ਼ੁਦਗਰਜ਼ੀਆਂ ਤੋਂ
ਉਹ ਮੁਕਤੀ ਪਾ ਲੈਂਦਾ ਹੈ
ਕਾਇਆਕਲਪ ਹੋ ਜਾਏ ਉਸ ਦਾ
ਆਪਣਾ ਜੀਵਨ
ਖਲਕਤ ਸੇਵਾ ਵਿਚ ਲਾ ਲੈਂਦਾ ਹੈ

-0-

ਜਗਤ ਰਚਨਾਂ ਸੰਗ ਰਚੀ ਦਾਤੇ ਨੇ
ਤ੍ਰੈਗੁਣੀ ਇਹ ਮਾਇਆ
ਜੀਵ-ਜੰਤ ਸਭ ਉਸ ਉਪਾਏ
ਉਸਨੇ ਹੀ ਇਹ ਚੋਜ ਰਚਾਏ
ਉਸ ਦੀ ਰਜ਼ਾ
ਜੀਵ ਫਸੇ ਵਿਚ ਮਾਇਆ
ਉਸ ਦੀ ਰਜ਼ਾ ਹੋਵੇ ਗੁਰੂ ਕ੍ਰਿਪਾ
ਮਾਇਆ ਜਾਲ ਮੁਕਾਇਆ

-0-

ਸਤਿਗੁਰ ਦੀ ਕ੍ਰਿਪਾ ਸੰਗ
ਹਿਰਦੇ ਉਪਜੇ ਨਾਮ
ਨਾਮ ਸਿਮਰਨ ਦੀ ਪ੍ਰਕਿਰਿਆ

ਮਨ ਜੋਤ ਜਗਾਏ ਨਾਮ
ਨਾਮ ਬਿਨਾਂ ਬਾਹੁਰਾ ਹੋਇਆ
ਸੰਸਾਰ
ਜਨਮ ਵਿਅਰਥ ਜਾਏ ਹਾਰ
ਅੰਮ੍ਰਿਤ ਨਾਮ ਇਕੋ ਸ਼ਬਦ ਹੈ
ਗੁਰੂ ਕ੍ਰਿਪਾ ਸੰਗ ਗੁਰਮੁੱਖ ਪਾਏ
ਦਾਤਾ ਨੇੜੇ ਨਜ਼ਰੀਂ ਆਏ

-0-

ਨਾਮ ਤੋਂ ਸੱਖਣਾ
ਜੀਵਨ ਵਿਅਰਥ ਗੁਆ ਲੈਂਦਾ ਹੈ
ਜਗਤ ਦੀ ਝੋਲੀ ਝੂਠ
ਝੂਠ ਦੀ ਝੋਲੀ ਜਗ ਪਾ ਦਿੰਦਾ ਹੈ
ਜੇ ਕੋਈ ਸ਼ਾਸਤਰ ਦਾ ਗਿਆਨੀ ਹੈ
ਪ੍ਰਾਣਾਯਾਮ ਦਾ ਅਭਿਆਸੀ ਹੈ
ਸਵਾਸ ਚੜ੍ਹਾਣ ਉਤਾਰਣ ਦਾ
ਕਰਮ ਕਮਾ ਸਕਦਾ ਹੈ
ਜੰਗਲ ਦੇ ਵਿਚ ਰਹਿ ਕੇ
ਆਪਣੀ ਭੁੱਖ ਮਿਟਾ ਸਕਦਾ ਹੈ
ਪਰ ਜੇ ਉਸਦੇ ਹਿਰਦੇ ਪ੍ਰਭੂ ਨਾਮ ਨਹੀਂ ਹੈ
ਤਾਂ ਉਹ ਜੋ ਵੀ ਕਾਰਜ ਕਰਦੈ
ਰਾਸ ਨਹੀਂ ਹੈ

ਨੀਵੇਂ ਤੋਂ ਨੀਵੇਂ ਬੰਦੇ ਦੇ ਚਰਨਾਂ ਦੀ
ਧੂੜ ਦੇ ਵੀ ਉਹ ਪਾਸ ਨਹੀਂ ਹੈ

-0-

ਪ੍ਰਭੂ ਨਾਮ ਦਾ ਵਣਜ਼
ਚਿੰਤਾ ਫ਼ਿਕਰ ਮਿਟਾਉਂਦਾ ਹੈ
ਪ੍ਰਭੂ ਨਾਮ ਬਿਨ ਬੰਦਾ
ਝੋਰਿਆਂ ਵਿਚ ਮਰ ਜਾਂਦਾ ਹੈ
ਆਪਣੀ ਆਤਮਾ ਮਾਰ ਕੇ
ਜੀਵਨ ਜਿਉਂਦਾ ਹੈ
ਕਿਉਂਕਿ ਉਸਦੇ ਚਿੱਤ ਨੂੰ
ਨਾਮ ਨਾ ਭਾਉਂਦਾ ਹੈ

-0-

ਜੋ ਜਨ ਸਾਧ ਸੰਗਤ ਵਿਚ ਜਾ ਕੇ
ਪ੍ਰਭੂ ਦਾ ਨਾਮ ਪਛਾਣੇ
ਆਤਮ ਦਾਨ ਜਿਸ ਦਾਤੇ ਦਿੱਤਾ
ਉਸ ਦਾਤੇ ਨੂੰ ਜਾਣੇ
ਸਾਧ ਸੰਗਤ ਦੀ ਕ੍ਰਿਪਾ ਸੰਗ
ਦਾਤਾ ਉਸਨੂੰ ਬਖ਼ਸ਼ਣਹਾਰ
ਤ੍ਰਿਸ਼ਨਾ ਤਮਾਂ ਦੇ ਲਾਲਚ
ਉਸ ਮਾਨਵ ਦੇ ਮਿਟ ਜਾਣ

-0-

ਅਨੇਕਾਂ ਯਤਨ ਕਰੇ ਕੋਈ ਭਾਵੇਂ
ਇਸ ਦੁਨੀਆਂ ਵਿਚ ਸਦਾ ਲਈ
ਰਹਿ ਨਹੀਂ ਸਕਦਾ

ਪ੍ਰਭੂ ਦਾ ਨਾਮ ਵਸਾਏ ਜੋ ਹਿਰਦੇ
ਉਹ ਨਰ ਨਾਰੀ ਆਤਮਕ ਜੀਵਨ ਪਾਏ
ਸਦਾ ਅਮਰ ਹੋ ਜਾਏ

-0-

ਗੋਬਿੰਦ ਨਾਮ ਖਜ਼ਾਨਾ
ਜੋ ਨਰ ਮਨੋ ਵਿਸਾਰੇ ਨਾ
ਉਸਦੇ ਮੋਹ ਮਾਇਆ ਦੇ ਬੰਧਨ
ਟੁੱਟ ਜਾਂਦੇ ਹਨ
ਜੂਨ ਚੌਰਾਸੀ ਦੇ ਚੱਕਰ ਮੁੱਕ ਜਾਂਦੇ ਹਨ

-0-

ਉਹ ਮਾਨਵ ਗੁਰੂ ਸੇਵਾ ਕਰਕੇ
ਆਨੰਦ ਪ੍ਰਾਪਤ ਕਰਦਾ ਹੈ
ਵਰਤਮਾਨ ਤੇ ਭਵਿੱਖ ਦੇ ਮੱਥੇ
ਜਗਦੇ ਸੂਰਜ ਧਰਦਾ ਹੈ
ਉਹ ਨਰ ਅੰਮ੍ਰਿਤ ਅਨਹਦ
ਰਸ ਪੀਂਦਾ ਹੈ
ਜਿਉਂਦੇ ਜੀਅ ਆਤਮ ਦਾ
ਸੱਚ ਜੀਂਦਾ ਹੈ

-0-

ਹੇ ਦਾਤਾ
ਮੈਂ ਗੁਣਹੀਣ ਕੋਈ ਗੁਣ ਨਾਹੀ
ਕਿਹੜਾ ਰੂਪ ਤੇਰਾ ਮੇਰੇ ਸਾਈਆਂ
ਜਿਸਨੂੰ ਮੈਂ ਧਿਆਵਾਂ
ਕਿਹੜਾ ਗੁਣ ਤੇਰਾ ਮੇਰਾ ਦਾਤਾ

ਜਿਸ ਸਿਮਰਾਂ ਸਿਫ਼ਤ ਸਲਾਹਾਂ
ਕਿਹੜਾ ਬੋਲ ਉਚਾਰਾਂ ਦਾਤਾ
ਮੈਂ ਤੈਨੂੰ ਭਾਅ ਜਾਵਾਂ
ਕਿਤਬਿਧ ਪੂਜਾਂ ਤੈਨੂੰ ਪ੍ਰਭ ਮੇਰੇ
ਭਵਸਾਗਰ ਤਰ ਜਾਵਾਂ
ਕਿਹੜਾ ਰੂਪ ਹੈ ਜਿਸ ਨੂੰ ਤੱਪਿਆਂ
ਮੈਂ ਤੇਰਾ ਹੋ ਜਾਵਾਂ
ਕਿਹੜਾ ਨਾਮ ਸਿਮਰਾਂ ਦਾਤਾ
ਹਾਉਮਿਉਂ ਮੁਕਤੀ ਪਾਵਾਂ
ਮੇਰੇ ਵਿਚ ਕੋਈ ਗੁਣ ਨ਼ਾ ਦਾਤਾ
ਨਾ ਕੋਈ ਉਧਮ ਸਹਾਈ
ਮੈਂ ਆਪਣੀ ਪੂਜਾ ਸਿਮਰਨ
ਸੁਰਤਿ ਸਮੱਗਰੀ ਤੇਰੇ ਚਰਨੀ ਲਾਈ

-0-

ਨਦਰਿ ਨਿਹਾਲ ਕਰੋ ਮੇਰੇ ਦਾਤਾ
ਮੈਂ ਤੇਰੀ ਦੀਦ ਤ੍ਰਿਹਾਈ
ਮੇਰੀ ਪੂਜਾ ਸੁਰਤਿ ਸਿਮਰਨ
ਦਾਤਾ ਤੇਰੇ ਮਨ ਭਾਵੇ
ਸੰਸਾਰ ਸਮੁੰਦਰ ਤੋਂ ਸਭ ਨੂੰ
ਤੂੰ ਹੀ ਹੈਂ ਤਾਰਨ ਵਾਲਾ
ਤੂੰ ਹੀਂ ਜੀਵਨ ਸਫ਼ਰ ਦਾ ਰੱਥ ਹੈਂ
ਤੂੰ ਹੀ ਤਾਰਨ ਲਈ ਸਮਰੱਥ ਹੈਂ

-0-

ਵਾਹੁ ਵਾਹੁ ਨਾਮ ਹੈ ਤੇਰਾ
ਗੁਰੂ ਕ੍ਰਿਪਾ ਪ੍ਰਭੂ ਮਾਨਵ ਪਾਸੋਂ
ਆਪਣਾ ਨਾਮ ਜੱਪਾਵੇਂ
ਪ੍ਰਭੂ ਦੀ ਸਿਫ਼ਤ ਸਲਾਹ
ਸਵੈ ਪ੍ਰਭੂ ਦਾ ਰੂਪ ਕਹਾਵੇਂ
ਵਾਹੁ ਵਾਹੁ ਦੇ ਸਿਮਰਿਆਂ
ਪ੍ਰਭੂ ਸੰਗ ਮੇਲ ਹੋ ਜਾਵੇ
ਵਾਹੁ ਵਾਹੁ ਸਿਮਰਦੀ ਜੀਭਾਂ
ਜਗ ਵਿਚ ਸ਼ੋਭਾ ਪਾਵੇ
ਕਿਸਮਤ ਵਾਲਾ ਕੋਈ ਜਗ ਅੰਦਰ
ਵਾਹੁ ਵਾਹੁ ਧਿਆਵੇ

-0-

ਜੋ ਜਨ ਵਾਹੁ ਵਾਹੁ ਸਿਮਰੇ
ਬ੍ਰਹਮ ਰੂਪ ਹੋ ਜਾਵੇ
ਵਾਹੁ ਵਾਹੁ ਕਰਦਿਆਂ
ਮਾਨਵ ਜੀਵਨ ਦਾ ਹਰ ਸੁੱਖ ਪਾਵੇ
ਸਦਾ ਆਨੰਦ ਪ੍ਰਾਪਤ ਹੋਵੇ
ਜੋਤੀ ਜੋਤ ਸਮਾਵੇ

-0-

ਵਾਹੁ ਵਾਹੁ ਸਤਿ ਹੈ ਬਾਣੀ
ਜੋ ਧੁਰ ਦਰਗਾਹੋਂ ਆਈ
ਜਿਤ ਜੱਪਿਆ ਮਾਨਵ
ਸਗਲੀ ਚਿੰਤ ਮੁਕਾਈ
ਉਹ ਵੱਡਭਾਗੀ ਨਰ ਜਾਣੋ

ਜੋ ਵਾਹੁ ਵਾਹੁ ਧਿਆਵੇ
ਆਪਣੀ ਆਤਮ ਜੋਤ ਪਛਾਣੇ
ਪੂਰਨ ਪ੍ਰਮੇਸ਼ਵਰ ਪਾਵੇ

-0-

ਪ੍ਰਮੇਸ਼ਵਰ ਭਗਤਾਂ ਨੂੰ ਹੈ
ਗੁਣ ਬਖ਼ਸ਼ਣ ਵਾਲਾ
ਆਡੋਲ ਪ੍ਰਭੂ
ਜੋ ਸਭ ਜੀਵਾਂ ਵਿਚ ਵਿਆਪਕ
ਜੋ ਪ੍ਰਭੂ ਹੈ ਸਦਾ ਸਲਾਮਤ
ਵੱਡੇ ਜ਼ਿਗਰੇ ਵਾਲਾ
ਸਭ ਦੇ ਵਿਚ ਉਜਾਗਰ
ਸਭ ਨੂੰ ਹੈ ਰਿਜ਼ਕ ਬਖ਼ਸ਼ਿਣਹਾਰਾ

-0-

ਉਸ ਪ੍ਰਭੂ ਨੂੰ ਇਕ ਜਾਣ ਕੇ
ਉਸਦੀ ਵੱਡਿਆਈ ਕਰੀਏ
ਵਾਹੁ ਵਾਹੁ ਨਾਮ ਹੈ ਉਸਦਾ
ਸਵਾਸ ਗਰਾਸ ਜੱਪੀਏ
ਵਾਹੁ ਵਾਹੁ ਅੰਮ੍ਰਿਤ ਨਾਮ ਰਸ ਹੈ
ਜਿਸ ਮਾਨਵ ਇਹ ਰਸ ਪਾਇਆ
ਉਸ ਮਾਨਵ ਦੇ ਆਤਮ ਨੇ
ਬ੍ਰਹਮ ਰੂਪ ਵਿਖਾਇਆ

-0-

ਉਹ ਨਰ
ਪ੍ਰਭੂ ਨਾਮ ਦਾ ਗੁਣ ਖ਼ਜ਼ਾਨਾਂ

ਉਹ ਨਰ ਪ੍ਰਭੂ ਰੂਪ ਹੀ ਜਾਣਾ
ਪ੍ਰਭ ਬਖ਼ਸ਼ੇ ਜਿਸ ਨਾਮ ਦੀ ਦਾਤ
ਉਹ ਨਰ ਆਨੰਦ ਇਸ ਦਾ ਪਾਵੇ
ਵਰਤੇ ਖਰਚੇ ਮੁੱਕੇ ਨਾਹੀ
ਜਿਉਂ ਜਿਉਂ ਖਰਚੇ ਵੱਧਦੀ ਜਾਵੇ

-0-

ਪ੍ਰਭੂ ਦੀ ਇਹ ਸਿਫ਼ਤ ਸਲਾਹ ਹੈ
ਪ੍ਰਭੂ ਜਲ ਥਲ ਹਰ ਥਾਂ ਹੈ
ਉਹ ਅਕਾਰ ਰਹਿਤ ਪ੍ਰਭੂ ਦਾਤਾ
ਜਿਸਦਾ ਨਾਂ ਕੋਈ ਸਾਨੀ
ਜਿਸਦਾ ਥਹੁ ਠਿੱਕਾਣਾ
ਕੋਈ ਨਾ ਜਾਣੀ
ਜੋ ਆਪਣੀ ਰਜ਼ਾ 'ਚ ਰਾਜ਼ੀ
ਜਿਸਨੂੰ ਕਿਸੇ ਦੀ ਨਹੀਂ ਮੌਥਾਜ਼ੀ

-0-

ਜਿਸਦਾ ਭਾਣਾ
ਸਭਨੀ ਥਾਈਂ ਵਰਤ ਰਿਹਾ ਹੈ
ਜਿਸਦਾ ਕੀਤਾ ਹੋ ਜਗਤ ਰਿਹਾ ਹੈ
ਉਹ ਇਕ ਸੱਚ ਹੈ
ਵਾਹੁ ਵਾਹੁ ਜਿਸਦਾ ਰੂਪ ਹੈ
ਉਸਦਾ ਸੱਚ ਜੀਵਾਂ ਲਈ
ਆਤਮ ਜੀਵਨ ਦਾ ਸਰੂਪ ਹੈ

-0-

ਅਨੇਕਾਂ ਜੀਵ ਜੰਤ
ਜੋ ਇਕ ਪ੍ਰਿਥਪਾਲਕ ਧਿਆਵਣ
ਤੂੰ ਵੀ ਸਿਮਰ ਉਸੇ ਮਨ ਮੇਰੇ
ਦੁੱਖ ਹਰਨ ਸੁੱਖ ਆਵਣ
ਵੇਦ ਪੁਰਾਣਾਂ ਸਿਮਰਤੀਆਂ ਨੇ
ਅਕਾਲ ਪੁਰਖ ਸ੍ਰੇਸ਼ਟ ਜਾਤਾ
ਉਸ ਦੀ ਵਡਿਆਈ ਕਹੀ ਨਾ ਜਾਏ
ਜੋ ਜਨ ਪ੍ਰਭੂ ਨਾਮ ਦੀਵਾਨੇ
ਤਿਨ੍ਹਾਂ ਦੀ ਸੰਗਤ ਸਭ ਸੁੱਖ ਭਾਨੇ

–0–

ਜੋ ਨਰ
ਸਵੈ ਸਿਮਰੇ ਜੂਨਾਂ ਕਟੇ
ਸਵੈ ਸਿਮਰੇ ਮੌਤੋਂ ਨਾ ਡਰੇ
ਸਵੈ ਸਿਮਰੇ ਕਾਲ ਨੂੰ ਜਿੱਤੇ
ਸਵੈ ਸਿਮਰੇ ਸਭ ਮੀਤੇ
ਸਵੈ ਸਿਮਰੇ ਕਾਰਜ ਰਾਸ
ਸਵੈ ਸਿਮਰੇ ਨਿੱਤ ਜਾਗੇ
ਸਵੈ ਸਿਮਰੇ ਭੌਉ ਨਹੀਂ ਲਾਗੇ
ਸਵੈ ਸਿਮਰੇ ਸਾਧ ਕਹਾਵੇ
ਸਵੈ ਸਿਮਰੇ ਆਤਮ ਪਾਵੇ
ਸਵੈ ਸਿਮਰੇ ਦਰਗਾਹੇ ਮਾਨ
ਸਵੈਂ ਸਿਮਰੇ ਆਤਮ ਭਗਵਾਨ

–0–

ਸਵੈ ਸਿਮਰੇ ਪ੍ਰਭੂ ਧਿਆਨ

ਸਵੈ ਸਿਮਰੇ ਸੱਚ ਬੁੱਝੇ
ਸਵੈ ਸਿਮਰੇ ਨਾਮ ਰਸ ਲਾਗੇ
ਸਵੈ ਸਿਮਰੇ ਭਟਕਣ ਦੂਰ
ਸਵੈ ਸਿਮਰੇ ਮੁਕਤੀ ਪਾਏ
ਸਵੈ ਸਿਮਰੇ ਅਮਰ ਹੋ ਜਾਏ
ਸਵੈ ਸਿਮਰੇ ਪ੍ਰਭੂ ਕ੍ਰਿਪਾ ਹੋਏ
ਸਵੈ ਸਿਮਰੇ ਸਭ ਮੈਲਾ ਧੋਏ
ਸਵੈ ਸਿਮਰੇ ਪ੍ਰਭੂ ਦਿਆਲ
ਸਵੈ ਸਿਮਰੇ ਪਾਪਾਂ ਦਾ ਨਾਸ

−0−

ਸਵੈ ਸਿਮਰੇ ਮਨ ਸ਼ੀਸ਼ਾ ਹੋਏ
ਸਵੈ ਸਿਮਰੇ ਅੰਮ੍ਰਿਤ ਰਸ ਪੀਏ
ਸਵੈ ਸਿਮਰੇ ਪ੍ਰਭੂ ਰਸਨਾ ਆਵੇ
ਸਵੈ ਸਿਮਰੇ ਜਗ ਸੋਭਾ ਪਾਵੇ
ਸਵੈ ਸਿਮਰੇ ਸਿਰ ਉੱਚਾ ਹੋਏ
ਸਵੈ ਸਿਮਰੇ ਜਗਤ ਸਵੀਕਾਰ
ਸਵੈ ਸਿਮਰੇ ਉੱਚਾ ਨਾਂਓੁ
ਸਵੈ ਸਿਮਰੇ ਸੁਤੰਤਰ ਹੋ ਜਾਏ
ਸਵੈ ਸਿਮਰੇ ਜਗਤ ਦਾ ਰਾਜ
ਸਵੈ ਸਿਮਰੇ ਸ਼ੁੱਧ ਭੰਡਾਰ
ਸਵੈ ਸਿਮਰੇ ਮਨ ਨਿਰਮਲ ਹੋਏ

−0−

ਸਵੈ ਸਿਮਰੇ ਮਿਟੇ ਅਭੀਮਾਨ
ਸਵੈ ਸਿਮਰੇ ਬ੍ਰਹਮ ਹੋ ਜਾਏ

ਸਵੈ ਸਿਮਰੇ ਸੰਤੋਖੀ ਹੋਏ
ਦਆ ਧਰਮ ਸਭ ਨ਼ਾਲ ਖਲੋਏ

−0−

ਸ਼ਬਦ ਸਿਮਰੇ ਦਆ ਦਾ ਮਾਰਗ
ਸ਼ਬਦ ਸਿਮਰੇ ਸਦਾ ਕੁਰਬਾਨ
ਸ਼ਬਦ ਸਿਮਰੇ ਮਨ ਜੋਤ ਧਿਆਨ
ਸ਼ਬਦ ਸਿਮਰੇ ਮਨ ਜੀਤ
ਸ਼ਬਦ ਸਿਮਰੇ ਦੇਹ ਸੁੱਖ ਹੋਏ
ਸ਼ਬਦ ਸਿਮਰੇ ਪਾਵੇ ਆਨੰਦ
ਸ਼ਬਦ ਸਿਮਰੇ ਪ੍ਰਭੂ ਪਾਸ
ਸ਼ਬਦ ਸਿਮਰੇ ਸਦਾ ਜਗ ਰਾਸ

−0−

ਸ਼ਬਦ ਸਿਮਰੇ ਉਤਮ ਭਾਗ
ਸ਼ਬਦ ਸਿਮਰੇ ਸਫ਼ਲਾ ਜੀਵਨ
ਸ਼ਬਦ ਸਿਮਰੇ ਮਨ ਸੁੱਖ ਸ਼ਾਂਤ
ਸ਼ਬਦ ਸਿਮਰੇ ਪ੍ਰਭੂ ਉਚਾਰਨ
ਸ਼ਬਦ ਸਿਮਰੇ ਚਿੱਤ ਆਡੋਲ
ਸ਼ਬਦ ਸਿਮਰੇ ਜੋਤ ਸਰੂਪ
ਸ਼ਬਦ ਸਿਮਰੇ ਤਨ ਮਨ ਖੀਵਾ ਹੋਏ
ਸ਼ਬਦ ਸਿਮਰੇ ਅੰਨਹਦ ਪ੍ਰਕਾਸ਼
ਸ਼ਬਦ ਸਿਮਰੇ ਉਪਜੇ ਹੁਲਾਸ
ਸ਼ਬਦ ਸਿਮਰੇ ਸਵਰਗੀ ਵਾਸ

−0−

ਆਤਮ ਸਿਮਰੇ ਜਗਤ ਪ੍ਰਸਿੱਧ
ਆਤਮ ਸਿਮਰੇ ਏਕ ਧਿਆਨ

ਆਤਮ ਸਿਮਰੇ ਦਾਤਾ ਹੋਏ
ਆਤਮ ਸਿਮਰੇ ਨੀਚ ਮਹਾਨ
ਆਤਮ ਸਿਮਰੇ ਦੇਹ ਸਤਿਆ ਪਾਏ
ਆਤਮ ਸਿਮਰੇ ਵਿਸ਼ਵ ਸੱਚ ਹੋ ਜਾਏ
ਆਤਮ ਸਿਮਰੇ ਜਗਤ ਨਿਵਾਸ
ਆਤਮ ਸਿਮਰੇ ਪ੍ਰਭੂ ਦੀਦਾਰਾ
ਆਤਮ ਸਿਮਰੇ ਬ੍ਰਹਮ ਜਾਣੇ
ਆਤਮ ਸਿਮਰੇ ਨਾਮ ਦਾਨ ਪਾਏ
ਆਤਮ ਸਿਮਰੇ
ਰਹਿਮਤਾਂ ਦਾ ਦਾਤਾ ਕਹਿਲਾਏ
ਆਤਮ ਸਿਮਰੇ
ਗਰਭ ਜੂਨ ਨਾ ਆਏ

-0-

ਜਿੱਥੇ ਮਾਂ ਪਿਓ ਮਿੱਤਰ ਨਾ ਭਾਈ
ਉੱਥੇ ਪ੍ਰਭ ਦਾ ਨਾਮ ਸਹਾਈ
ਜਿੱਥੇ ਵਾਹਰ ਜਮਦੂਤਾਂ ਦੀ ਆਈ
ਉੱਥੇ ਨਾਮ ਪ੍ਰਭੂ ਜਾਈ
ਜਿੱਥੇ ਮੁਸ਼ਕਲ ਅਤਿ ਭਾਰੀ
ਉੱਥੇ ਨਾਮ ਪ੍ਰਭੂ ਛੁੱਟਕਾਰੀ
ਹਰੀ ਨਾਮ ਜੋ ਧਿਆਵੇ
ਭੈਅ ਨਾ ਲਾਗੇ ਸਦਾ ਸੁੱਖ ਪਾਵੇ

-0-

ਜੋ ਦੁੱਖੀਆ ਵਿਚ ਸੰਸਾਰਾ
ਪ੍ਰਭੂ ਸਿਮਰੇ ਸੁੱਖ ਅਧਾਰਾ

ਦੁਨੀਆਂ ਵਿਚ ਮਾਨਵ
ਜੇ ਦੀਨ ਹੋ ਜਾਏ
ਹਰੀ ਸਿਮਰੇ ਪਾਰ ਲੰਘ ਜਾਏ
ਵਿਚ ਔਕੜ ਘਿਰ ਜਾਏ
ਹਰੀ ਸਿਮਰੇ ਤੁਰੰਤ ਬਚ ਪਾਏ
ਹਾਉਮੈ ਗੰਧ ਮੈਲ ਭਰ ਜਾਏ
ਹਰੀ ਸਿਮਰੇ ਸਭ ਨਾਸ਼ ਹੋ ਜਾਏ
ਐਸਾ ਨਾਮ ਜੱਪੋ ਮੇਰੇ ਮਨੂਆ
ਸਾਧ ਸੰਗਤ ਦੇ ਪਰਸੋਂ ਚਰਨਾ
ਸਾਧ ਸੰਗਤ ਦੇਹ ਪ੍ਰਭੂ ਵਸੇਰਾ
ਜੋਤ ਜਗੇ ਕਟੇ ਹਨ੍ਹੇਰਾ
ਐਸਾ ਨਾਮ ਮਨ ਸਦਾ ਧਿਆਉ
ਜਿਹ ਸਿਮਰੇ ਪਰਮਗਤਿ ਪਾਉ

-0-

ਜੀਵਨ ਸਫ਼ਰ ਲੰਮੇਰਾ
ਪੱਲੇ ਕੁਝ ਨਾਹੀ
ਰਾਹ ਹੈ ਘੁੱਪ ਹਨ੍ਹੇਰਾ
ਜੀਵਨ ਮਹਿਰਮ ਨਾ ਕੋਈ
ਹਰੀ ਨਾਮ
ਸਫ਼ਰ ਦਾ ਸਾਥੀ ਸੰਗੀ ਹੋਈ
ਰਾਹ ਵਿਚ ਵਿਕਾਰਾਂ ਦਾ
ਸੂਰਜ ਤਪਦਾ ਹੈ
ਹਰੀ ਨਾਮ
ਸਿਰ ਤੇ ਹੱਥੀਂ ਛਾਵਾਂ ਕਰਦਾ ਹੈ

ਜਿੱਥੇ ਮਾਇਆ ਦੀ ਤ੍ਰੇਹ
ਮਨ ਨੂੰ ਹਿੱਚਕੀ ਲਾਉਂਦੀ ਹੈ
ਹਰੀ ਨਾਮ ਦੀ ਬਾਰਿਸ਼
ਬੰਦੇ ਦੀ ਹਿੱਚਕੀ ਪਿਆਸ
ਬੁਝਾਉਂਦੀ ਹੈ

-0-

ਸਿਮਰਤੀਆਂ
ਵੇਦ ਕਤੇਬਾਂ ਸਭ ਵਾਚੇ
ਕਿਸੇ ਨਾ ਮੁੱਲ ਬ੍ਰਹਮ ਦਾ ਪਾਇਆ
ਕੋਈ ਨਹੀਂ ਦੱਸਦਾ
ਕਿਸ ਮੁੱਲ ਬਦਲੇ
ਪ੍ਰਭੂ ਝੋਲੀ ਵਿਚ ਆਣ ਸਮਾਵੇ
ਪ੍ਰਭੂ ਆਨੰਦ ਉਸਨੇ ਪਾਇਆ
ਜਿਸਨੇ ਪ੍ਰਭੂ ਆਪ ਧਿਆਇਆ

-0-

ਜੋ ਨਰ ਆਦੀ ਪ੍ਰਭੂ ਨਾਮ ਦਾ
ਉਹ ਨਰ ਕਦੀ ਨਾ ਡੋਲੇ
ਉਹ ਨਰ ਪ੍ਰਭੂ ਨੂੰ ਸਦ ਧਿਆਵੇ
ਤੂੰ ਹੀ ਤੂੰ ਹੀ ਬੋਲੇ
ਪ੍ਰਭੂ ਸਿਮਰੇ ਸਭ ਸੰਕਟ ਕੱਟੇ
ਆਵੇ ਚਿੱਤ ਖ਼ੁਸ਼ੀ ਆਨੰਦਾ
ਸਦਾ ਸਿਮਰੀਏ ਉਸ ਪ੍ਰਭੂ ਤਾਈਂ
ਜਿਸ ਕਾਰਨ ਇਹ ਜਗਤ ਜਲੰਦਾ

-0-

ਪ੍ਰਾਣ ਬਖ਼ਸ਼ਿਦਾ ਕਦੀ ਨਾ ਵਿਸਰੇ
ਸਦਾ ਵਸੇ ਵਿਚ ਹਿਰਦੇ
ਕਤਰਾ ਕਤਰਾ ਜ਼ਰਾ ਜ਼ਰਾ
ਰੂਪ ਜੋ ਉਸਦਾ ਦਿੱਸਦੇ
ਅਭਾਗਾ ਅੰਮ੍ਰਿਤ ਨਾ ਪੀਵੇ
ਮਾਇਆ ਵਿਚ ਹੀ ਜੀਵੇ
ਮਾਇਆ ਵਿਚ ਮਰੇ
ਮਾਇਆ ਦਾ ਦਮ ਹਰ ਦਮ
ਸੰਗ ਭਰੇ

-0-

ਹੇ ਮਨ ਜੇ ਮੰਗਣਾ ਹੀ ਹੈ
ਤਾਂ ਮੰਗ ਪ੍ਰਭੂ ਦਾ ਨਾਮ
ਇਸ ਨਾਮ ਦੀ ਉਸ ਤੇ ਕ੍ਰਿਪਾ
ਜਿਸ ਤੇ ਦਾਤਾ ਨਦਰਿ ਨਿਹਾਲ
ਜਿਸ ਮਨ ਪ੍ਰੇਮ ਪ੍ਰਭੂ ਦਾ ਵਸਿਆ
ਉਹ ਮਨ ਹਿੰਜ ਹੈ
ਜਿਉਂ ਤ੍ਰੇਲ ਮੋਤੀਆਂ ਸੰਗ ਮੜੀ
ਘਾਹ ਦੀ ਧਰਤ ਹੈ

-0-

ਜਿਸ ਤੇ ਮਿਹਰ ਕਰੇ ਮੇਰਾ ਦਾਤਾ
ਉਹ ਫੁੱਲਾਂ ਫੱਲਾਂ ਛਾਵਾਂ ਵਾਲਾ ਰੁੱਖ ਹੈ
ਉਸ ਪ੍ਰਭੂ ਵਿਚ ਲੀਨ ਹੈ ਰਹਿੰਦਾ
ਜੋ ਹੈ ਦਾਤਾਂ ਦਾ ਦਾਤਾਰ
ਉਹ ਨਾ ਕਿਸੇ ਦਾ ਦਿਲ ਦੁਖਾਂਦਾ
ਮੰਗਦਾ ਭਲਾ ਕਰਦਾ ਸਤਿਕਾਰ

-0-

ਆਪਣੀ ਸ਼ੋਭਾ ਆਪ ਹੰਢਾ ਕੇ
ਆਪਣੇ ਸੱਚੇ ਘਰ ਤੁਰ ਜਾਂਦਾ
ਉਸ ਦਾਤੇ ਦਰ ਸੀਸ ਝੁਕਾਉਂਦਾ
ਉਸ ਦਾ ਸ਼ੁੱਕਰ ਮਨਾਉਂਦਾ
ਸਭ ਦੀ ਜੋ ਰੱਖਿਆ ਕਰਦਾ
ਵਿਕਾਰਾਂ ਵਿਚ ਡੁੱਬਿਆਂ ਨੂੰ ਵੀ
ਉੱਚੀ ਥਾਂ ਬਿਠਾਉਂਦਾ

-0-

ਜੋ ਮਨ ਹਰੀ ਨਾਮ ਧਿਆਵੇ
ਹਰੀ ਨਾਮ ਰਸ ਕੰਨੀ ਪਾਵੇ
ਉਸ ਨਰ ਦੇ ਸ਼ੁਭ ਹੱਥ ਸ਼ਰਧਾ ਸੰਗ
ਪ੍ਰਭੂ ਦੀ ਮਹਿਮਾ ਲਿਖਦੇ ਹਨ
ਅੱਠ ਸੱਠ ਤੀਰਥ ਇਸ਼ਨਾਨਾਂ ਦੇ
ਉਸ ਨੂੰ ਫੱਲ ਮਿਲਦੇ ਹਨ
ਸਾਰੇ ਪੁੰਨ ਕਮਾ ਲਏ ਉਸ ਨੇ
ਮੌਸਮ ਰੁੱਤ ਬਹਾਰਾਂ ਗੁਲਸ਼ਨ
ਉਸਦੇ ਵਿਹੜੇ ਖਿੜਦੇ ਹਨ

-0-

ਤ੍ਰਿਸ਼ਨਾ ਦੀ ਅੱਗ ਦੇਹ
ਮਾਨਵ ਦੀ ਸਾੜੇ
ਪ੍ਰਭੂ ਸਿਮਰਨ ਤਪਦੇ ਹਿਰਦੇ ਠਾਰੇ
ਭਵਸਾਗਰ ਵੀ
ਰੂਪ ਸੁੱਖ ਸਾਗਰ ਦਾ ਧਾਰੇ

ਜਿਉਂ ਜਿਉਂ ਮਾਨਵ ਨਾਮ ਰਸ ਪੀਂਦਾ
ਤਿਉਂ ਤਿਉਂ
ਆਤਮਕ ਜੀਵਨ ਜਿਉਂਦਾ
ਨਿਹਮਤਾਂ ਰਹਿਮਤਾਂ ਸੰਗ ਭਰ ਜਾਦਾ
ਗੁਰੂ ਕ੍ਰਿਪਾ ਸੰਗ
ਪਛਾਣ ਪ੍ਰਭੂ ਦੀ ਪਾਏ
ਨਾਮ ਸਿਮਰਿਆ
ਅੱਗਣ ਤ੍ਰਿਸ਼ਨਾ ਦੀ ਬੁੱਝ ਜਾਏ

-0-

ਨਾਮ ਜੱਪਤ ਰੱਜੇ ਨਾ ਮਨੂਆ
ਪ੍ਰਭੂ ਸਿਮਰਨ ਦੀ ਤ੍ਰੇਹ ਨਾ ਮਿਟਦੀ
ਜਿਉਂ ਜਿਉਂ ਜੱਪੇ ਤ੍ਰੇਹ ਹੈ ਵੱਧਦੀ
ਤੂੰ ਪ੍ਰਭੂ ਅੰਮ੍ਰਿਤ ਦਾ ਸਾਗਰ
ਮੈਂ ਅੰਮ੍ਰਿਤ ਜਲ ਦੀ ਮੱਛਲੀ
ਜਲ ਮੇਰਾ ਜੀਣਾ
ਜਲ ਬਿਨ ਹਾਂ ਮੈਂ ਮਰਦੀ

-0-

ਪ੍ਰਭੂ ਦਾ ਸਿਰਜਿਆ ਸੰਸਾਰਾ
ਤਸਵੀਰਾਂ ਵੱਡ ਅਕਾਰੀ
ਹੇ ਮਨ
ਤਸਵੀਰਾਂ ਦਾ ਮੋਹ ਤਿਆਗ਼ਾ
ਤਸਵੀਰਕਾਰ ਨੂੰ ਮਨ ਵਿਚ
ਕਰ ਸਾਕਾਰ

ਤਸਵੀਰ ਜੋ ਮਨ ਨੂੰ ਮੋਹੇ
ਇਹ ਮੁਸੀਬਤ ਭਾਰੀ
ਤਸਵੀਰਾਂ ਦੇ ਮੋਹ ਵਿਚ ਪੈ ਕੇ
ਉਸਨੂੰ ਭੁੱਲ ਨਾ ਜਾਵੀਂ
ਚੇਤੇ ਕਰ ਉਸਨੂੰ ਮਨ ਮੇਰੇ
ਜਿਸਦੀ ਇਹ ਚਿੱਤਰਕਾਰੀ

-0-

ਦਾਤੇ ਦੀ ਜਗਤ ਰਚਨਾ
ਇਕ ਸੁੰਦਰ ਤਸਵੀਰ
ਜਿਸਦੇ ਰੰਗਾਂ ਵਿਚ ਗੁਆਚਾ
ਹਰ ਇਕ ਸਰੀਰ
ਹੇ ਸਰੀਰਾ ਮੇਰਿਆ
ਰੰਗਾਂ ਦਾ ਮੋਹ ਤਿਆਗ
ਰੰਗਾਂ ਦਾ ਸੱਚ ਪਹਿਚਾਣ
ਲਾਹ ਕੇ ਮਨ ਤੋਂ ਕੱਚੇ ਰੰਗ ਇਹ
ਸੱਚੇ ਤੇ ਪੱਕੇ ਰੰਗ ਮਨ ਨੂੰ ਚਾੜ੍ਹ

-0-

ਗੁਰੂ ਸ਼ਬਦ
ਸਿਮਰਨ ਦਾ ਮਹਾਤਮ
ਬਾਣੀ ਹੈ ਸਮਝਾਉਂਦੀ
ਪ੍ਰਭੂ ਸਿਮਰਨ ਸੰਗ
ਦੇਹ ਮਾਨਵ ਦੀ ਆਤਮ ਸੱਚ ਹੈ
ਪਾਉਂਦੀ
ਨਾਮ ਵਿਛੋੜਾ ਮਾਨਵ ਮਨ ਵਿਚ

ਦੁੱਖਾਂ ਦੇ ਦੁੱਖ ਧਰ ਜਾਂਦਾ
ਨਾਮ ਬਿਨਾ ਹੈ ਮਾਨਵ
ਬਿਨ ਮੌਤੋਂ ਮਰ ਜਾਂਦਾ ਹੈ

-0-

ਪ੍ਰਭੂ ਸਿਮਰਿਆ
ਘਟ ਘਟ ਵਿਚ ਵਸਦੇ ਦਾ
ਚਾਨਣ ਹੁੰਦਾ ਹੈ
ਦੇਹ ਵਿਚ ਵਸਦਾ ਸੱਚ
ਜਹਾਨਣ ਹੁੰਦਾ ਹੈ
ਨਾਮ ਸਿਮਰਿਆ ਹੀ ਜਾਤਾ ਹੈ
ਪ੍ਰਭੂ ਨਾਮ ਹੀ
ਮਾਤ ਪਿਤਾ ਤੇ ਭਰਾਤਾ ਹੈ
ਨਾਮ ਦਾਨ ਦੀ
ਜਿਸ ਤੇ ਹੈ ਬਰਕਤ
ਇਹ ਸੱਚ ਹੈ
ਉਸ ਨਰ ਦੇ ਦਿਲ ਦੀ ਹੀ ਹਸਰਤ

-0-

ਜਿਸ ਮਾਨਵ ਬੁੱਧ ਸਿਆਣਪ
ਚੇਤਨਾ ਦੇ ਵਿਚ ਪ੍ਰਭੂ ਪਿਆਰ
ਹਿਰਦੇ ਵਿਚ ਨਾਮ ਸਿਮਰਨਾ
ਉਹ ਮਾਨਵ ਸਤਿਗੁਰ ਦਾ ਮਿੱਤਰ
ਉਹ ਮਾਨਵ ਸਭ ਦਾ ਪਿਆਰਾ
ਉਸ ਮਾਨਵ ਗੁਰ ਕ੍ਰਿਪਾ ਕਰ ਜਾਤਾ
ਹਰ ਜੀਵ ਦੇ ਅੰਦਰ ਆਪਣਾ
ਸੱਚ ਪਛਾਤਾ

-0-

ਆਪੇ ਪ੍ਰਭੂ ਜੀਵਾਂ ਨੂੰ
ਜੀਵਨ ਰਾਹ ਵਿਖਾਏ
ਸਗਲ ਖੰਡ ਆਪ ਰਚਾਏ
ਜਿਉ ਜਿਉਂ ਹੁਕਮ
ਤਿਉਂ ਤਿਉਂ ਕਾਰੀ
ਆਪਣੀ ਚੁਤਰਾਈ ਸੰਗ
ਕੋਈ ਨਾ ਪੂਰਨ
ਕੋਈ ਚੰਗਾ ਨਾ ਮਾੜਾ
ਨਾ ਕੋਈ ਮੂਰਖ਼ ਨਾ ਹੀ ਸਿਆਣਾ
ਜੋ ਦੇਵੇ ਪ੍ਰਭ ਸੋ ਹੀ ਪਾਵੇ
ਪ੍ਰਭ ਹੈ ਹਰ ਹਸਤੀ ਦਾ ਮਾਲਿਕ
ਘਾਟ ਨਹੀਂ ਸਭ ਪੂਰਨ ਕਾਰਜ
ਜੋ ਨਰ ਪ੍ਰਭੂ ਦਾ ਮੰਨੇ ਭਾਣਾ
ਪ੍ਰਭੂ ਉਸਨੂੰ ਸਭ ਦੇਵਣ ਵਾਲਾ

-0-

ਪ੍ਰਭੂ ਹੈ ਮਨ ਅੰਦਰ ਵਸਦਾ
ਜੰਗਲ ਜੰਗਲ ਕਿਉਂ ਕੋਈ ਫਿਰਦਾ
ਭਾਲ ਨਾ ਆਪਣੇ ਅੰਦਰ ਕਰਦਾ
ਸਾਧ ਸੰਗਤ ਸੰਗ ਭਟਕਣ ਮੁਕ ਜਾਏ
ਆਪਣੇ ਅੰਦਰੋਂ ਹੀ
ਪ੍ਰਭ ਪ੍ਰਗਟ ਹੋ ਜਾਏ
ਦਰਸ਼ਨ ਕਰ ਹਿਰਦਾ ਖਿਲ ਜਾਏ
ਮਨ ਆਡੋਲ ਅਵਸਥਾ ਪਾਏ

-0-

ਜੋ ਜਨ ਆਪਣਾ ਆਪ
ਪ੍ਰਭੂ ਚਰਨਾਂ ਦੀ ਭੇਟ ਹੈ ਕਰਦਾ
ਉਸਦੀ ਸੁਰਤੀ
ਪ੍ਰਭੂ ਆਪਣੇ ਵਿਚ ਲਾਈ ਹੈ ਰਖਦਾ
ਪ੍ਰਭੂ ਦੀ ਨਾ ਕੋਈ ਜਾਤ ਪਾਤ ਹੈ
ਨਾ ਕੋਈ ਰੂਪ ਨਾ ਰੰਗ
ਜੋ ਨਰ ਗੁਰ ਚਰਨੀਂ ਢਹਿਆ
ਤਿਸ ਰੱਬ ਵਸੇ ਮਨ

-0-

ਦੁਨੀਆਂ ਦੇ ਵਹਿਮਾਂ ਭਰਮਾਂ
ਦੀ ਮੁਕਤੀ
ਪ੍ਰਭੂ ਨਾਮ ਅਧਾਰਾ
ਕਰਨ ਯੋਗ ਕਰਮਾਂ ਨੂੰ ਲੱਭਣਾ
ਆਤਮ ਸ਼ੁੱਧ ਨਿਯਮਾਂ ਨੂੰ ਭਾਲਣਾ
ਪ੍ਰਭੂ ਹੁਕਮ ਅਕਾਰਾ
ਸਰਗੁਣ ਪ੍ਰਭੂ ਰੂਪ ਹੈ
ਜਿਨ੍ਹਾਂ ਦਿੱਸਦਾ ਹੈ ਸੰਸਾਰਾ
ਪਰ ਜਗਤ ਪਸਾਰੇ ਤੋਂ ਹੈ ਵੱਖਰਾ
ਪਿਆਰਾ ਪ੍ਰਭੂ ਨਿਆਰਾ

-0-

ਸਭ ਜੀਅ ਜੰਤਾਂ ਦੀ ਕਿਸਮਤ
ਲਿਖਣ ਵਾਲਾ ਕਰਤਾਰਾ

ਕਲਮ ਫੜੀ ਉਦੇ ਹੱਥ ਵਿਚ
ਜੀਵਾਂ ਵਿਚ ਤਾਣੇ ਪੇਟੇ ਦਾ
ਉਸ ਦਾ ਹੈ ਪਸਾਰਾ
ਜੋ ਜੋ ਕਰਮ ਕਮਾਵੇ ਬੰਦਾ
ਤੈਸੇ ਲੇਖ ਲਿਖਾਰਾ
ਕੋਈ ਲੇਖ ਗਲਤ ਨਾ ਹੋਵੇ
ਲਿਖਣਹਾਰਾ ਸੱਚਿਆਰਾ
ਪ੍ਰਭੂ ਕਲਾ ਤੋਂ ਸਦਕੇ ਜਾਂਦੇ
ਹਰ ਜੀਵ ਜਗ ਸਾਰਾ

-0-

ਜੋ ਉਸ ਭਾਵੇ
ਉਸ ਰੰਗ ਵਿਚ ਹਰ ਜੀਵ ਜੰਤ ਢਲੇ
ਹਰ ਥਾਂ ਉਸਦਾ ਭਾਣਾ ਵਰਤੇ
ਪਰ ਕੋਈ ਵਿਰਲਾ ਹੀ ਪੜ੍ਹੇ
ਜਿਸਨੂੰ ਨਾਮ ਮਿਲੇ ਵਡਿਆਈ
ਭਾਣਾ ਮਨਣਾ
ਜਿਸਦੀ ਕਿਰਤ ਕਮਾਈ

-0-

ਰੱਬ ਵਸਦਾ ਹੈ ਦਿਲ ਦੇ ਅੰਦਰ
ਪਰ ਕਿੰਜ ਕਰਾਂ ਦੀਦਾਰਾ
ਪ੍ਰਾਣਾਂ ਦਾ ਆਸਰਾ ਪ੍ਰਭੂ ਮਿਲਦਾ ਹੈ
ਸੰਤਾਂ ਦੀ ਚਰਨ ਧੂੜ ਦੁਆਰਾ
ਸੱਚ ਜਾਣੋ ਭਗਤਾਂ ਦੀ ਸੰਗਤ ਬਿਨਾਂ

ਕਿਸੇ ਨੇ ਰੱਬ ਨਹੀਂ ਪਾਇਆ
ਭਗਤ ਜਨਾ ਸੰਗ
ਹਿਰਦੇ ਵਿਚ ਵਸਦਾ ਰੱਬ
ਬੰਦੇ ਨੂੰ ਨਜ਼ਰੀਂ ਆਇਆ

-0-

ਜੋ ਮਾਨਵ ਗੁਰਮੁੱਖ ਹੋਏ
ਆਪਣੇ ਅੰਦਰੋਂ
ਪ੍ਰਭੂ ਤੇ ਆਪਣੀ ਵਿੱਥ ਮਿਟਾਏ
ਹਨ੍ਹੇਰ ਮਿਟੇ ਪ੍ਰਭ ਨਜ਼ਰੀਂ ਆਏ
ਪ੍ਰਭੂ ਹੈ ਗੁਰੂ ਕ੍ਰਿਪਾ ਦਾ ਪ੍ਰਸਾਦ
ਸਭਨਾਂ ਰੂਪਾਂ ਵਰਣਾਂ ਵਿਚ ਹੈ
ਜਿਸ ਦਾ ਵਾਸ
ਜਿਸ ਸੰਗ ਪ੍ਰੀਤ ਨਿਭੈ
ਆਦਿ ਅੰਤ ਜੁਗਾਦਿ

-0-

ਸੱਚੀ ਪ੍ਰੀਤ ਸਦਾ ਉਸ ਸੰਗ ਹੈ
ਉਹ ਸਰਬ ਵਿਆਪਕਤਾ ਦਾ ਘਰ ਹੈ
ਸਦਾ ਨਿਰੰਤਰ ਅੰਤਰਜਾਮੀ
ਇਕ ਵਾਰੀ ਲਾਈ ਤੋੜਦਾ ਨਾਹੀ
ਜੈਸਾ ਦਿੱਸੇ ਤੈਸਾ ਹੋਇ
ਸੁੰਦਰ ਸੁੰਘੜ ਰੂਪ ਸਿਆਣਾ ਸੋਇ

-0-

ਇਸ ਜੀਵਨ ਦਾ ਦਾਤਾ
ਸਭ ਰਿਸ਼ਤਿਆਂ ਦਾ ਹੈ ਵਿਧਾਤਾ

ਉਹ ਮੇਰਾ ਹੈ ਪ੍ਰਾਣ ਅਧਾਰਾ
ਮੇਰੀ ਜੀਵਨ ਪੂੰਜੀ ਹੈ ਉਹ
ਜਿਸ ਨਾਲ ਪ੍ਰੀਤ ਜੋੜ ਕੇ
ਦੁੱਖਾਂ ਸੁੱਖਾਂ ਦਾ ਬਣਾਇਆ ਹੈ
ਉਸ ਨੂੰ ਹਮਸਾਇਆ

-0-

ਤੇਰੇ ਦਰ ਦੀ ਸੋਭਾ
ਸੰਤ ਜਨ ਸਭ ਸੋਹਣੇ ਲੱਗਦੇ
ਤੇਰੇ ਧਰਮ ਦੁਆਰੇ
ਕੀਰਤਨ ਕਰਦੇ
ਤੇਰੇ ਗੁਣ ਸਭ ਗਾਵਣ
ਸਵਾਸ ਗਰਾਸ ਨਾਮ ਜੱਪਣ
ਤੈਨੂੰ ਸਦਾ ਧਿਆਵਣ

-0-

ਹੇ ਪ੍ਰਭੂ ਸਭ ਸਿਮਰਨ ਤੈਨੂੰ
ਕਰਨ ਤੇਰਾ ਸ਼ੁਕਰਾਨਾ
ਜੋ ਤੈਨੂੰ ਮਨ ਵਸਾਉਂਦੇ
ਜਿਉਂਦੇ ਜੀਅ ਹੀ ਮੁਕਤੀ ਪਾਉਂਦੇ
ਤੇਰੇ ਸੰਗ ਰੰਗਿਆ ਦਾਤਾ
ਤੱਤੀ ਵਾਹ ਨਾ ਲਾਗੇ
ਚਿੰਤਾ ਮੁਕਤ ਹੋ ਜਾਏ ਹਰ ਕੋਈ

ਤੇਰੇ ਚਰਨੀਂ ਆ ਕੇ
ਪ੍ਰਭੂ ਨਾਮ ਦਾ ਇਕ ਧਰਵਾਸਾ
ਝੂਠਾ ਜਗਤ ਸੱਚਾ ਮੇਰਾ ਦਾਤਾ

-0-

ਆਪਣੇ ਪ੍ਰਭੂ ਤੋਂ ਮੈਂ ਬਲਿਹਾਰ
ਜੋ ਸਭ ਦੀ ਹੈ ਓਟਿ ਪ੍ਰਾਣ
ਨਿਥਾਂਵੇਂ ਦਾ ਹੈ ਆਸਰਾ
ਨਿਰਬਲ ਦਾ ਹੈ ਤਾਣ
ਪ੍ਰਭੂ ਸਿਮਰਨ ਸੰਗ
ਨਾਮਧੇਨ ਤੇ ਪਾਰ ਜਾਤ
ਰੁੱਖਾਂ ਦਾ ਫੱਲ ਮਿਲਦਾ ਹੈ
ਪ੍ਰਭੂ ਮਨੁੱਖ ਦੀ ਹਰ ਇਛਾ
ਪੂਰੀ ਕਰਦਾ ਹੈ

-------

## ਮਿਲਾਪ ਅਵੱਸਥਾ

ਜਿਸ ਜੀਵ ਹਿਰਦੇ ਪ੍ਰਭੂ ਵਸੇ
ਜਿਸ ਪ੍ਰਭੂ ਹਿਰਦੇ ਜੀਵ ਵਸੇ
ਉਸ ਦੀ ਕਾਇਆਕਲਪ ਹੋ ਜਾਏ
ਉਸ ਦੇ ਪੈਰ ਮੰਦੇ ਰਾਹ ਨਾ ਜਾਵਣ
ਉਸ ਦੇ ਹੱਥ ਪੁੰਨ ਕਮਾਵਣ
ਉਹ ਸਦਾ ਹਰੀ ਨਾਮ ਧਿਆਵੇ
ਆਪਣੇ ਆਤਮ ਦੇ ਦਰਸ਼ਨ ਪਾਵੇ
ਸਰਬੱਤ ਦਾ ਭਲਾ ਸਦਾ ਉਹ ਚਾਹੇ
ਜਗਤ ਪਦਾਰਥਾਂ ਤੋਂ ਮੁਕਤੀ ਪਾ
ਭਾਣਾ ਮੰਨੇ ਸ਼ੁੱਕਰ ਮਨਾਵੇ

-0-

ਉਸ ਦੇ ਅੰਦਰ ਖੁਸ਼ੀ ਸ਼ਾਂਤੀ ਸਦਾ
ਰਹਿੰਦੀ ਹੈ
ਉਸ ਦੀ ਸੁਰਤੀ ਆਤਮ ਆਨੰਦ 'ਚ
ਟਿਕੀ ਰਹਿੰਦੀ ਹੈ
ਹਰ ਵੇਲੇ ਉਸਦੀ ਜੀਭਾ
ਤੂੰ ਹੀ ਤੂੰ ਹੀ ਕਹਿੰਦੀ ਹੈ
ਉਸ ਦੀ ਰੂਹ ਖਿੜੀ ਰਹਿੰਦੀ ਹੈ
ਗੁਰੂ ਕ੍ਰਿਪਾ ਸੰਗ
ਜਿਸ ਮਾਨਵ ਪ੍ਰਭ ਪਾਇਆ
ਮੋਹ ਮਾਇਆ ਵਿਸ਼ੇ ਵਿਕਾਰਾਂ ਦਾ

ਉਸ ਮੂਲੋਂ ਮਿਟਾਇਆ

-0-

ਉਸ ਨੂੰ ਆਤਮਕ ਜੀਵਨ ਦੀ
ਸਮਝ ਆਈ
ਉਸ ਦਾ ਸੱਚ ਜਗਤ ਸਮਾਇਆ
ਹਰ ਜ਼ਰੇ ਜ਼ਰੇ ਵਿਚ ਵਸਦਾ
ਉਸ ਨੂੰ ਆਪਾ ਨਜ਼ਰੀਂ ਆਇਆ
ਉਸ ਹਿਰਦੇ ਕਦੀ ਪਾਪ ਨਾ ਟਿਕੇ
ਵੈਰ ਵਿਰੋਧ ਸਭ ਮਿਟ ਜਾਵਣ
ਸੁੱਖ ਸ਼ਾਂਤੀ ਚੜ੍ਹਦੀ ਕਲਾ 'ਚ
ਉਹ ਜੀਵ ਰਹੇ
ਮੇਰ ਤੇਰ ਉਸ ਚੋਂ ਮਿਟ ਜਾਏ
ਹਰ ਥਾਂ ਉਸ ਨੂੰ ਪ੍ਰਭੂ ਹੀ
ਵਸਦਾ ਨਜ਼ਰੀਂ ਆਏ

-0-

ਜਿਸ ਨੇ ਨਾਮ ਅੰਮ੍ਰਿਤ ਰਸ ਪੀਤਾ
ਸਭ ਚਸਕੇ ਵਿਸਰੇ ਉਸਦੇ ਚੀਤਾ
ਜਗਤ ਪਦਾਰਥ ਨਾ ਉਸਨੂੰ ਭਾਵੇ
ਨਾਮ ਪਦਾਰਥ ਜਿਸ ਮੁਖ ਆਵੇ
ਪ੍ਰਭੂ ਦੇ ਗੀਤ ਸਦਾ ਉਹ ਗਾਵੇ
ਉਸ ਦੀ ਜੀਵਨ ਭਟਕਣ ਮੁਕ ਜਾਏ
ਕਾਮ ਕ੍ਰੋਧ ਲੋਭ ਮੋਹ ਹੰਕਾਰ

ਉਸ ਦੇ ਅੰਦਰੋਂ ਮਿਟ ਜਾਵਣ
ਪ੍ਰਭੂ ਉਸ ਨੂੰ ਹਰ ਵੇਲੇ ਅੰਗ ਸੰਗ ਲਗੇ
ਸਭ ਕੁੱਝ ਮਿਲਦਾ ਹੈ ਉਸ ਨੂੰ
ਬਿਨ ਕੁੱਝ ਮੰਗੇ

-0-

ਆਪਣਾ ਸੱਚ
ਉਸ ਨੂੰ ਸਭ ਚੋਂ ਨਜ਼ਰੀਂ ਆਵੇ
ਮਾਨਵ ਤੋਂ ਮਨੁੱਖਤਾ ਤਕ
ਉਹ ਪਸਰ ਜਾਵੇ
ਆਤਮ ਜੋਤ ਦੀ ਥਾਂ
ਉਹ ਪਰਮ ਜੋਤ ਕਹਾਵੇ
ਉਸ ਮਾਨਵ ਲਈ
ਨਾ ਹੀ ਵੈਰੀ ਨਾ ਹੀ ਬੇਗ਼ਾਨਾ
ਸਗਲ ਸੰਗ ਉਸਦੀ ਬਣ ਆਈ
ਉਹ ਆਪ ਖ਼ੁਦਾ ਆਪੇ ਖ਼ੁਦਾਈ

-0-

ਜਿਸ ਦੀ ਜੋਤ ਮਿਲੇ ਬ੍ਰਹਮ ਜੋਤ
ਉਸ ਦੇ ਮਿਟਦੇ ਸਭ ਰੋਗ
ਉਹ ਚੁਗਲੀ ਨਾ ਨਿੰਦਿਆ ਕਰਦਾ
ਜਦ ਵੀ ਕਰੇ ਉਹ ਉਸਤਤ ਕਰਦਾ
ਮਨੁੱਖਤਾ ਦੀ ਇਬਾਦਤ ਕਰਦਾ
ਉਸ ਨੂੰ ਨਾ ਲਾਲਚ ਹੰਕਾਰ

ਉਹ ਕਰਦਾ ਸਭ ਦਾ ਸਤਿਕਾਰ
ਮਾਇਆ ਭਟਕਣ ਤੋਂ ਉਹ ਦੂਰ
ਪ੍ਰਭੂ ਮਿਲਣ ਵਿਚ ਉਹ ਮਜ਼ਬੂਰ

-0-

ਜਿਸ ਨੂੰ ਸੁਮੱਤ ਬਖ਼ਸ਼ੇ ਮੇਰਾ ਦਾਤਾ
ਤਨ ਮਨ ਉਸ ਦਾ ਪ੍ਰਭੂ 'ਚ ਲੀਨ
ਸਭ ਉਸਨੂੰ ਆਪਣੇ ਹੀ ਥੀਨ
ਜਿਸ ਦੀ ਸੁਰਤਿ ਜੁੜੇ ਪ੍ਰਭੂ ਚਰਨੀ
ਉਹ ਐਸੀ ਅਵਸਥਾ ਪਾਏ
ਜਿੱਥੇ ਚੇਤਨਾ ਬੁੱਧ ਜਗਿਆਸਾ ਦਾ
ਸੰਸਾ ਮੁਕ ਜਾਏ

-0-

ਉਹ ਬਿਨ ਪ੍ਰਾਣ ਬਿਨ ਦੇਹ
ਸੁਤੰਤਰ ਹੈ
ਸੁਤੰਤਰਤਾ ਦਾ ਵੀ
ਉਸ ਨੂੰ ਅਹਿਸਾਸ ਨਹੀਂ ਹੈ
ਕੋਈ ਵੀ ਉਸ ਤੋਂ ਦੂਰ ਨਹੀਂ ਹੈ
ਕੋਈ ਵੀ ਉਸ ਦੇ ਪਾਸ ਨਹੀਂ ਹੈ
ਕੋਈ ਇੱਛਾ ਕੋਈ ਅਹਿਸਾਸ ਨਹੀਂ ਹੈ
ਸਭ ਸ਼ੂਨਯ ਹੈ
ਡਿੱਠਾ ਨਹੀਂ ਪਰ ਸੁਣਿਆ ਹੈ

-0-

ਇਹ ਪ੍ਰੀਤ ਹੈ ਜਲ ਤੇ ਮੀਨ
ਕੋਇਲ ਤੇ ਬਾਗਾਂ ਦੀ ਪ੍ਰੀਤ
ਜਿਉਂ ਸੱਪਣੀ ਤੇ ਬੀਨ
ਜਿਉਂ ਭਵਰਾ ਖ਼ੁਸ਼ਬੂ
ਜਿਉਂ ਜਿਸਮ ਤੇ ਰੂਹ
ਜਿਉਂ ਪ੍ਰਵਾਨਾ ਤੇ ਸ਼ਮਾਂ
ਜਿਉਂ ਪਪੀਹਾ ਤੇ ਬੂੰਦ
ਜਿਉਂ ਹਿਰਨ ਤੇ ਨਾਦ
ਜਿਉਂ ਸੂਰਜ ਤੇ ਪ੍ਰਭਾਤ

-0-

ਵੱਡਭਾਗੀ
ਜਿਸ ਪ੍ਰਭ ਸੰਗ ਲਾਈ
ਆਤਮ ਸੱਚ ਦੀ ਲੋਅ ਪਾਈ
ਪ੍ਰਭੂ ਪ੍ਰੀਤੀ ਹੈ ਸੁੱਚੀ ਪ੍ਰੀਤ
ਜਗਤ ਪ੍ਰੀਤੀ ਝੂਠੀ ਰੀਤ
ਇਹ ਮਿਲਾਪ ਹੈ
ਜਲ ਵਿਚ ਜਲ ਦਾ ਸਮੇਂ 'ਚ ਪਲਦਾ

-0-

ਇਸ ਪ੍ਰੀਤੀ ਵਿਚ
ਆਪਣਾ ਆਪ ਮਿਟਾ ਕੇ
ਦੂਜੇ ਦਾ ਹੋ ਜਾਣਾ ਹੁੰਦਾ ਹੈ
ਆਪਣੀ ਹੋਂਦ ਪਹਿਚਾਣ ਮਿਟਾ ਕੇ
ਦੂਜੇ ਵਿਚ ਖੋਹ ਜਾਣਾ ਹੁੰਦਾ ਹੈ

ਉਸ ਦੀ ਰਜ਼ਾ 'ਚ ਢਲਣਾ ਹੁੰਦਾ ਹੈ
ਜੋ ਉਸ ਭਾਵੇ ਉਹ ਕਰਨਾ ਹੁੰਦਾ ਹੈ
ਤਾਂ ਹੀ ਦਾਤੇ ਨੂੰ ਪਾ ਸਕੀਏ
ਉਸ ਦੀ ਪਹਿਚਾਣ ਅਖਵਾ ਸਕੀਏ

-0-

ਜੋ ਨਰ ਇਸ ਪ੍ਰੀਤ ਨੂੰ ਪਾਵੇ
ਪਿਆਰੇ ਦੀ ਹਰ ਗੱਲ ਉਸ ਨੂੰ ਭਾਵੇ
ਜਿੱਥੇ ਜਾਅ ਬਹਿ ਮੇਰਾ ਮੀਤਾ
ਸੋਹੀ ਥਾਂ ਸੁਹਾਵਾ
ਜਿਸ ਥਾਂ ਚਰਨ ਧਰੇ ਮੇਰਾ ਸਾਈਂ
ਸੋਹੀ ਥਾਂ ਉਜਿਆਰਾ
ਬਾਕੀ ਸਭ ਅੰਧਿਆਰਾ

-0-

ਇਸ ਪ੍ਰੀਤ ਦੀ ਸਿਫ਼ਤ ਸਲਾਹ ਹੈ
ਕਿ ਪ੍ਰੇਮੀ ਨੂੰ ਆਪਣਾ ਪਿਆਰਾ
ਕਦੀ ਨਾ ਭੁੱਲ ਪਾਏ
ਜੇ ਵਿਸਰੇ ਇਕ ਪਲ ਪਿਆਰਾ
ਤਾਂ ਪ੍ਰੇਮੀ ਮਰ ਜਾਏ
ਪਿਆਸੇ ਦੀ ਪਿਆਸ ਜਲ ਬੁਝਾਏ
ਪਿਆਰੇ ਦੇ ਦੀਦਾਰ ਬਿਨਾਂ
ਪ੍ਰੇਮੀ ਜੀਅ ਨਾ ਪਾਏ
ਇਕ ਪਲ ਦਾ ਵਿਛੋੜਾ

ਚਾਰ ਯੁਗ ਹੋ ਜਾਏ
ਸੱਚਾ ਪ੍ਰੇਮੀ ਸੁੱਤਾ ਪਿਆ ਵੀ
ਆਪਣਾ ਪ੍ਰੀਤਮ ਧਿਆਏ
ਅੱਠੇ ਪਹਿਰ
ਕਿਸੇ ਵੇਲੇ ਵੀ ਪ੍ਰੀਤਮ ਵਿਸਰ ਨਾ ਜਾਏ
ਇਹ ਮੇਲ
ਆਤਮ ਜੋਤ ਤੋਂ
ਬ੍ਰਹਮ ਜੋਤ ਦਾ ਮੇਲ ਕਹਾਏ
ਉਪਾਧੀ ਰਹਿਤ ਆਤਮਾ
ਬ੍ਰਹਮ ਰੂਪ ਹੋ ਜਾਏ

-------

## ਅਹਿਸਾਸ

ਮੋਕਸ਼ ਦਾ ਭਾਵ ਹੈ
ਮੁਕੰਮਲ ਸੁਤੰਤਰਤਾ
ਦੇਹ ਤੇ ਪ੍ਰਾਣਾਂ ਦੀ ਮੁਥਾਜ਼ੀ
ਰਹਿਤ ਸੁਤੰਤਰਤਾ
ਦੇਹ ਆਪਣੀ ਮੋਕਸ਼
ਪ੍ਰਾਪਤੀ ਤੋਂ ਬਾਅਦ ਵੀ
ਆਪਣੀ ਮੋਕਸ਼ ਪ੍ਰਾਪਤੀ ਦੇ
ਅਹਿਸਾਸ ਦੀ ਮੁਥਾਜ਼ੀ ਹੈ
ਜੇ ਇਹ ਸੱਚ ਹੈ
ਤਾਂ ਮੋਕਸ਼ ਅਧੂਰੀ ਹੈ

-0-

ਮੋਕਸ਼ ਦੇ ਪਿੰਡੇ ਵਿਚ ਸੂਰਜ ਨਹੀਂ
ਰਾਤ ਹਨ੍ਹੇਰੀ ਹੈ
ਮਨ ਸੋਚਦਾ ਹੈ
ਉਹ ਮੁਕਤ ਨਹੀਂ ਹੋਇਆ
ਸਗੋਂ ਮੋਕਸ਼ ਪ੍ਰਾਪਤੀ ਦੇ
ਅਹਿਸਾਸ ਦਾ ਮੁਥਾਜ਼ ਹੋ ਗਿਆ ਹੈ
ਦੇਹ ਦੀ ਗੁਲਾਮੀ ਤਿਆਗ਼ ਕੇ
ਆਤਮਾ ਪ੍ਰਾਪਤੀ ਦੀ ਮੁਥਾਜ਼ੀ ਦਾ
ਗ਼ੁਲਾਮ ਹੋ ਗਿਆ ਹੈ

-0-

ਮਨੁੱਖ ਦੇਹ ਦਾ ਮੁਥਾਜ਼ ਹੈ
ਦੇਹ ਪ੍ਰਾਣਾਂ ਦੀ ਮੁਥਾਜ਼ ਹੈ

ਅੱਖ ਵੇਖਣ ਦੀ
ਜੀਭਾ ਬੋਲਣ ਦੀ ਮੁਥਾਜ਼ ਹੈ
ਕੰਨ ਸੁਣਨ ਦੇ ਮੁਥਾਜ਼ ਹਨ
ਦੇਹ ਦੀ ਕਾਰਜ ਪ੍ਰਣਾਲੀ
ਪੰਜਾਂ ਸਰੀਰਕ ਤੱਤਾਂ ਦੀ ਮੁਥਾਜ਼ ਹੈ
ਚੇਤਨਾ ਪੰਜਾਂ ਤੱਤਾਂ ਦੇ ਦੇਹ ਦੀ
ਕਾਰਜ ਪ੍ਰਣਾਲੀ ਦੀ ਮੁਥਾਜ਼ ਹੈ
ਪੰਜ ਤੱਤ ਦੇਹ ਤੇ ਚੇਤਨਾ
ਆਤਮਾ ਦੇ ਮੁਥਾਜ਼ ਹਨ
ਦੇਹ ਦੀ ਮੁਕਤੀ
ਆਤਮਾ ਦੀ ਪ੍ਰਾਪਤੀ ਤੋਂ ਬਾਅਦ
ਸਰੀਰਕ ਇੰਦਰੀਆਂ ਦੀ ਨਹੀਂ
ਚੇਤਨਾ ਦੀ ਹੈ
ਮਨੁੱਖੀ ਚੇਤਨਾ
ਦੇਹ ਮੋਕਸ਼ ਦੀ ਪ੍ਰਾਪਤੀ ਦੇ
ਅਹਿਸਾਸ ਦੀ ਮੁਥਾਜ਼ ਹੈ

-0-

ਦੇਹ ਚੋਂ ਜਿਉਂਦੇ ਜੀਅ ਵੀ
ਸੁਤੰਤਰਤਾ ਆਲੋਪ ਸੀ
ਦੇਹ ਮੋਕਸ਼ ਹੋ ਕੇ ਵੀ ਸੁਤੰਤਰਤਾਹੀਣ ਹੈ
ਇਹ ਜਿਉਂਦੇ ਜੀਅ
ਮੋਕਸ਼ ਪ੍ਰਾਪਤੀ ਦਾ ਸੰਤਾਪ ਹੈ
ਜੋ ਮਨੁੱਖੀ ਦੇਹ ਤੇ ਚੇਤਨਾ ਹੰਢਾਉਂਦੀ ਹੈ

ਦੇਹ ਮੋਕਸ਼ ਪ੍ਰਾਪਤੀ ਤੋਂ
ਬਾਅਦ ਵੀ
ਮੋਕਸ਼ ਪ੍ਰਾਪਤੀ ਦੇ ਅਹਿਸਾਸ ਦੀ
ਗੁਲਾਮ ਕਹਾਉਂਦੀ ਹੈ

-0-

ਮਨੁੱਖ ਦੇਹ ਤੋਂ ਮੁਕਤ ਹੋ
ਆਤਮਾ ਹੋ ਜਾਏਗਾ
ਮੋਕਸ਼ ਪ੍ਰਾਪਤੀ ਦੀ ਮੁਥਾਜ਼ੀ ਦਾ
ਅਹਿਸਾਸ ਹੰਢਾਏਗਾ
ਕਿਉਂਕਿ
ਮਨੁੱਖ ਦੇ ਜਿਉਂਦੇ ਜੀਅ ਮੁਕਤੀ ਪਾਏਗਾ
ਤਾਂ ਇਸ ਮੁਕਤੀ ਪ੍ਰਾਪਤੀ ਦੀ
ਮੁਥਾਜ਼ੀ ਦਾ ਅਹਿਸਾਸ
ਆਪਣੀ ਚੇਤਨਾ ਆਪਣੀ ਮਾਨਸਿਕਤਾ 'ਚ
ਸਦਾ ਹੰਢਾਏਗਾ

-0-

ਸ਼ਾਇਦ ਇਹ ਦੇਹ ਤੋਂ ਮੁਕਤੀ ਹੈ
ਇਸ ਲਈ ਅਧੂਰੀ ਹੈ
ਦੇਹ ਦੀ ਮੁਕਤੀ ਤੋਂ ਬਾਅਦ
ਮੁਕੰਮਲ ਸੁਤੰਤਰਤਾ ਲਈ
ਆਤਮਾ ਤੋਂ ਆਤਮਾ ਦੀ
ਮੁਕਤੀ ਜ਼ਰੂਰੀ ਹੈ

-0-

ਫਿਰ ਵੀ
ਜੀਵ ਚੇਤਨਾ ਤੇ ਮਾਨਸਿਕਤਾ

ਸੁਤੰਤਰਤਾ ਪਾ ਸਕਦੀ ਹੈ
ਉਹ ਸੁਤੰਤਰਤਾ ਹੰਢਾ ਸਕਦੀ ਹੈ
ਜਿੱਥੇ ਸੁਤੰਤਰਤਾ ਨੂੰ ਵੀ
ਸੁਤੰਤਰਤਾ ਦਾ ਅਹਿਸਾਸ ਨਹੀਂ

–0–

ਦੇਹ ਦੀ ਮੁਕਤੀ
ਆਤਮਾ ਦੀ ਪ੍ਰਾਪਤੀ ਹੈ
ਆਤਮਾ ਤੋਂ ਆਤਮਾ ਦੀ ਮੁਕਤੀ
ਪਰਮ ਆਤਮਾ ਦੀ ਪ੍ਰਾਪਤੀ ਹੈ
ਜੋ ਮੁਕੰਮਲ ਸੁਤੰਤਰਤਾ ਦਾ
ਯਥਾਰਥ ਹੈ
ਮੁਕਤੀ ਸ਼ਬਦ ਦੀ ਸਹੀ
ਇਬਾਦਤ ਹੈ

–0–

ਇਹ ਅਹਿਸਾਸ
ਮਨੁੱਖੀ ਚੇਤਨਾ ਚੋਂ ਸਵੈ ਪ੍ਰਗਟਦਾ ਹੈ
ਇਹ ਨਾ ਮਰਦਾ ਹੈ
ਨਾ ਇਸ ਦਾ ਅੰਤ ਹੈ
ਇਹ ਜਿਉਂਦੀ ਜਾਗਦੀ
ਨਿਰੰਤਰ ਧਾਰਾ ਹੈ
ਹਵਾ ਦੀ ਗਤੀ ਸੂਰਜ ਦਾ ਤੇਜ਼ ਹੈ
ਜਲ ਦਾ ਰਸ
ਅਕਾਸ਼ ਦਾ ਸ਼ਬਦ ਹੈ
ਧਰਤੀ ਦੀ ਸੁਗੰਧ ਹੈ

–0–

ਇਹ ਅਹਿਸਾਸ ਹੀ
ਕੁਦਰਤ ਦਾ ਨਾਦ ਹੈ
ਅਨਹਦ ਸਾਜ਼ ਹੈ
ਆਤਮਾ ਦੀ ਸਵੈ ਮੁਕਤੀ ਦਾ
ਉਜਾਲਾ ਹੈ
ਇਹ ਅਹਿਸਾਸ
ਆਤਮਾਂ ਦੇ ਪ੍ਰਮਾਤਮਾ 'ਚ
ਪ੍ਰਵੇਸ਼ਨ ਤੋਂ ਪਹਿਲਾਂ
ਬ੍ਰਹਮ ਦਾ ਰੂਪ ਹੋ ਜਾਂਦਾ ਹੈ
ਬਿੰਦੂ ਤੋਂ ਅਕਾਰ ਰਹਿਤ
ਦਾਇਰੇ ਦਾ ਸਰੂਪ ਹੋ ਜਾਂਦਾ ਹੈ

-0-

ਇਹ ਅਹਿਸਾਸ ਹੈ
ਜੋ ਚੇਤਨਾ ਨੂੰ
ਮਨ ਤੂੰ ਜੋਤ ਸਰੂਪ ਹੈਂ ਦਾ
ਰੂਪ ਵਿਖਾਉਂਦਾ ਹੈ
ਇਹ ਅਹਿਸਾਸ ਹੀ
ਮਨ ਤੂੰ ਜੋਤ ਸਰੂਪ ਹੈਂ ਦਾ
ਰੂਪ ਹੋ ਜਾਂਦਾ ਹੈ
ਇਹ ਅਹਿਸਾਸ ਦਾ ਚਾਨਣ ਹੀ
ਮਨ ਲਈ
ਮਨ ਤੂੰ ਜੋਤ ਸਰੂਪ ਹੈ ਦਾ ਪ੍ਰਮਾਣ ਹੈ
ਇਹ ਅਹਿਸਾਸ ਹੀ
ਮਨ ਤੂੰ ਜੋਤ ਸਰੂਪ ਹੈਂ ਦੀ ਪਹਿਚਾਣ ਹੈ

-0-

ਇਹ ਅਹਿਸਾਸ
ਆਪਣੀ ਚੇਤਨਾ ਤੇ ਜਗਿਆਸਾ ਨੂੰ
ਸਦਾ ਲਈ ਵਿਸਰ ਜਾਂਦਾ ਹੈ
ਕਿਉਂਕਿ ਆਤਮਾ
ਜੋ ਇਸ ਅਹਿਸਾਸ ਦੀ
ਸੂਚਕ ਸ਼ਕਤੀ ਹੈ
ਪ੍ਰਭੂ ਮਿਲਣ ਤੋਂ ਬਾਅਦ
ਸਰਗੁਣ ਤੋਂ ਨਿਰਗੁਣ ਰੂਪ
ਵਟਾ ਲੈਂਦੀ ਹੈ
ਆਪਣਾ ਸੱਚ ਪਾ ਲੈਂਦੀ ਹੈ

-0-

ਇਹ ਅਹਿਸਾਸ
ਆਤਮਾ ਦੇ ਪ੍ਰਮਾਤਮਾ 'ਚ
ਪ੍ਰਵੇਸ਼ਨ ਤੇ
ਆਪਣੀ ਹਸਤੀ ਹੋਂਦ ਤੇ ਸੱਚ
ਮਿਟਾ ਲੈਂਦਾ ਹੈ
ਆਪਣੀ ਚੇਤਨਾ ਤੇ ਜਗਿਆਸਾ ਤੋਂ
ਮੁਕਤੀ ਪਾ ਲੈਂਦਾ ਹੈ

-0-

ਇਸ ਅਹਿਸਾਸ ਦੀ ਦੇਹ
ਆਤਮਾ ਤੇ ਪ੍ਰਮਾਤਮਾ ਦੇ
ਮਿਲਾਪ ਦੀ ਸਰਦਲ ਤੋਂ
ਉਰਾਂ ਰਹਿ ਜਾਂਦੀ ਹੈ
ਆਤਮਾ ਬ੍ਰਹਮ ਨੂੰ ਪਾ ਕੇ
ਬ੍ਰਹਮ ਰੂਪ ਵਟਾ ਲੈਂਦੀ ਹੈ

-0-

ਉਸ ਊਚੇ ਕੋ ਜਾਣੇ ਸੋਇ
ਜੇ ਵੱਡ ਊੱਚਾ ਹੋਏ ਕੋਇ
ਉਸ ਜਿੱਡਾ ਊੱਚਾ ਹੋਣ ਲਈ
ਉਸ ਨੂੰ ਜਾਨਣ ਲਈ
ਦੀਵੇ ਨੂੰ ਸੂਰਜ ਬਣਨਾ ਪੈਂਦਾ ਹੈ
ਇਹ ਅਹਿਸਾਸ ਹੀ ਸਬੂਤ ਹੈ
ਜੋ ਦੀਵੇ ਨੂੰ ਆਪਣੇ ਆਪ ਚੋਂ
ਸੂਰਜ ਹੋਣ ਲਈ ਨਜ਼ਰ ਆਉਂਦਾ ਹੈ
ਕਿ ਦੀਵਾ ਸੂਰਜ ਹੋਇਆ ਹੈ
ਹੁਣ ਉਸ ਨੂੰ ਜਾਣਾ ਪੈ ਸਕਦਾ
ਉਸ ਦਾ ਸੱਚ ਪਹਿਚਾਣ ਹੈ ਸਕਦਾ

-0-

ਇਹ ਅਹਿਸਾਸ ਹੀ
ਉਸ ਉੱਚੇ ਦੀ ਨੀਵੇਂ ਵਿਚ ਲੋਅ ਹੈ
ਉਹ ਨੀਵਾਂ
ਓਨਾ ਉੱਚਾ ਹੋ ਗਿਆ
ਜਿੰਨਾ ਉੱਚਾ ਉਹ ਹੈ
ਇਹ ਅਹਿਸਾਸ ਹੈ
ਜੋ ਜ਼ਰੇ ਨੂੰ ਪਹਾੜ ਦੀ ਉੱਚਾਈ
ਵਿਖਾਉਂਦਾ ਹੈ
ਬੂੰਦ ਚੋਂ ਸਾਗਰ ਉਸਾਰਦਾ ਹੈ

ਇਹ ਅਹਿਸਾਸ ਹੀ
ਕਤਰੇ 'ਚ ਅਥਾਹ ਦਾ ਵਜੂਦ ਹੈ
ਜ਼ਰੇ 'ਚ ਸਹਿਰਾ
ਬੂੰਦ 'ਚ ਸਾਗਰ ਮੌਜੂਦ ਹੈ

-0-

ਇਸ ਅਹਿਸਾਸ 'ਚ
ਨਿਰੰਕਾਰ ਦੀ ਸਰਬ ਵਿਆਪਕਤਾ
ਮੌਜੂਦ ਹੈ
ਇਹ ਅਹਿਸਾਸ
ਦਾਇਰਿਆਂ ਦੇ ਦਾਇਰਿਆਂ ਨੂੰ
ਬਿੰਦੂਆਂ ਵਿਚ ਸਮੇਟ ਲੈਂਦਾ ਹੈ
ਰੁੱਖ ਚੋਂ ਜੰਗਲ ਕਤਰੇ ਚੋਂ ਸਮੁੰਦਰ
ਵੇਖ ਲੈਂਦਾ ਹੈ

-0-

ਇਹ ਅਹਿਸਾਸ ਦੇਹ ਦੀ
ਮੁਕਤੀ ਤੋਂ
ਆਤਮਾ ਪ੍ਰਾਪਤੀ ਤਕ ਦਾ ਸਫ਼ਰ ਹੈ
ਇਹ ਅਹਿਸਾਸ
ਬ੍ਰਹਮ ਦਾ ਮਿਲਣ ਆਤਮਾ ਦਾ ਹਸ਼ਰ ਹੈ
ਇਹ ਅਹਿਸਾਸ
ਜੀਵਨ ਦੀ ਹਰ ਮੁਥਾਜ਼ੀ ਤੋਂ
ਮੁਕਤੀ ਪ੍ਰਾਪਤੀ ਦਾ ਚਸ਼ਮਾ ਹੈ
ਇਹ ਅਹਿਸਾਸ ਹੀ

ਹਨ੍ਹੇਰਿਆਂ ਵਿਚ ਦੀਵੇ ਜਗਾਉਂਦਾ ਹੈ
ਇਹ ਅਹਿਸਾਸ ਹੀ
ਦਾਤੇ ਦੇ ਰੰਗਾਂ ਦਾ ਰੰਗ ਕਹਾਉਂਦਾ ਹੈ

–0–

ਇਹ ਅਹਿਸਾਸ ਹੀ ਹੈ
ਜੋ ਮਨੁੱਖੀ ਤ੍ਰੈਕੁਟੀ ਵਿਚ
ਮਨ ਤੂੰ ਜੋਤ ਸਰੂਪ ਹੈਂ
ਦਾ ਸੰਕਲਪ ਸਾਕਾਰਦਾ ਹੈ
ਇਹ ਜੀਵਨ ਦਾ ਮੂਲ ਅਧਾਰ ਹੈ
ਮਰਨ ਤੋਂ ਪਿਛੋਂ ਦਾ ਵਿਸਥਾਰ ਹੈ
ਇਹ ਅਹਿਸਾਸ ਦੇਹ ਤੋਂ ਆਤਮਾ
ਆਤਮਾ ਤੋਂ ਬ੍ਰਹਮ ਦਾ ਸਫ਼ਰ ਹੈ
ਇਹ ਅਹਿਸਾਸ ਹੀ
ਸੰਕਲਪ ਸ਼ਬਦ ਅਰਥਾਂ ਦਾ ਹਰਫ਼ ਹੈ

–0–

ਇਹ ਅਹਿਸਾਸ
ਪੈਂਤੀ ਅੱਖਰੀ ਦਾ ਉਹ ਸ਼ਬਦ ਹੈ
ਜੋ ਮਨੁੱਖਾ ਕਾਇਆਕਲਪ
ਕਰਦਾ ਹੈ
ਇਨਸਾਨ ਦੀ ਪ੍ਰਾਲੱਭਤ ਲਿਖਦਾ ਹੈ
ਇਹ ਅਹਿਸਾਸ ਹੀ
ਮਨੁੱਖ ਦੀ ਦੇਹ ਜਿੰਦ ਜਾਨ ਤੇ ਪ੍ਰਾਣ ਹੈ
ਇਹ ਹੀ ਮਨੁੱਖ ਦਾ ਧਰਮ ਈਮਾਨ ਹੈ

–0–

ਇਹ ਅਹਿਸਾਸ ਹੈ
ਜੋ ਆਤਮਕ ਮੁਕਤੀ ਦਾ
ਚਾਨਣ ਸਰੂਪ ਹੋ ਜਾਂਦਾ ਹੈ
ਮਿਲਾ ਕੇ ਆਤਮਾ ਪ੍ਰਮਾਤਮਾ ਨੂੰ
ਸ਼ੂਨਯ ਪ੍ਰਭੂ ਦਾ ਰੂਪ ਹੋ ਜਾਂਦਾ ਹੈ
ਜਿਉਂਦੇ ਜੀਅ
ਦੇਹ ਦੀ ਮੁਕਤੀ ਆਤਮਾ ਦੀ ਪ੍ਰਾਪਤੀ ਹੈ
ਆਤਮਾ ਦੀ ਆਤਮਾ ਤੋਂ ਮੁਕਤੀ
ਬ੍ਰਹਮ ਦੀ ਪ੍ਰਾਪਤੀ ਹੈ

-0-

ਦੇਹ ਨੂੰ
ਜਦ ਆਤਮਾ ਦੀ ਪ੍ਰਾਪਤੀ ਹੁੰਦੀ ਹੈ
ਤਾਂ ਆਤਮਾ ਪ੍ਰਾਪਤੀ ਦੀ
ਮੁਥਾਜ਼ੀ ਦਾ ਅਹਿਸਾਸ
ਮਨੁੱਖੀ ਚੇਤਨਾ 'ਚ ਜਨਮਦਾ ਹੈ
ਦੇਹ ਤੋਂ ਆਤਮਾ
ਆਤਮਾ ਤੋਂ ਪ੍ਰਮਾਤਮਾ ਦੀ
ਮਿਲਣ ਪ੍ਰਾਪਤੀ ਤਕ
ਇਸ ਅਹਿਸਾਸ ਦੀ ਹੋਂਦ ਹੈ
ਮਨੁੱਖ ਆਤਮਾ ਤੇ ਪ੍ਰਮਾਤਮਾ ਦੀ ਗੋਦ
ਇਸ ਅਹਿਸਾਸ ਦੀ ਹੀ ਜੋਤ ਹੈ

-0-

ਜਦ ਆਤਮਾ
ਪ੍ਰਮਾਤਮਾ 'ਚ ਮਿਲ ਜਾਂਦੀ ਹੈ

ਚੇਤਨਾ ਚੋਂ
ਇਸ ਅਹਿਸਾਸ ਦੀ ਹੋਂਦ
ਮਿਟ ਜਾਂਦੀ ਹੈ
ਆਤਮਾ ਪ੍ਰਮਾਤਮਾ ਦੇ
ਮਿਲਣ ਤੋਂ ਬਾਅਦ
ਆਤਮਾ ਦਾ ਆਪਣਾ
ਕੋਈ ਵਜੂਦ ਨਹੀਂ ਰਹਿੰਦਾ
ਕੋਈ ਹਸਤੀ ਬੁੱਧ ਚੇਤਨਾ ਜਗਿਆਸਾ
ਕੁੱਝ ਵੀ ਮੌਜੂਦ ਨਹੀਂ ਰਹਿੰਦਾ
ਆਤਮਾ ਦਾ ਕੁੱਝ ਵੀ
ਆਤਮਾ ਦੇ ਪਾਸ ਨਹੀਂ ਰਹਿੰਦਾ
ਆਤਮਾ ਨੂੰ
ਆਪਣਾ ਵੀ ਕਿਆਸ ਨਹੀਂ ਰਹਿੰਦਾ

-0-

ਇੱਥੋਂ ਤਕ ਕਿ ਆਤਮਾ ਨੂੰ
ਆਪਣੀ ਹੋਂਦ ਦਾ ਵੀ
ਅਹਿਸਾਸ ਨਹੀਂ ਰਹਿੰਦਾ
ਪ੍ਰਮਾਤਮਾ ਦਾ ਸੱਚ ਕੀ ਹੈ
ਯਥਾਰਥ ਕੀ ਹੈ ਹੋਂਦ ਕੀ ਹੈ
ਇਸਦੀ ਅਭੀਵਿਅਕਤੀ ਦਾ
ਆਤਮਾ ਨੂੰ ਅਨੁਭਵ ਨਹੀਂ ਰਹਿੰਦਾ
ਕਿਉਂਕਿ ਆਤਮਾ ਚੇਤਨਾ ਰਹਿਤ
ਹੋ ਜਾਂਦੀ ਹੈ
ਆਪਣੇ ਆਪ ਚੋਂ ਮਨਫ਼ੀ ਹੋ ਜਾਂਦੀ ਹੈ

-0-

ਇਸ ਅਵੱਸਥਾ 'ਚ
ਆਤਮਾ ਸਰਗੁਣ ਸਰੂਪ
ਨਹੀਂ ਰਹਿੰਦੀ
ਪ੍ਰਮਾਤਮਾ ਕੌਣ ਹੈ ਕਿਹੋ ਜਿਹਾ ਹੈ
ਇਸ ਦੀ ਵਿਆਖਿਆ ਤਾਂ ਕੀ
ਇਸ ਦੀ ਕੋਈ
ਕਲਪਣਾ ਵੀ ਕਰ ਨਹੀਂ ਸਕਦਾ
ਉਸ ਦੇ ਹੋਣ ਜਾਂ ਨਾ ਹੋਣ ਦਾ
ਹੁੰਗਾਰਾ ਭਰ ਨਹੀਂ ਸਕਦਾ

-0-

ਰੱਬੀ ਅਕਾਰ ਰਹਿਤਤਾ ਵਿਚ
ਨਾ ਕੁੱਝ ਜਨਮਦਾ ਹੈ
ਨਾ ਬਿਨਸਦਾ ਹੈ
ਆਤਮਾ ਨੂੰ ਰੱਬੀ ਪ੍ਰਾਪਤੀ ਦਾ
ਅਹਿਸਾਸ ਤਾਂ ਹੈ
ਪਰ ਇਸਦੀ ਅਭੀਵਿਅਕਤੀ ਤੋਂ
ਅਸਮਰਥ ਹੈ
ਇਸ ਮਿਲਣ ਦੀ ਕਥਾ ਅਕੱਥ ਹੈ

-0-

ਇਸ ਅਵੱਸਥਾ 'ਚ
ਆਤਮਾ ਨੂੰ ਆਪਣੀ ਵੀ
ਪਹਿਚਾਣ ਨਹੀਂ ਹੈ
ਉਹ ਕੀ ਤੋਂ ਕੀ ਹੋ ਗਈ ਹੈ
ਇਸਦਾ ਵੀ ਗਿਆਨ ਨਹੀਂ ਹੈ

ਕਿਉਂਕਿ ਬ੍ਰਹਮ
ਗਿਆਨ ਵਿਗਿਆਨ ਦਰਸ਼ਨ
ਕਲਪਣਾ ਸੰਕਲਪ
ਸੂਝ ਬੂਝ ਚੇਤਨਾ ਜਗਿਆਸਾ ਦੀ
ਪਕੜ ਤੋਂ ਬਾਹਰ ਹੈ
ਨਾ ਉਹ ਦੇਖਿਆ
ਨਾ ਸਮਝਿਆ ਹੀ ਜਾ
ਸਕਦਾ ਹੈ
ਨਾ ਉਸ ਦਾ ਵਜੂਦ ਹੈ ਕੋਈ
ਨਾ ਉਹ ਪਕੜਿਆ ਹੀ ਜਾ
ਸਕਦਾ ਹੈ

-0-

ਪ੍ਰਭੂ ਪ੍ਰਾਪਤੀ
ਆਤਮਾ ਦਾ ਬ੍ਰਹਮ ਹੋਣਾ ਹੈ
ਇਹ ਮੁਕੰਮਲ ਸੁਤੰਤ੍ਰ
ਅਹਿਸਾਸ ਰਹਿਤ ਪ੍ਰਵਿਰਤੀ ਹੈ
ਜੋ ਬ੍ਰਹਮ ਮਿਲਣ ਦੀ ਸਰਦਲ
ਤੋਂ ਉਰਾਂ ਸਰਗੁਣ ਹੈ ਚੇਤਨ ਹੈ
ਸਰਦਲ ਤੋਂ ਪਾਰ ਨਿਰਗੁਣ ਹੈ
ਨਿਰਹੋਂਦ ਬਿਰਤੀ ਹੈ

-0-

ਬ੍ਰਹਮ ਪ੍ਰਾਪਤੀ ਤੋਂ ਪਹਿਲਾਂ
ਆਤਮਾ
ਆਤਮਾ ਤਾਂ ਹੋ ਸਕਦੀ ਹੈ

ਪਰ ਖੁਦ ਬ੍ਰਹਮ ਨਹੀਂ ਹੋ ਸਕਦੀ
ਕਰੋੜਾਂ ਸੂਰਜਾਂ ਦੀ ਰੌਸ਼ਨੀ ਵਿਚ ਵੀ
ਬ੍ਰਹਮ ਜਾਣਿਆ ਨਹੀਂ ਜਾ ਸਕਦਾ
ਵੇਦਾਂ ਸ਼ਾਸਤਰਾਂ ਦਾ ਗਿਆਨ
ਉਸ ਦੇ ਯਥਾਰਥ ਨੂੰ ਪਹੁੰਚ
ਨਹੀਂ ਸਕਦਾ
ਉਸ ਦੇ ਵਜੂਦ ਉਸ ਦੇ ਗੁਣਾਂ
ਉਸ ਦੀ ਪ੍ਰਵਿਰਤੀ ਨੂੰ ਸਮਝ
ਨਹੀਂ ਸਕਦਾ

-0-

ਦੇਹ ਤੋਂ ਆਤਮਾ
ਆਤਮਾ ਤੋਂ ਪ੍ਰਮਾਤਮਾ ਤਕ
ਇਹ ਅਹਿਸਾਸ ਹੈ
ਜੋ ਚੇਤਨ ਆਤਮਾ ਨੂੰ
ਬ੍ਰਹਮ ਦੇ ਰੂ-ਬ-ਰੂ
ਕਰਵਾਉਂਦਾ ਹੈ
ਵੱਧ ਤੋਂ ਵੱਧ
ਇਸ ਅਹਿਸਾਸ ਦੀ ਹੱਦ ਤੱਕ
ਦੁਨੀਆਂ ਦੇ ਸਾਧੂ ਸੰਤਾਂ
ਰਿਸ਼ੀਆਂ ਮੁਨੀਆਂ
ਵੇਦਾਂ ਗ੍ਰੰਥਾਂ ਦੀ ਪਹੁੰਚ ਹੈ

-0-

ਇਸ ਅਹਿਸਾਸ ਤੇ
ਪ੍ਰਭੂ ਮਿਲਣ ਦੀ ਸਰਦਲ ਤੋਂ ਅੱਗੇ

ਉਹ ਬ੍ਰਹਮ ਆਪ ਹੈ
ਆਪ ਸਵਾਲ ਆਪ ਜਵਾਬ ਹੈ
ਦਾਤਾ ਸੂਰਾ ਆਪ ਹੈ
ਪ੍ਰਭੂ ਮਿਲਣ ਦੀ ਸਰਦਲ ਤੋਂ ਅੱਗੇ
ਉਸ ਦੀ ਮਰਜ਼ੀ ਬਿਨਾਂ
ਕੋਈ ਦਾਖ਼ਲ ਹੋ ਨਹੀਂ ਸਕਦਾ
ਉਸ ਦਾ ਚਿਹਰਾ ਜਾਣ ਨਹੀਂ
ਸਕਦਾ
ਉਸ ਨੂੰ ਕੋਈ ਪਹਿਚਾਣ ਨਹੀਂ
ਸਕਦਾ

-0-

ਇਹ ਅਹਿਸਾਸ ਹੀ
ਉਸ ਦਰ ਦਾ ਰਸਤਾ ਹੈ
ਕਿਉਂਕਿ ਇਹ ਅਹਿਸਾਸ
ਆਤਮਾ ਦੀ ਕੁੱਖ ਚੋਂ ਜਨਮਦਾ ਹੈ
ਜਿੰਨਾ ਚਿਰ ਆਤਮਾ ਦਾ ਸੱਚ ਹੈ
ਵਜੂਦ ਹੈ
ਆਤਮਾ 'ਚ ਇਹ ਅਹਿਸਾਸ ਮੌਜੂਦ ਹੈ
ਜਦ ਆਤਮਾ ਬ੍ਰਹਮ ਰੂਪ ਹੈ
ਤਾਂ ਇਹ ਅਹਿਸਾਸ ਮਨਫ਼ੀ
ਸਰੂਪ ਹੈ

-0-

ਮਨੁੱਖਾ ਦੇਹ
ਸੰਸਾਰ ਦਾ ਨਾ ਕੋਈ ਜੀਵ ਜੰਤੂ

ਬ੍ਰਹਮ ਤਕ ਪਹੁੰਚ ਹੈ ਸਕਦਾ
ਕੇਵਲ ਇਕ ਮਨੁੱਖੀ ਆਤਮਾ
ਬ੍ਰਹਮ ਪ੍ਰਾਪਤੀ ਦਾ ਸਾਧਨ ਹੈ
ਜੋ ਮਨੁੱਖਾ ਦੇਹ ਵਿਚ
ਸਰਗੁਣ ਬ੍ਰਹਮ ਰੂਪ ਹੈ
ਮਨੁੱਖਾ ਦੇਹ ਤੋਂ ਬਿਨਾਂ
ਆਤਮਾ ਨਿਰਗੁਣ ਸਰੂਪ ਹੈ
ਬ੍ਰਹਮ ਰੂਪ ਹੈ

-0-

ਮਨੁੱਖਾ ਦੇਹ ਵਿਚ
ਆਤਮਾ ਰੱਬੀ ਅੰਸ਼ ਹੈ
ਆਤਮਾ ਦਾ ਅਹਿਸਾਸ
ਸਿਰਫ਼ ਮਨੁੱਖੀ ਚੇਤਨਾ ਨੂੰ ਹੈ
ਕਿਉਂਕਿ ਮਨੁੱਖਾ ਦੇਹ
ਆਤਮਾ ਹੰਢਾਉਂਦੀ ਹੈ
ਮਨੁੱਖਾ ਦੇਹ ਤੇ ਆਤਮਾ
ਜਨਮ ਤੋਂ ਮਰਨ ਤਕ
ਇਕ ਦੂਜੇ ਦੇ ਸਾਥੀ ਹਨ

-0-

ਮਨੁੱਖਾ ਦੇਹ ਦਾ ਗੁਰੂ ਆਤਮ ਹੈ
ਇਹ ਆਤਮ ਗੁਰੂ ਹੀ
ਬ੍ਰਹਮ ਜੋਤ
ਮਨੁੱਖੀ ਹਿਰਦੇ ਵਿਚ ਜਗਾਉਂਦਾ ਹੈ
ਮਨੁੱਖੀ ਚੇਤਨਾ
ਜਦ ਗੁਰੂ ਰੂਪ ਆਤਮਾ ਦਾ

ਦੀਦਾਰ ਕਰਦੀ ਹੈ
ਤਾਂ ਦੇਹ ਤੋਂ ਮੁਕਤ ਹੋ ਚੇਤਨਾ
ਆਤਮ ਰੂਪ 'ਚ ਢਲਦੀ ਹੈ
ਬ੍ਰਹਮ ਨੂੰ ਮਨੁੱਖ ਨਹੀਂ
ਆਤਮ ਰੂਪ ਹੋਈ ਚੇਤਨਾ
ਹੀ ਵਰਦੀ ਹੈ

-0-

ਮਨੁੱਖੀ ਆਤਮਾ ਦਾ ਜਮਾਂਦਰੂ
ਮਨੁੱਖੀ ਦੇਹ ਵਿਚ ਵਸੇਰਾ ਹੈ
ਆਤਮਾ ਦਾ ਅਹਿਸਾਸ
ਚੇਤਨਾ ਵਿਚ ਵਿਚਰਦਾ ਰਹਿੰਦਾ ਹੈ
ਮਨੁੱਖੀ ਦੇਹ ਵਿਚ
ਆਤਮਾ ਦਾ ਅਨੁਭਵ
ਪਲਰਦਾ ਰਹਿੰਦਾ ਹੈ

-0-

ਆਤਮਾ
ਸਿਰਫ਼ ਮਨੁੱਖੀ ਚੇਤਨਾ ਰਾਹੀਂ
ਜਾਣਿਆ ਅਨੁਭਵਿਆ ਤੇ
ਜਜ਼ਬਾਤਿਆ ਜਾ ਸਕਦਾ ਹੈ
ਬ੍ਰਹਮ ਮਨੁੱਖੀ ਗਿਆਨ ਤੋਂ
ਬਾਹਰ ਹੈ
ਇਸ ਲਈ ਜਗਤ ਦਾ ਦਾਤਾ ਹੈ
ਬ੍ਰਹਮ ਤੇ ਆਤਮਾ ਦੇ
ਮਿਲਣ ਅਹਿਸਾਸ ਦਾ
ਮਨੁੱਖੀ ਚੇਤਨਾ ਦਾ ਹੀ ਖਾਸਾ ਹੈ

-0-

ਮਨੁੱਖੀ ਚੇਤਨਾ ਲਈ
ਇਹ ਅਹਿਸਾਸ ਹੀ
ਰੱਬੀ ਹੋਂਦ ਦਾ ਸੱਚ ਹੈ ਪ੍ਰਗਟਾਅ ਹੈ
ਚੇਤਨਾ ਦੀ ਪਹੁੰਚ ਤੇ ਹਸਤੀ
ਆਤਮ ਤੇ ਬ੍ਰਹਮ ਮਿਲਣੀ ਨੂੰ
ਜਾਨਣ ਤਕ ਹੈ
ਕਿਉਂਕਿ
ਆਤਮਾ ਦਾ ਮਨੁੱਖੀ ਦੇਹ ਵਸੇਰਾ ਹੈ
ਮਨੁੱਖੀ ਚੇਤਨਾ ਦਾ ਅਨੁਭਵ
ਆਤਮਾ ਦੇ ਕਰੀਬ ਹੁੰਦਾ ਹੈ
ਆਤਮ ਦਾ ਸੱਚ
ਚੇਤਨਾ ਨੂੰ ਨਸੀਬ ਹੁੰਦਾ ਹੈ

-0-

ਜਿੱਥੇ ਬ੍ਰਹਮ ਖ਼ੁਦ
ਮਨੁੱਖੀ ਪਹੁੰਚ ਤੋਂ ਬਾਹਰ ਹੈ
ਉੱਥੇ ਬ੍ਰਹਮ ਸਿਰਜਣਾ ਵੀ
ਮਨੁੱਖੀ ਗਿਆਨ ਤੇ ਅਨੁਭਵ
ਤੋਂ ਬਾਹਰ ਹੈ
ਬ੍ਰਹਮ ਦੇ ਕਿੰਨੇ ਅਸਮਾਨ ਧਰਤੀਆਂ ਹਨ
ਕਿੰਨੇ ਸੂਰਜ ਤਾਰਕਾ ਚੰਦਰਮਾ
ਮੰਡਲ ਹਨ

ਬ੍ਰਹਮ ਤੇ ਬ੍ਰਹਮ ਦੀ ਸਿਰਜਣਾ ਦਾ
ਕੋਈ ਅੰਤ ਨਹੀਂ ਹੈ
ਗਿਆਨ ਵਿਗਿਆਨ ਕੋਲ
ਇਹ ਜਾਨਣ ਦਾ ਜ਼ਤਨ ਨਹੀਂ ਹੈ

-0-

ਬ੍ਰਹਮ ਇਕੋ ਹੈ ਗੁਰ ਪ੍ਰਸਾਦਿ ਹੈ
ਬ੍ਰਹਮ ਨਿਰੰਤਰ ਅਕਾਰ ਰਹਿਤ ਹੈ
ਜ਼ਰਾ ਵੀ ਹੈ ਸਹਿਰਾ ਵੀ ਹੈ
ਬੂੰਦ ਵੀ ਹੈ ਸਾਗਰ ਵੀ ਹੈ
ਆਪ ਆਪਣੀ ਸਿਰਜਣਾ ਵਿਚ
ਸਮਾਇਆ ਹੈ
ਅਕਾਰ ਰਹਿਤ ਹੋ ਕੇ ਵੀ
ਸਿਰਜਣਾ ਦਾ ਰੂਪ ਵਜ਼ੂਦ
ਪਾਇਆ ਹੈ
ਸਿਰਜਣਾ
ਉਸ ਦੇ ਅਕਾਰ ਵਿਚ ਹੈ
ਉਹ ਸਿਰਜਣਾ ਦੇ ਅਕਾਰ
ਤੇ ਸੀਮਾ ਤੋਂ ਬਾਹਰ ਹੈ
ਇਸ ਲਈ ਤਾਂ
ਉਹ ਸਿਰਜਕ ਹੈ ਸਿਰਜਣਹਾਰ ਹੈ

-0-

ਸਭ ਤੋਂ ਮਹੱਤਵਪੂਰਣ ਗੱਲ ਹੈ
ਮਨੁੱਖ ਮਨੁੱਖੀ ਦੇਹ ਤੋਂ ਮੁਕਤ ਹੋ ਕੇ
ਆਤਮਾ ਪ੍ਰਾਪਤੀ ਦੇ ਅਹਿਸਾਸ
ਦਾ ਮੁਥਾਜ਼ ਹੈ

ਆਤਮਾ ਆਤਮਾ ਤੋਂ ਮੁਕਤ ਹੋ
ਬ੍ਰਹਮ ਪ੍ਰਾਪਤੀ ਕਰਦੀ ਹੈ
ਜਿਸਦਾ ਮਾਨਵ ਚੇਤਨਾ ਨੂੰ ਪਾਸ ਹੈ
ਮਨੁੱਖਾ ਦੇਹ ਆਪਣੇ ਆਪ ਤੋਂ
ਮੁਕਤ ਹੋ ਸਕਦੀ ਹੈ
ਬ੍ਰਹਮ ਦੇ ਵਿਚ ਰਲ ਸਕਦੀ ਹੈ
ਪਰ ਬ੍ਰਹਮ ਤੋਂ ਮੁਕਤੀ ਪਾ
ਨਹੀਂ ਸਕਦੀ
ਕਿਉਂਕਿ ਬ੍ਰਹਮ
ਹਰ ਮੁਕਤੀ ਦਾ ਅੰਤ ਹੈ ਅਗਾਜ਼ ਹੈ
ਜੋ ਆਦਿ ਸੱਚ ਹੈ ਜੁਗਾਂਦਿ ਸੱਚ ਹੈ

-0-

ਆਤਮਾ
ਆਤਮਾ ਤੋਂ ਮੁਕਤ ਹੋ ਕੇ
ਬ੍ਰਹਮ ਰੂਪ ਵਿਚ ਨਿਰੰਤਰ ਰਹਿੰਦੀ ਹੈ
ਇਹੀ ਬ੍ਰਹਮ ਗਿਆਨ ਹੈ
ਸਭ ਕੁਝ ਉਸਦੇ ਅਕਾਰ 'ਚ ਹੈ
ਕੁਝ ਵੀ ਨਾ ਅਕਾਰੋਂ ਬਾਹਰ ਹੈ
ਇਹੀ ਵਿਗਿਆਨਕ ਸੋਚ ਹੈ
ਕਿ ਬ੍ਰਹਮ ਹੀ ਸਮਰਥ ਹੈ
ਬ੍ਰਹਮ ਹੋਂਦ ਤੇ ਬ੍ਰਹਮ ਹੋਣ ਦਾ
ਪ੍ਰਮਾਣ ਹੈ

ਇੱਥੋਂ ਤਕ ਹੀ ਮਨੁੱਖ ਦੀ
ਹਸਤੀ ਦਾ ਅਸਮਾਨ ਹੈ
ਮਨੁੱਖੀ ਹਸਤੀ ਤੇ ਪਹੁੰਚ ਤੋਂ ਬਾਹਰ
ਬ੍ਰਹਮ ਦੀ ਪਹਿਚਾਣ ਹੈ

-0-

ਜਦੋਂ ਆਤਮਾ
ਬ੍ਰਹਮ ਰੂਪ ਹੋ ਗਈ
ਇਸ ਪ੍ਰਾਪਤੀ ਦਾ ਪ੍ਰਯੋਜਨ
ਦੇਹ ਦੀ ਮੁਕਤੀ ਤੇ
ਆਤਮਾ ਦੀ ਪ੍ਰਾਪਤੀ ਦੇ ਅਹਿਸਾਸ ਦੀ
ਮੁਥਾਜ਼ੀ ਤੋਂ ਮੁਕਤ ਹੋਣਾ ਹੈ
ਅਹਿਸਾਸ ਰਹਿਤ
ਸੁਤੰਤਰਤਾ ਜ਼ਿਉਣਾ ਹੈ

-0-

ਬਾਣੀ ਫੁਰਮਾਉਂਦੀ ਹੈ
ਕਿਵ ਸੱਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ
ਹੁਕਮ ਰਜ਼ਾਈ ਚਲਣਾ
ਨਾਨਕ ਲਿੱਖਿਆ ਨਾਲ
ਹੁਕਮੈ ਅੰਦਿਰ ਸਭ ਕੋ
ਬਾਹਿਰ ਹੁਕਮ ਨਾ ਕੋਇ
ਨਾਨਕ ਹੁਕਮੈ ਜੇ ਬੁੱਝੇ
ਤਾਂ ਹਾਉਮੈ ਕਹੇ ਨਾ ਕੋਇ

-0-

ਇਕ ਕਿਰਨ ਸੂਰਜ ਦੀ
ਨਾਨਕ
ਦੁਨੀਆਂ ਦੀ ਤਲੀ ਤੇ ਧਰ ਗਿਆ
ਇਸ ਮੁਥਾਜ਼ੀ ਦੇ ਅਹਿਸਾਸ ਚੋਂ
ਬ੍ਰਹਮ ਦੀਦਾਰ ਦਾ ਖੋਲ੍ਹ ਦਰ ਗਿਆ
ਉਸ ਦੀ ਇਕ ਝਲਕ ਵੇਖੀ
ਜੀਵ ਦਾ ਸਾਹ ਰੁਕ ਗਿਆ
ਜੀਵਨ ਸਫ਼ਰ ਦਾ ਭਰਮ
ਤੇਰੇ ਦਰ ਆ ਕੇ ਮੁੱਕ ਗਿਆ
ਕਿ ਮੁਥਾਜ਼ੀ ਪ੍ਰਾਂਪਤੀ ਦੇ
ਅਹਿਸਾਸ ਦੀ ਉਮਰ
ਆਤਮਾ ਦੀ ਮੁਕਤੀ ਤੋਂ
ਬ੍ਰਹਮ ਪ੍ਰਾਪਤੀ ਦੇ ਮਿਲਣ ਦੀ
ਸਰਦਲ ਤਕ ਹੈ

-0-

ਸਰਦਲ ਤੋਂ ਉਰਾਂ ਹੀ
ਇਸ ਮੁਥਾਜ਼ੀ ਦੇ ਅਹਿਸਾਸ ਦਾ
ਸੱਚ ਹੈ
ਸਰਦਲ ਤੋਂ ਅੰਦਰ
ਨਾ ਇਸ ਅਹਿਸਾਸ ਦਾ ਵਜੂਦ ਹੈ
ਨਾ ਸੱਚ ਹੈ
ਸਰਦਲ ਦੇ ਅੰਦਰ
ਬ੍ਰਹਮ ਦਾ ਆਪਣਾ ਸੱਚ ਹੈ

ਜੋ ਮੁਥਾਜ਼ੀ ਰਹਿਤ ਹੈ ਸੁੰਤਤਰ ਹੈ
ਆਤਮਾ ਦਾ ਨਿਵਾਸ
ਮਨੁੱਖੀ ਦੇਹ ਦੀ ਉਪਾਧੀ ਹੈ
ਉਪਾਧੀ ਰਹਿਤ ਆਤਮਾ
ਬ੍ਰਹਮ ਸਰੂਪ ਹੈ ਪ੍ਰਭੂ ਦਾ ਰੂਪ ਹੈ

-0-

ਜੀਵਨ ਮਨੁੱਖ ਦੀ ਵਿਚਰਨ
ਕਾਰਜ ਪ੍ਰਣਾਲੀ ਦਾ ਸੱਚ ਹੈ
ਆਤਮਾ ਦੀ ਵਿਚਰਨ
ਕਾਰਜ ਪ੍ਰਣਾਲੀ ਦਾ ਸੱਚ
ਬ੍ਰਹਮ ਪ੍ਰਾਪਤੀ ਹੈ
ਇਸ ਪ੍ਰਾਪਤੀ ਤੋਂ ਪਹਿਲਾਂ
ਆਤਮਾ ਦੀ ਊਰਜਾ
ਬ੍ਰਹਮ ਦਾ ਰੂਪ ਧਾਰਦੀ ਹੈ
ਆਪਾ ਵਿਸਥਾਰਦੀ ਹੈ
ਬ੍ਰਹਮ ਦਾ ਅਕਾਰ ਰਹਿਤ
ਅਕਸ ਉਸਾਰਦੀ ਹੈ
ਇਸ ਅਕਸ ਦਾ ਸੱਚ
ਮਨੁੱਖੀ ਚੇਤਨਾ 'ਚ ਉਤਾਰਦੀ ਹੈ

-0-

ਇਸ ਅਵਸਥਾ ਵਿਚ
ਮੁਕਤੀ ਖ਼ੁਦ
ਆਪਣੇ ਆਪ ਤੋਂ ਮੁਕਤ ਹੋ ਕੇ
ਮੁਕੰਮਲ ਨਿਰੰਤਰ ਸੁਤੰਤਰਤਾ ਦਾ
ਰੂਪ ਧਾਰਦੀ ਹੈ

ਸੁਤੰਤਰ ਹੋਣ ਦੇ ਅਹਿਸਾਸ
ਤੋਂ ਬਿਨਾਂ ਵਿਚਰਦੀ ਹੈ

-0-

ਇਸ ਸੱਚ ਦੀ
ਮਨੁੱਖੀ ਚੇਤਨਾ ਅਨੁਭਵੀ ਵੀ ਹੈ
ਅਭਿਆਸੀ ਵੀ
ਇਸ ਲਈ
ਮਨੁੱਖੀ ਚੇਤਨਾ ਜਿਉਂਦੇ ਜੀਅ
ਇਸ ਅਹਿਸਾਸ ਨੂੰ ਅਨੁਭਵ
ਕਰਦੀ ਹੈ
ਕਿਉਂਕਿ ਚੇਤਨਾ
ਆਤਮ ਮੁਕਤੀ ਦੇ ਅਹਿਸਾਸ ਦੇ
ਸੰਕਲਪ ਤੋਂ ਲੈ ਕੇ
ਯਥਾਰਥ ਤਕ ਵਿਚਰਦੀ ਹੈ

-0-

ਇਸ ਆਤਮਕ ਮੁਕਤੀ ਦੇ
ਅਹਿਸਾਸ ਦੀ ਸਰਦਲ ਤੋਂ ਅੱਗੇ
ਸਭ ਸ਼ੂਨਯ ਹੈ
ਸ਼ੂਨਯ ਪ੍ਰਭੂ ਹੈ
ਜੋ ਸ੍ਰਿਸ਼ਟੀ ਦਾ ਕਰਤਾ ਹੈ
ਆਪਣੀ ਸਿਰਜਣਾ ਦਾ ਖ਼ਿਆਲ
ਰੱਖਦਾ ਹੈ ਪਾਲਣ ਪੋਸਣ ਕਰਦਾ ਹੈ

-0-

ਆਪਣੀ ਸਿਰਜਣਾ ਦੇ
ਜ਼ਰੇ ਜ਼ਰੇ ਵਿਚ ਵਸਦਾ ਵੀ ਸਾਲਮ ਹੈ
ਤਕਸੀਮਿਆਂ ਹੋਇਆ ਵੀ
ਇੱਕਾਈ ਹੈ
ਇਹ ਉਸ ਦਾ ਅਨੋਖਾ ਰੂਪ ਹੈ
ਬਿੰਦੂਆਂ 'ਚ ਦਾਇਰੇ
ਦਾਇਰਿਆਂ 'ਚ ਬਿੰਦੂਆਂ ਦਾ
ਸਰੂਪ ਹੈ

–0–

ਜਿਸ ਨੂੰ ਉਹ ਸਿਰਜਦਾ ਹੈ
ਨਾ ਉਸ ਨੂੰ ਅਣਗੌਲਦਾ ਹੈ
ਨਾ ਵਿਸਾਰਦਾ ਹੈ
ਸਿਰਜਣਾ ਉਸ ਦਾ ਹੀ ਰੂਪ ਹੈ
ਉਹ ਸਿਰਜਣਾ ਤੋਂ ਅਲੱਗ
ਕੀਤਾ ਹੀ ਨਹੀਂ ਜਾ ਸਕਦਾ
ਇਹ ਪਾਣੀ 'ਚ ਪਾਣੀ ਦਾ ਮੇਲ ਹੈ
ਉਸ ਦਾ ਰੰਗ ਹੈ ਉਸ ਦਾ ਖੇਲ ਹੈ

–0–

ਉਹ ਨਿਰਗੁਣ ਹੈ
ਨਾ ਜਨਮਦਾ ਹੈ ਨਾ ਬਿਨਸਦਾ ਹੈ
ਨਾ ਉਸ ਦਾ ਕੋਈ ਰੰਗ ਰੂਪ ਹੈ
ਨਾ ਉਸ ਦਾ ਕੋਈ ਵਜੂਦ ਹੈ
ਇਸ ਲਈ ਉਸ ਨੂੰ ਪਾਉਣ ਲਈ

ਮਨੁੱਖ ਅਵੇਸਲਾ ਹੈ
ਨਾ ਹੀ ਯਤਨਸ਼ੀਲ ਹੈ
ਬੇਸ਼ਕ ਮਨੁੱਖ ਤੇ ਜ਼ਿੰਦਗੀ ਨੂੰ
ਆਪਣੇ 'ਚ
ਬ੍ਰਹਮ ਦੇ ਵਿਚਰਨ ਦਾ ਅਹਿਸਾਸ ਹੈ
ਅਨੁਭਵ ਹੈ ਗਿਆਨ ਹੈ
ਮਾਨਵ ਫਿਰ ਵੀ
ਉਸ ਦੀ ਹੋਂਦ ਤੋਂ ਅਨਜਾਣ ਹੈ

-0-

ਸ੍ਵਯੰਭੂ
ਨਿਰਗੁਣ ਸਰੂਪ ਹੁੰਦਿਆਂ ਵੀ
ਉਹ ਗੁਣਾਂ ਦਾ ਭੰਡਾਰਾ ਹੈ
ਉਹ ਸ਼ੂਨਯ ਸ਼ਬਦ ਹੈ
ਸਿਰਜਕ ਹੈ ਸਿਰਜਣਹਾਰਾ ਹੈ
ਉਹ ਮੌਸਮ ਹੈ ਰੁੱਤ ਬਹਾਰ ਹੈ
ਜਿਸਦੀ ਕੋਈ ਨਾ ਪੱਤਝੜ ਹੈ
ਨਾ ਉਜਾੜ ਹੈ

-0-

ਉਹ ਇੰਨਾਂ ਡੂੰਘਾ ਤੇ ਗਹਿਰਾ ਹੈ
ਜਿਸ ਨੂੰ ਕਲਪਿਆ ਨਹੀਂ
ਸਿਰਫ਼ ਸਿਮਰਿਆ
ਧਿਆਇਆ ਜਾ ਸਕਦਾ ਹੈ

-0-

ਮਨੁੱਖਾ ਦੇਹ ਵਿਚ
ਆਤਮਾ ਰੂਪੀ ਸਰਗੁਣ
ਸਰੂਪ ਦਾਤੇ ਦਾ ਪਾਇਆ
ਜਾ ਸਕਦਾ ਹੈ

-0-

ਮਨੁੱਖ ਰਿਸ਼ੀ ਮੁਨੀ ਸਾਧੂ ਸੰਤ
ਭਵੇਂ ਕਈ ਉਮਰਾਂ ਕਈ ਯੁੱਗਾਂ
ਉਸ ਦਾ ਧਿਆਨ
ਉਸ ਦਾ ਸਿਮਰਨ ਕਰਦੇ ਰਹਿਣ
ਉਨ੍ਹਾਂ ਨੂੰ ਕੁੱਝ ਪ੍ਰਾਪਤ ਨਹੀਂ ਹੋ ਸਕਦਾ
ਜਦ ਤਕ
ਉਸ ਦੀ ਨਦਰਿ ਨਿਹਾਲ ਨਾ ਹੋਵੇ
ਸਿਮਰਨ ਧਿਆਨ ਪੂਜਾ ਤੱਪ ਭਗਤੀ
ਜਦ ਤਕ ਉਸ ਨੂੰ ਸਵੀਕਾਰ ਨਾ ਹੋਵੇ

-0-

ਮਨੁੱਖ ਚੇਤਨਾ
ਆਤਮ ਮੁਕਤੀ ਤੋਂ ਪ੍ਰਮਾਤਮਾ ਦਾ
ਸਫ਼ਰ
ਜਦ ਸਿਮਰਨ ਧਿਆਨ ਦੇ
ਅਭਿਆਸ ਨਾਲ ਤਹਿ ਕਰਦੀ ਹੈ
ਤਾਂ ਬ੍ਰਹਮ ਦਾ ਸੱਚ ਤੇ ਪ੍ਰਗਟਾਅ
ਮਨੁੱਖੀ ਅਨੁਭਵ ਦੀ ਤਲੀ ਤੇ
ਧਰਦੀ ਹੈ

-0-

ਕਿਸੇ ਨੂੰ ਜਾਨਣਾ ਵੱਖਰੀ ਗੱਲ ਹੈ
ਉਸ ਵਿਚ ਵਿਚਰਨਾ ਜਿਉਣਾ
ਭੋਗਣਾ ਸਮਝਣਾ ਵੱਖਰੀ ਗੱਲ ਹੈ
ਉਸ ਨੂੰ ਜਾਣ ਸਮਝਕੇ
ਉਸ ਵਿਚ ਜੀਅ ਭੋਗ ਵਿਚਰ ਕੇ
ਉਸ ਸ਼ਖਸੀਅਤ ਦੀ ਅਭਵਿਅਕਤੀ
ਕੀਤੀ ਜਾ ਸਕਦੀ ਹੈ
ਜੇ ਉਸ ਦਾ ਕੋਈ ਵਜ਼ੂਦ ਹੋਵੇ
ਉਸ ਦਾ ਕੋਈ ਰੰਗ ਰੂਪ ਹੋਵੇ
ਪਰ ਜੋ ਵਜ਼ੂਦ ਰਹਿਤ ਹੈ
ਅਕਾਰ ਰਹਿਤ ਹੈ
ਜੋ ਨਾ ਜਨਮਦਾ ਹੈ ਨਾ ਮਰਦਾ ਹੈ
ਅਜਿਹੇ ਅਵਜ਼ੂਦ ਨੂੰ ਜਾਣ ਸਮਝਕੇ
ਉਸ ਵਿਚ ਵਿਚਰ ਭੋਗ ਹੰਢਾ ਕੇ
ਜੋ ਉਹ ਹੈ
ਉਹੀ ਅਭੀਵਿਅਕਤ ਕੀਤਾ ਜਾ
ਸਕਦਾ ਹੈ

–0–

ਇਸ ਲਈ
ਆਤਮਾ ਜਦ ਬ੍ਰਹਮ ਰੂਪ ਹੋ ਜਾਂਦੀ ਹੈ
ਉਸ ਵਜ਼ੂਦ ਦਾ ਸੱਚ ਕਹਾਉਂਦੀ ਹੈ
ਜਿਸ ਦਾ ਕੋਈ ਰੰਗ ਰੂਪ ਨਹੀਂ
ਜੋ ਵਜ਼ੂਦ ਰਹਿਤ ਹੈ ਅਕਾਰ ਰਹਿਤ ਹੈ
ਜੋ ਨਿਰਗੁਣ ਸਰੂਪ ਹੈ ਬ੍ਰਹਮ ਰੂਪ ਹੈ

–0–

ਆਤਮ ਬ੍ਰਹਮ ਦਾ ਅੰਸ਼ ਹੈ
ਜੋ ਮਨੁੱਖਾ ਦੇਹ ਤੇ
ਹਰ ਜੀਵ ਜੰਤ 'ਚ ਮੌਜੂਦ ਹੈ
ਮਨੁੱਖ
"ਸੋਹੰ" (ਜਿਸਦਾ ਭਾਵ ਹੈ ਉਹ ਮੈਂ ਹਾਂ)
ਸ਼ਬਦ ਦੇ ਸਿਮਰਨ ਧਿਆਨ
ਤੇ ਅਭਿਆਸ ਸੰਗ
ਆਪਣੀ ਚੇਤਨਾ ਰਾਹੀਂ
ਆਪਣੀ ਦੇਹ ਤੋਂ
ਆਤਮਾ ਦੇ ਸੱਚ ਤਕ ਅੱਪੜਦਾ ਹੈ
ਜੋ ਬ੍ਰਹਮ ਹੈ
ਉਹ ਸ਼ਬਦ "ਸੋਹੰਸੋ" ਹੈ
(ਜਿਸਦਾ ਭਾਵ ਮੈਂ ਉਹ ਹਾਂ, ਉਹ ਮੈਂ ਹਾਂ)

-0-

"ਸੋਹੰਸੋ" ਮੈਂ ਬ੍ਰਹਮ ਹਾਂ ਦੀ
ਅਵਸਥਾ ਵਿਚ
ਆਤਮ ਜੋਤ ਸਰੂਪ ਫੈਲ ਕੇ
ਅਕਾਰ ਰਹਿਤ ਹੋ ਜਾਂਦਾ ਹੈ
ਜੋਤੋਂ ਫੈਲ ਕੇ
ਅਣਗਿਣਤ ਸੂਰਜਾਂ ਦਾ ਨੂਰ
ਹੋ ਜਾਂਦਾ ਹੈ
"ਸੋਹੰਸੋ" ਦੇ ਅਭਿਆਸ ਵਿਚ ਹੀ
ਮਨੁੱਖੀ ਆਤਮਾ ਪਰਮ ਜੋਤ ਹੋ

ਬ੍ਰਹਮ ਵਿਚ ਪ੍ਰਵੇਸ਼ੀ ਜਾਂਦੀ ਹੈ
ਇਸ ਅਵੱਸਥਾ ਵਿਚ
ਆਤਮਾ ਬ੍ਰਹਮ ਰੂਪ ਅਖਵਾਉਂਦੀ ਹੈ

-0-

ਬ੍ਰਹਮ ਸ਼ੂਨਯ ਰੂਪ ਹੈ
ਉਹ ਕਿਵੇਂ ਹੋਂਦ ਵਿਚ ਆਉਂਦਾ ਹੈ
ਕੋਈ ਨਹੀਂ ਜਾਣਦਾ
ਕਿਉਂਕਿ ਬ੍ਰਹਮ ਦੀ ਜਨਮ ਪ੍ਰਕਿਰਿਆ
ਇਕ ਭੇਦ ਹੈ ਇਕ ਰਹੱਸ ਹੈ
ਜਿਸ ਨੂੰ ਉਸ ਤੋਂ ਬਿਨਾਂ
ਕੋਈ ਜਾਣ ਨਹੀਂ ਸਕਦਾ
ਉਸਦਾ ਆਪਾ ਪਹਿਚਾਣ
ਨਹੀਂ ਸਕਦਾ

-0-

ਮਨੁੱਖੀ ਚੇਤਨਾ
ਆਤਮਕ ਅਭਿਆਸ ਸਾਧਨਾ ਰਾਹੀਂ
ਬ੍ਰਹਮ ਰੂਪ ਨੂੰ ਆਤਮਾ ਰਾਹੀਂ
ਯਥਾਯੋਗ੍ਹ ਸਮਰੱਥਾ ਅਨੁਸਾਰ
ਅਨੁਭਵ ਕਰਨ ਤੇ ਪ੍ਰਗਟਾਉਣ ਦੀ
ਵਿਗਿਆਨਕ ਸ਼ਕਤੀ ਹੈ
ਪ੍ਰਭੂ ਨੂੰ ਪ੍ਰਮਾਣਤ ਕਰਨ ਦਾ
ਸਬੂਤ ਹੈ
ਸਿਰਫ਼ ਉਨ੍ਹਾਂ ਲੋਕਾਂ ਲਈ

ਜੋ ਆਤਮ ਅਭਿਆਸ ਦੇ
ਮਾਰਗ ਤੇ ਚਲਦੇ ਹਨ
ਜੋ ਇਸ ਸੱਚ ਵਿਚ
ਖੁਦ ਵਿਚਰਦੇ ਹਨ

-0-

ਜਿਵੇਂ ਨਾਨਕ ਰਾਮ ਕ੍ਰਿਸ਼ਨ
ਤੇ ਗੌਤਮ ਨੂੰ
ਗੁਰੂ ਸਾਹਿਬਾਂ ਤੇ ਬਾਣੀ
ਵਿਚਲੇ ਸੰਤਾਂ ਭਗਤਾਂ ਨੂੰ
ਰਮਾਇਣ ਵਿਚਲੇ
ਰਿਸ਼ੀਆਂ ਮੁਨੀਆਂ ਸਾਧਾਂ ਸੰਤਾਂ ਨੂੰ
ਕੁਰਾਨ ਤੇ ਬਾਈਬਲ ਦੇ ਸਿਰਜਕਾਂ
ਤੇ ਵੇਦਾਂ ਗ੍ਰੰਥਾਂ ਦੇ ਰਚਨਹਾਰਾਂ ਨੂੰ
ਰੱਬੀ ਹੋਂਦ ਦੇ ਸੱਚ ਦਾ
ਪ੍ਰਮਾਣ ਦੇਣ ਦੀ ਲੋੜ ਨਹੀਂ ਹੈ

-0-

ਮਾਨਵ
ਬ੍ਰਹਮ ਦੀ ਹੋਂਦ ਦਾ ਸੱਚ
ਕਿਸੇ ਮਨੁੱਖ ਨੂੰ ਪ੍ਰਗਟਾਅ ਕੇ
ਵਿਖਾ ਨਹੀਂ ਸਕਦਾ
ਮਨੁੱਖ ਖੁਦ
ਇਸ ਦਾ ਧਾਰਨੀ ਹੋ ਕੇ
ਇਸ ਨੂੰ ਅਨੁਭਵ ਕਰ ਸਕਦਾ ਹੈ
ਇਸ ਸੱਚ ਨੂੰ ਜਾਣ ਵੇਖ ਤੇ ਪੜ੍ਹ ਸਕਦਾ ਹੈ

-0-

ਬ੍ਰਹਮ ਕਿਸੇ ਨੂੰ
ਕਿਸੇ ਦੇ ਵਿਖਾਉਣ ਦਾ ਵਿਸ਼ਾ
ਨਹੀਂ ਹੈ
ਨਾ ਹੀ ਬਹਿਸ ਦਾ ਸਿਲਸਿਲਾ ਹੈ
ਜਿਸ ਮਾਨਵ ਨੇ
ਖ਼ੁਦ ਬ੍ਰਹਮ ਨੂੰ
ਆਤਮ ਅਭਿਆਸ ਦੇ ਰਾਹੀਂ
ਵੇਖਿਆ ਹੈ
ਉਹ ਖ਼ੁਦ ਵੀ ਦੂਜੇ ਨੂੰ
ਬ੍ਰਹਮ ਵਿਖਾ ਨਹੀਂ ਸਕਦਾ
ਇਹ ਖ਼ੁਦ ਮਨੁੱਖ ਦੇ
ਆਪ ਵੇਖਣ ਦਾ ਯਤਨ ਹੈ

-0-

ਪਰ ਇਸ ਰਾਹ ਤੇ
ਤੁਰਨ ਵਾਲੇ ਅਭਿਆਸੀ ਦੀ
ਗੱਲ ਵੀ
ਝੂਠਲਾਈ ਜਾ ਨਹੀਂ ਸਕਦੀ
ਬ੍ਰਹਮ ਦੀ ਹੋਂਦ ਸੱਚ ਹੈ
ਇਹ ਸੱਚਾਈ ਮਿਟਾਈ
ਜਾ ਨਹੀਂ ਸਕਦੀ

-0-

ਬ੍ਰਹਮ ਦਾ ਸੱਚ ਜਾਨਣਾ
ਇਕ ਵਿਅਕਤੀਗਤ ਪ੍ਰਕਿਰਿਆ ਹੈ
ਜੋ ਇਸ ਰਾਹ ਦੇ ਪਾਂਧੀ ਬਣੇ ਹਨ

ਉਹ ਉਸਦਾ ਭਾਣਾ ਮੰਨਦੇ ਹਨ
ਸਰਬੱਤ ਦਾ ਭਲਾ ਮੰਗਦੇ ਹਨ
ਨਾ ਕੋਈ ਵੈਰੀ ਨਾਹੀ ਬੇਗਾਨਾ
ਏਕ ਨੂਰ ਤੇ ਸਭ ਜਗ ਉਪਜਿਓ
ਦਸਾਂ ਨੌਂਹਾਂ ਦੀ ਕਿਰਤ ਕਰਦੇ ਹਨ
ਵੰਡ ਛੱਕਣ ਦੇ ਸਿਧਾਂਤਾਂ ਤੇ ਚਲਦੇ ਹਨ

–0–

ਮਹਾਂਭਾਰਤ ਦੇ ਭਗਵਾਨ ਕ੍ਰਿਸ਼ਨ
ਇਸ ਪੰਧ ਦੇ ਪਾਂਧੀ ਸਨ
ਅਰਜੁਨ ਨੂੰ ਬ੍ਰਹਮ ਸਰੂਪ ਦਾ
ਉਨ੍ਹਾਂ ਗਿਆਨ ਕਰਵਾਇਆ
ਬ੍ਰਹਮ ਦਾ ਸੱਚ ਅਰਜੁਨ ਨੂੰ
ਸਮਝਾਇਆ
ਫਿਰ ਅਰਜੁਨ ਨੇ ਸੰਸਾਰੀ ਝੂਠ
ਜਿਸ ਨੂੰ ਜਗਤ ਸੀ ਸੱਚ ਸਮਝਦਾ
ਜਿਸ ਨੂੰ ਅਰਜੁਨ ਸੀ ਸੱਚ ਸਮਝਣਾ
ਉਸ ਦੇ ਖਿਲਾਫ਼ ਧਣੁਸ਼ ਉਠਾਇਆ

–0–

ਭਗਵਾਨ ਕ੍ਰਿਸ਼ਨ ਨੇ ਅਰਜੁਨ ਨੂੰ
ਸਾਖ਼ਸ਼ਾਤ ਬ੍ਰਹਮ ਨਹੀਂ ਵਿਖਾਇਆ
ਸਿਰਫ਼ ਬ੍ਰਹਮ ਗਿਆਨ ਦੇ ਸੱਚ ਦਾ
ਅਰਜੁਨ ਨੂੰ ਅਹਿਸਾਸ ਕਰਾਇਆ
ਕਿਉਂਕਿ ਆਤਮਾ ਤੇ ਪ੍ਰਮਾਤਮਾ ਦਾ ਸਫ਼ਰ
ਇਕ ਵਿਅਕਤੀਗਤ ਪ੍ਰਕਿਰਿਆ ਹੈ

ਉਸ ਦਾ ਹੀ ਜਾਤਾ
ਜੋ ਇਸ ਵਿਚ ਵਿਚਰਿਆ ਹੈ
ਜਿਸ ਖੁਦ ਦਾਤੇ ਨੂੰ ਸਿਮਰਿਆ ਹੈ

-0-

ਆਤਮਕ ਅਭਿਆਸ ਮਾਰਗ
ਸਮੂਹਕ ਹੋ ਸਕਦਾ ਹੈ
ਪਰ ਇਸ ਦਾ ਆਰੰਭ ਤੇ ਹਸ਼ਰ
ਵਿਅੱਕਤੀਗਤ ਹੈ
ਰਾਮ ਨੇ ਝੂਠੀ ਦੁਨੀਆਂ
ਝੂਠੇ ਰਾਜਪਾਠ ਦਾ ਮੋਹ ਤਿਆਗ
ਪਿਤਾ ਬਚਨ ਮੰਨ ਬਨਵਾਸ ਧਾਰਿਆ
ਕਿਉਂਕਿ ਬ੍ਰਹਮ ਦੇ ਅਸਲ ਸੱਚ ਦਾ
ਰਾਮ ਪਾਂਧੀ ਸੀ
ਉਸ ਲਈ ਰਾਮ ਨਾਮ ਹੀ ਸਤਿ ਸੀ
ਰਾਜਪਾਠ ਦੌਲਤ ਸਭ ਕੱਚ ਸੀ

-0-

ਕਬੀਰ ਬਾਬਾ ਫ਼ਰੀਦ ਬੁੱਲ੍ਹੇਸ਼ਾਹ
ਅਨੇਕਾਂ ਲੋਕ
ਇਸ ਆਤਮਕ ਅਭਿਆਸ ਦੇ
ਪਾਂਧੀ ਹਨ
ਗੁਰੂ ਨਾਨਕ
ਸਾਹਿਬ
ਤਾਂ ਇੱਥੋਂ ਤਕ ਲਿਖਦੇ ਹਨ
"ਜੇ ਤੋ ਪ੍ਰੇਮ ਖੇਲਣ ਕਾ ਚਾਓ
ਸਿਰ ਧਰ ਤਲੀ ਗਲੀ ਮੋਰੀ ਆਓ"

ਪਰ ਅਗਲੀਆਂ ਤੁੱਕਾਂ ਵਿਚ
ਉਹ ਮਨੁੱਖ ਤੇ ਇਕ ਬੰਦਸ਼
ਲਾਉਂਦੇ ਹਨ
"ਜਿਤ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਨ ਨਾ ਕੀਜੈ"
ਹੇ ਮਨੁੱਖ ਜੇ ਪ੍ਰੇਮ ਵਸ
ਪ੍ਰੇਮ ਖੇਡ ਖੇਡਣ ਦਾ ਚਾਅ ਹੈ
ਤਾਂ ਆਪਣਾ ਸਿਰ ਤਲੀ ਤੇ ਧਰਕੇ
ਮੇਰੀ ਗਲੀ ਆ
ਫਿਰ ਤੂੰ ਬ੍ਰਹਮ ਦੇ ਦਰਸ਼ਨ ਪਾਏਂਗਾ

-0-

ਪਰ ਤੇਰੇ ਵਿਚ
ਇਹ ਦ੍ਰਿੜਤਾ ਹੋਣੀ ਚਾਹੀਦੀ ਹੈ
ਕਿ ਜਿਸ ਮਾਰਗ ਤੇ ਪੈਰ ਧਰ
ਲਿਆ ਹੈ
ਉਸ ਵਿਚ ਭਾਵੇਂ
ਤੇਰਾ ਸਿਰ ਕਲਮ ਹੋ ਜਾਏ
ਤੂੰ ਵਾਪਸ ਨਹੀਂ ਮੁੜੇਂਗਾ
ਗੁਰੂ ਨਾਨਕ ਦਾ ਵਿਚਾਰ ਵੀ
ਕਿਸੇ ਵਿਅਕਤੀਗਤ
ਆਤਮ ਅਭਿਆਸੀ ਦੀ
ਸ਼ਾਹਦੀ ਭਰਦਾ ਹੈ

-0-

ਆਤਮ ਅਭਿਆਸੀ
ਲੋਕਾਂ ਖ਼ਾਤਰ
ਆਪਣਾ ਸੀਸ ਕਟਵਾ ਦਿਦੇ ਹਨ
ਤੱਤੀਆਂ ਤਤੀਆਂ
ਤਵੀਆਂ ਤੇ ਬਹਿੰਦੇ ਹਨ
ਦੇਗਾਂ ਵਿਚ ਉਬਲਦੇ ਹਨ
ਸੀਸ ਤੇ ਤਪਦੀ ਰੇਤ ਪੁਆਈ ਉਨ੍ਹਾਂ
ਦੇਹ ਛਾਲਾ ਰੂਪ ਬਣਾਈ ਉਨ੍ਹਾਂ

-0-

ਆਰਿਆਂ ਨਾਲ ਚਿਰਵਾਇਆ ਆਪਾ
ਇਹ ਦ੍ਰਿੜ੍ਹਤਾ ਇਹ ਵਿਸ਼ਵਾਸ
ਆਮ ਆਦਮੀ ਵਿਚ ਹੋ ਨਹੀਂ ਸਕਦਾ
ਇਸ ਦ੍ਰਿੜਤਾ ਤੇ ਵਿਸ਼ਵਾਸ ਦਾ
ਉਹ ਮਾਲਕ ਹੈ
ਜੋ ਆਪਣੇ ਸੱਚ ਤੋਂ ਵਾਕਿਫ਼ ਹੈ

-0-

ਆਪਣੇ ਜਿਸਮ ਦਾ ਪੁਰਜਾ ਪੁਰਜਾ
ਕਟਵਾਉਂਦਾ ਹੈ
ਆਪਣੀਆਂ ਖੋਪਰੀਆਂ ਲੁਹਾਉਂਦਾ ਹੈ
ਇਹ ਦੇਹ ਤੋਂ ਆਤਮ
ਆਤਮ ਤੋਂ ਬ੍ਰਹਮ ਹੋਏ ਜੀਵਾਂ ਦਾ
ਸਿਦਕ ਸਿਰੜ ਹੈ
ਜੋ ਸਵੈ ਸੱਚ ਨੂੰ ਜਾਣਦੇ ਹਨ
ਜਿਸਮਾਂ ਤੇ ਤਸੀਹੇ ਜਰਦੇ ਹਨ

ਉਸਦਾ ਭਾਣਾ ਮੰਨਦੇ ਹਨ
ਪਰ ਸੀਅ ਨਾ ਕਰਦੇ ਹਨ

-0-

ਕਿਉਂਕਿ ਅਜਿਹੇ ਮਨੁੱਖ
ਆਤਮ ਰੂਪੀ ਸੱਚ ਹੋਏ
ਬ੍ਰਹਮ ਮਿਲਾਪ ਦੇ ਸੱਚ ਨੂੰ
ਜਾਣ ਚੁੱਕੇ ਹਨ
ਇਸ ਮਿਲਾਪ ਦਾ ਆਨੰਦ
ਉਨ੍ਹਾਂ ਲਈ ਜਰੇ ਤਹੀਸੇ ਤੋਂ
ਕਿਤੇ ਵਧੇਰੇ ਆਨੰਦਮਈ ਹੈ
ਤਸੀਹੇ ਜਰ ਕੇ
ਇਸ ਹਕੀਕਤ ਦੀ ਹਾਮੀ ਭਰੀ ਹੈ

-0-

ਇਹ ਦੇਹ
ਆਤਮਾ ਸਦਕਾ ਹੀ
ਸਭ ਚੋਜ਼ ਤਮਾਸ਼ੇ ਕਰਦੀ ਹੈ
ਆਤਮ ਬਿਨ
ਇਹ ਦੇਹ ਮਿੱਟੀ ਦੀ ਢੇਰੀ ਹੈ
ਆਤਮਾ ਕਰਕੇ
ਇਸ ਜਗਤ ਵਿਚ
ਇਸ ਦੇਹ ਦਾ ਆਦਰਮਾਣ ਹੈ
ਆਤਮਾ ਕਰੇ
ਇਸ ਦੇਹ ਦਾ ਸਭ ਕਾਰ-ਵਿਹਾਰ ਹੈ

-0-

ਜੀਵ ਆਤਮਾ
ਨਾ ਜਨਮਦਾ ਹੈ ਨਾ ਮਰਦਾ ਹੈ
ਪ੍ਰਭੂ ਹੁਕਮ ਵਿਚ ਬੱਝੀ ਆਤਮਾ
ਜੀਵ ਕਾਇਆ ਨਾਲ ਆ ਜੁੜਦੀ ਹੈ
ਹੁਕਮ 'ਚ ਬੱਝੀ ਆਤਮਾ
ਮਾਇਆ ਜਗਤ 'ਚ
ਅਉਣ ਜਾਣ ਦਾ ਕਾਰਜ
ਕਰਦੀ ਹੈ
ਉਸ ਦੇ ਹੁਕਮ 'ਚ
ਦੇਹ ਤੋਂ ਵਿਛੜਦੀ ਹੈ
ਉਸ ਦੇ ਹੁਕਮ 'ਚ
ਮਾਲਕ ਵੱਲ ਮੁੜਦੀ ਹੈ
ਮਾਇਆ ਤੇ ਆਤਮਾ ਦੀ
ਅਜ਼ਬ ਖੇਡ ਹੈ
ਕੋਈ ਨਹੀਂ ਜਾਣਦਾ
ਇਹ ਖੇਡ ਕਰਤਾ ਹੀ ਜਾਣੇ
ਇਸ ਦੀ ਵਿਉਂਤ
ਉਹ ਆਪ ਪਹਿਚਾਣੇ

–0–

ਮਾਨਵ ਦੀ ਮਤਿ ਮਾਰੀ ਹੈ
ਆਪਣੇ ਆਪ 'ਚ
ਵਿਦਵਾਨ ਹੋਣ ਦਾ ਹੰਕਾਰੀ ਹੈ
ਆਪਣੇ ਅੰਦਰ ਕਦੀ ਨਹੀਂ ਵੜਿਆ

ਆਪਣਾ ਆਪ ਕਦੀ ਨਹੀਂ ਪੜ੍ਹਿਆ
ਦੇਹ ਦਾ ਸੱਚ ਸਿਆਣ ਨਹੀਂ ਸਕਿਆ
ਆਤਮ ਤ੍ਰਿਸ਼ਨਾ ਜਾਣ
ਨਹੀਂ ਸਕਿਆ
ਆਤਮ ਦਾ ਸਚ ਪਹਿਚਾਣ
ਨਹੀਂ ਸਕਿਆ
ਮਾਨਵ ਦੇਹ ਵਿਚ
ਆਤਮਾ ਸਰਗੁਣ ਸਰੂਪ ਹੈ
ਮਾਨਵ ਦੇਹ ਦੀ ਉਪਾਧੀ ਬਿਨਾਂ
ਆਤਮਾ ਬ੍ਰਹਮ ਰੂਪ ਹੈ

------

## ਸਰਦਲ ਤੋਂ ਆਰ ਪਾਰ

ਜਦ ਦੇਹ
ਦੇਹ ਦੀ ਸਰਦਲ ਟੱਪਦੀ ਹੈ
ਤਾਂ ਆਤਮਾ ਸਾਹਮਣੇ ਆ ਖੜ੍ਹਦੀ ਹੈ
ਆਤਮਾ ਦਾ ਚਿਹਰਾ ਪੜ੍ਹਦੀ ਹੈ
ਚਿਹਰੇ 'ਚ
ਆਤਮ ਤ੍ਰਿਸ਼ਨਾ ਦੀ ਜੋਤੀ ਜਗਦੀ ਹੈ
ਇਸ ਜੋਤੀ ਦੀ ਲਗਨ 'ਚ ਆਤਮਾ
ਆਪਣੀ ਤ੍ਰਿਸ਼ਨਾ ਦੇ ਦਰ ਆ
ਖੜ੍ਹਦੀ ਹੈ
ਇਸ ਦਰ ਦੀ ਸਰਦਲ ਤੋਂ
ਉਰਾਂ ਆਤਮਾ
ਚੇਤਨ ਹੈ ਜਗਿਆਸੂ ਹੈ
ਅਨੁਭਵੀ ਹੈ ਸਰਗੁਣ ਸਰੂਪ
ਦ੍ਰਿਸ਼ਟੀ ਰੂਪ ਹੈ

-0-

ਸਰਦਲ ਤੋਂ ਉਰਾਂ
ਰੰਗ ਰੌਣਕਾਂ ਮਹਿਕਾਂ ਕਲੀਆਂ
ਫੁੱਲਾਂ ਦੀ ਗੁਲਜ਼ਾਰ ਖਿੜੀ ਹੈ
ਮੌਸਮਾਂ ਰੁੱਤਾਂ ਬਹਾਰਾਂ ਦੀ
ਭੀੜ ਬੜੀ ਹੈ
ਵਗਦੇ ਝਰਨਿਆਂ ਚਸ਼ਮਿਆਂ ਦਾ
ਸੰਗੀਤ ਬੜਾ ਹੈ

ਦਰਿਆਵਾਂ ਨਦੀਆਂ ਝੀਲਾਂ ਨੂੰ
ਸਾਗਰ ਨੂੰ ਮਿਲਣ ਦੀ ਰੀਝ ਬੜੀ ਹੈ

-0-

ਕੁਦਰਤ ਦਾ ਸੁੰਦਰ ਚਿਹਰਾ ਹੈ
ਕੁਦਰਤ ਦੀ ਆਗ਼ੋਸ਼
ਮਨੁੱਖਤਾ ਦਾ ਡੇਰਾ ਹੈ
ਕੁਦਰਤ ਦੇ ਨੈਣ ਇਸ਼ਾਰੇ ਨੇ
ਕੁਦਰਤ ਦੇ ਬੋਲ ਪਿਆਰੇ ਨੇ
ਕੁਦਰਤ ਦੀ ਚਾਲ ਆਕਰਸ਼ਤ ਹੈ
ਬੰਦੇ ਨੂੰ ਉੱਡੀਕਦਾ
ਕੁਦਰਤ ਦਾ ਚਿਹਰਾ ਦਰਪਣ ਹੈ
ਕੁਦਰਤ ਦੀ ਬੁੱਕਲ ਦਾ ਨਿੱਘ
ਬੰਦੇ ਦੀ ਠੰਡ ਉਤਾਰ ਰਿਹਾ ਹੈ
ਆਉਂਦੇ ਜਾਂਦੇ ਰਾਹੀਆਂ ਨੂੰ
ਅਵਾਜ਼ਾਂ ਮਾਰ ਰਿਹਾ ਹੈ

-0-

ਜੰਗਲ ਦਾ ਹਰ ਰੁੱਖ
ਅੰਬਰੀਂ ਉੱਡਦੇ ਪੰਛੀਆਂ ਨੂੰ
ਆਲ੍ਹਣਿਆਂ ਲਈ ਪੁਕਾਰ ਰਿਹਾ ਹੈ
ਪਹਾੜ ਖੋਲ੍ਹ ਕੇ ਆਪਣੀਆਂ ਬਾਹਾਂ
ਨਦੀਆਂ ਦਰਿਆਵਾਂ ਝਰਨਿਆਂ
ਚਸ਼ਮਿਆਂ ਨੂੰ ਸ਼ੈਨਤਾਂ ਮਾਰ ਰਿਹਾ ਹੈ
ਸਾਗਰ ਦਾ ਨਿਰਮਲ ਜਲ
ਕਿਨਾਰਿਆਂ ਦਾ ਮੂੰਹ ਧੋ ਰਿਹਾ ਹੈ

ਜੰਗਲ ਸਿਰ ਤੇ ਲੈ ਫਲਾਂ ਦਾ ਟੋਕਰਾ
ਖਲਤਕ ਦੇ ਸਨਮੁਖ ਹੋ ਰਿਹਾ ਹੈ
ਜੰਗਲ ਦੀ ਹਰਿਆਵਲ
ਮਾਨਤਾ ਸਿਰ ਹੱਥੀਂ ਛਾਵਾਂ ਕਰ
ਰਹੀ ਹੈ
ਲਾਲੜੀਆਂ ਦੇ ਸੜਦੇ ਪੈਰੀਂ
ਹੱਥਾਂ ਦੀਆਂ ਤਲੀਆਂ ਧਰ ਰਹੀ ਹੈ

-0-

ਧਰਤੀ ਆਪਣੀ ਗੋਦ 'ਚ ਬਹਿਣ ਲਈ
ਮਾਨਵ ਦੀ ਬਾਂਹ ਫੜ ਰਹੀ ਹੈ
ਧਰਤ ਵਸੇਂਦੇ ਅੰਨ੍ਹ ਦੇ ਖੇਤਾਂ ਚੋਂ
ਮਹਿਕ ਰਿਜ਼ਕ ਦੀ ਆ ਰਹੀ ਹੈ
ਧਰਤੀ ਆਪਣੀ ਉਤਪੱਤੀ ਸੰਗ
ਦੁਨੀਆਂ ਦੀ ਭੁੱਖ ਮਿਟਾ ਰਹੀ ਹੈ

-0-

ਅੰਬਰ ਗਿਆਨ ਦੇ ਦਰਸ਼ਨ ਦਾ ਮੀਂਹ
ਬੰਦੇ ਤੇ ਬਰਸਾ ਰਿਹਾ ਹੈ
ਧਰਤੀ ਦਾ ਦਿੱਤਾ
ਅੰਬਰ ਦਾ ਬਖ਼ਸ਼ਿਆ
ਮਾਨਵ ਜੀਅ ਰਿਹਾ ਹੈ ਖਾ ਰਿਹਾ ਹੈ
ਜਿਉਂਦੇ ਜੀਅ ਬੰਦਾ
ਕੁਦਰਤ ਦੇ ਵਿਚ ਵਿਚਰ ਰਿਹਾ ਹੈ
ਕੁਦਰਤ ਦਾ ਲੁਤਫ਼ ਉੱਠਾ ਰਿਹਾ ਹੈ
ਮੌਸਮਾਂ ਰੁੱਤਾਂ ਬਹਾਰਾਂ ਦੇ ਨਗ਼ਮੇ
ਗਾ ਰਿਹਾ ਹੈ

-0-

ਘੁੱਗੀ ਦੇ ਤੂੰ ਦੇ ਬੋਲਾਂ ਵਿਚ
ਆਪਣੀ ਮੈਂ ਨੂੰ ਧਰ ਰਿਹਾ ਹੈ
ਧਰਤੀ ਕੱਛਦਾ ਕੱਛਦਾ ਬੰਦਾ
ਸਾਗਰ ਤਰਦਾ ਤਰਦਾ ਬੰਦਾ
ਅੰਬਰ ਮੁੱਠੀਂ ਫੜ ਰਿਹਾ ਹੈ
ਆਪਣਾ ਅੱਗਾ ਬੀਜ ਰਿਹਾ ਹੈ
ਆਪਣਾ ਪਿੱਛਾ ਜੀਅ ਰਿਹਾ ਹੈ
ਆਪਣੇ ਅੱਜ ਨੂੰ
ਘੁੱਟ ਘੁੱਟ ਕਰਕੇ ਪੀ ਰਿਹਾ ਹੈ

-0-

ਆਪਣੀ ਦੇਹ ਚੋਂ ਮਾਨਵ ਨੇ
ਆਪਣੀ ਦੁਨੀਆਂ ਸਿਰਜ ਲਈ ਹੈ
ਆਪਣਾ ਆਸਰਾ ਭਾਲ ਲਿਆ ਹੈ
ਆਪਣੀ ਇਕੱਲ ਨੂੰ
ਰੰਗਾਂ ਰੌਣਕਾਂ ਦੀ ਦੁਨੀਆਂ ਵਿਚ
ਢਾਲ ਲਿਆ ਹੈ
ਆਪਣਾ ਬੋਲ-ਸੂਤ ਪਾ ਲਿਆ ਹੈ
ਨਜ਼ਰਾਂ ਲਈ ਰਾਹਾਂ ਸਿਰਜ
ਲਈਆਂ ਹਨ
ਤ੍ਰਿਸ਼ਨਾ ਲਈ
ਦਿਸ਼ਾਵਾਂ ਜਨਮ ਲਈਆਂ ਹਨ
ਵਿਚਰਨ ਲਈ ਧਰਤ ਉਸਾਰ ਲਈ ਹੈ
ਵੰਡਾਂ ਵਿੱਥਾਂ ਜਿਉਂਦੀ ਦੁਨੀਆਂ ਵਿਚ
ਇਕ ਸਾਂਝੀ ਵਿਸ਼ਵ ਉਤਾਰ ਲਈ ਹੈ

-0-

ਹਰ ਪਾਸੇ ਆਪਣਾ ਹੀ ਚਿਹਰਾ
ਬੰਦੇ ਨੂੰ ਨਜ਼ਰੀਂ ਆ ਰਿਹਾ ਹੈ
ਬੰਦਾ ਆਪਣੇ ਆਪ ਦੁਆਲੇ
ਆਪਣੇ ਸ਼ਬਦਾਂ ਅਰਥਾਂ ਨੂੰ
ਬੁਣਦਾ ਜਾ ਰਿਹਾ ਹੈ
ਆਪਣੇ ਜੀਵਨ ਦਾ ਪ੍ਰਯੋਜਨ
ਜਨਮ ਰਿਹਾ ਹੈ
ਆਪਣੀ ਮੰਜ਼ਲ ਪਾਉਣ ਲਈ
ਚੁੱਕ ਕਦਮ ਰਿਹਾ ਹੈ

-0-

ਆਪਣੇ ਘਰਾਂ ਦੇ ਵਿਹੜੇ ਕੰਧਾਂ
ਬੰਦੇ ਨੇ ਸਭ ਢਾਏ ਨੇ
ਪਿੰਡਾਂ ਚੋਂ ਸ਼ਹਿਰ
ਸ਼ਹਿਰਾਂ ਚੋਂ ਦੇਸ਼ ਦਿਸ਼ਾਤਰ
ਉੱਗ ਆਏ ਨੇ
ਆਪਣੇ ਆਪਣੇ ਦੇਸ਼ ਦੀਆਂ
ਹੱਦਾਂ ਤੋਂ ਪਹਿਰੇ ਉੱਠਾਏ ਨੇ
ਚੌਂਕ ਚੌਰਾਹਿਆਂ
ਗਲੀਆਂ ਮੁਹੱਲ਼ਿਆਂ
ਅੰਤਰ-ਰਾਸ਼ਟਰੀ ਘਰ ਦਾ
ਰੂਪ ਵਟਾਇਆ ਹੈ
ਬੰਦਾ ਵਿਅਕਤੀਗਤ ਚੋਂ ਨਿਕਲ ਕੇ
ਸਰਬਵਿਆਪਕ ਹੋ ਪਾਇਆ ਹੈ

-0-

ਸਾਰੀ ਸ੍ਰਿਸ਼ਟੀ
ਸਾਰੀ ਮਨੁੱਖਤਾ ਲਈ
ਸਾਂਝੀ ਧਰਤੀ ਸਾਂਝਾ ਅੰਬਰ
ਬੰਦੇ ਅੱਜ ਬਣਾਇਆ ਹੈ
ਆਪਣੀ ਹੋਂਦ ਮਿਟਾਈ ਹੈ
ਹਰ ਮਾਨਵ ਦੀ ਹੋਂਦ
ਵਿਸ਼ਵ ਹੋਂਦ ਬਣ ਆਈ ਹੈ

–0–

ਬੰਦੇ ਆਪਣਾ ਨਿੱਜ ਮਿਟਾ ਕੇ
ਅਨਿੱਜਤਾ ਦਾ ਵਿਸਥਾਰ ਹੈ ਰਚਿਆ
ਅਨਿੱਜਤਾ ਦਾ ਵਿਸਥਾਰ
ਹੰਢਾਉਂਦਾ ਬੰਦਾ
ਆ ਵਿਸ਼ਵ ਵਿਹੜੇ ਵਿਚ ਹੈ ਵਸਿਆ
ਇਹ ਸਾਰਾ ਸਫ਼ਰ ਬੰਦੇ ਦਾ
ਸਰਦਲ ਤੋਂ ਉਰਾਂ ਰਹਿ ਜਾਂਦਾ ਹੈ
ਇਸ ਅਡੰਬਰ ਦਾ ਦੂਜਾ ਪਾਸਾ
ਸਰਦਲ ਲੰਘ ਨਜ਼ਰੀਂ ਆਉਂਦਾ ਹੈ

–0–

ਸਰਦਲ ਦੇ ਅੰਦਰ ਸੁੰਨ ਹੈ
ਚੁੱਪ ਇਕੱਲਤਾ ਇਕਾਂਤ ਹੈ
ਨਾ ਚੇਤਨਾ ਨਾ ਜਗਿਆਸਾ
ਨਾ ਅਨੁਭਵ ਨਾ ਜਜ਼ਬਾਤ ਹੈ
ਇਹ ਸ਼ੂਨਯ ਹੈ
ਜੋ ਕਿਆਸੀ ਜਾ ਨਹੀਂ ਸਕਦੀ

ਜੋ ਨਾ ਜਨਮਦੀ ਨਾ ਮਰਦੀ
ਨਾ ਇਸਨੂੰ ਕੋਈ ਧਰਵਾਸਾ
ਨਾ ਹੀ ਹੈ ਮੁਥਾਜ਼ੀ

-0-

ਇਹ ਸ਼ੂਨਯ ਹੈ
ਆਪਣੇ ਆਪ 'ਚ ਸੁਤੰਤਰ ਆਦਿ ਜੁਗਾਦਿ
ਇਹ ਸ਼ੂਨਯ ਹੈ ਇਕੋ ਇਕ ਇਕਾਈ
ਸੱਚੀ ਸੁੱਚੀ ਸਭ ਦੀ ਸਿਰਜਣਹਾਰ
ਨਾ ਇਹ ਭੈਅ ਕਿਸੇ ਨੂੰ ਦਿੰਦੀ
ਨਾ ਇਹ ਭੈਅ ਮਾਨਤ ਆਪ

-0-

ਇਹ ਸ਼ੂਨਯ ਆਜੂਨੀ ਰਹਿਤ
ਅਕਾਲ ਮੂਰਤਿ ਅਖਵਾਉਂਦੀ
ਗੁਰੂ ਕ੍ਰਿਪਾ ਸੰਗ
ਇਹ ਸ਼ੂਨਯ ਆਦਿ ਸੱਚ ਹੈ
ਜੁਗਾਦਿ ਸੱਚ ਹੈ
ਹੈ ਭੀ ਸੱਚ ਸਦਾ ਹੀ ਸੱਚ ਅਖਵਾਉਂਦੀ ਹੈ

-0-

ਇਹ ਸ਼ੂਨਯ
ਜੀਂਦੇ ਜੀਅ ਹੀ ਜਾਣੀ ਜਾਂਦੀ ਹੈ
ਸਰਦਲ ਪਾਰ
ਸ਼ੂਨਯ ਪ੍ਰਭੂ ਮਿਲਣ ਅਹਿਸਾਸ
ਆਤਮਾ ਰਾਹੀਂ

ਮਾਨਵ ਚੇਤਨਾ ਨੂੰ ਸਮਝ ਆਉਂਦਾ ਹੈ
ਮਿਲਣ ਪਿੱਛੋਂ
ਇਹ ਸ਼ੂਨਯ ਕੀ ਹੈ
ਕੋਈ ਸਮਝ ਨਾ ਪਾਉਂਦਾ ਹੈ
ਪਰ ਸਰ੍ਦਲ ਤੋਂ ਉਰਾਂ ਤਕ ਦਾ
ਸਭ ਕੁੱਝ ਹੀ
ਇਹ ਸ਼ੂਨਯ ਸਿਰਜਣਹਾਰੀ ਹੈ
ਜੀਭਾ ਅੱਖਾਂ ਬੋਲ-ਸ੍ਰੋਤ
ਵਿਚਰਨ ਤੇ ਵਿਚਰਨ ਵਾਲੀ ਹੈ

-0-

ਸਭ ਸਮੱਗਰੀ
ਸੂਰਜ ਚੰਨ ਸਿਤਾਰੇ ਧਰਤੀ ਅੰਬਰ
ਇਸ ਸ਼ੂਨਯ ਉਸਾਰੇ
ਸਾਗਰ ਦਰਿਆ ਨਦੀਆਂ
ਚਸ਼ਮੇ ਝਰਨੇ ਪਹਾੜ ਜੰਗਲ
ਇਸ ਸ਼ੂਨਯ ਧਰਤ ਉਤਾਰੇ
ਕੁਦਰਤ ਜੀਵ ਜੰਤ ਸਭ ਬ੍ਰਹਿਮੰਡ
ਖਲਾਅ ਪਤਾਲ
ਇਸ ਸ਼ੂਨਯ ਪ੍ਰਗਟਾਏ
ਸਰਦਲ ਤੋਂ ਉਰਾਂ
ਇਹ ਸ਼ੂਨਯ ਸਿਰਜਕ ਕਹਿਲਾਏ

-0-

ਸਰਦਲ ਤੋਂ ਉਰਾਂ
ਹਰ ਕੋਈ
ਇਸ ਸ਼ੂਨਯ ਦਾ ਸ਼ਬਦ ਉਚਾਰੇ
ਇਹ ਸ਼ੂਨਯ ਹੈ
ਆਪੇ ਬੋਲ-ਸ੍ਰੋਤ ਆਪੇ ਦ੍ਰਿਸ਼ ਦ੍ਰਿਸ਼ਟੀ
ਆਪੇ ਵੇਖਣਹਾਰੀ
ਜਿਉਂਦੇ ਜੀਅ
ਜੋ ਮਾਨਵ ਇਸ ਸ਼ੂਨਯ ਨੂੰ ਪਾਏ
ਸਰਦਲ ਤੋਂ ਉਰਾਂ ਦੀ
ਹਰ ਮੁਥਾਜ਼ੀ ਤੋਂ ਮੁਕਤ ਹੋ ਜਾਏ

-0-

ਸਰਦਲ ਤੋਂ ਉਰਾਂ ਦੀ ਮੁਥਾਜ਼ੀ ਹੀ
ਇਸ ਸ਼ੂਨਯ ਦਾ ਸੱਚ ਪਛਾਣੇ
ਮੁਥਾਜ਼ੀ ਮੁਕਤ ਹੋਈ ਮੁਥਾਜ਼ੀ
ਇਸ ਸ਼ੂਨਯ ਦਾ ਰੂਪ ਵਟਾਏ
ਮੁਥਾਜ਼ੀ ਮੁਕਤ ਮੁਥਾਜ਼ੀ ਚੋਂ
ਮੁਥਾਜ਼ੀ ਦਾ ਅਹਿਸਾਸ ਮਰ ਜਾਏ
ਮੁਥਾਜ਼ੀ ਦੀ ਜਗਿਆਸਾ ਚੇਤਨਾ
ਸਰਦਲ ਤੋਂ ਉਰਾਂ ਰਹਿ ਜਾਏ

-0-

ਜਿਉਂਦੇ ਜੀਅ ਮਾਨਵ ਚੇਤਨਾ ਰਾਹੀਂ
ਜੇ ਆਪਣਾ ਸਵੈ ਪਹਿਚਾਣੇ
ਸਵੈ ਤ੍ਰਿਸ਼ਨਾ ਦੀ ਪੂਰਤੀ ਦਾ ਸੱਚ

ਇਸ ਸਰਦਲ ਤੇ ਆ ਕੇ ਜਾਣੇ
ਸਰਦਲ ਦੇ ਅੰਦਰ ਹੋ ਸਵੈ
ਨਾ ਆਪਣਾ ਨਾ ਅੰਦਰਲਾ
ਸੱਚ ਪਹਿਚਾਣੇ

-0-

ਇਸ ਸ਼ੂਨਯ ਵਿਚ ਮਿਲਕੇ ਸਵੈ
ਦਿੱਸ ਤੋਂ ਅਦਿੱਸ ਹੋ ਜਾਏ
ਨਿਰਗੁਣ ਸਰੂਪ ਦੀ ਪਦਵੀ ਪਾਏ
ਇਹ ਸਵੈ ਜਦ ਸਰਗੁਣ ਹੋਵੇ
ਹਰ ਜੀਵ ਚੋਂ ਨਜ਼ਰੀਂ ਆਏ

-0-

ਦੁਨੀਆਂ ਦਾ ਹਰ ਪੀਰ ਪੈਗ਼ੰਬਰ
ਆਪਣੀ ਚੇਤਨਾ ਦੇ ਸਹਾਰੇ
ਆਤਮ ਸਰਗੁਣ ਸਰੂਪ ਸੰਗ
ਇਸ ਸਰਦਲ ਤਕ ਹੀ ਆ ਸਕਦਾ ਹੈ
ਇਸ ਸਰਦਲ ਤੋਂ ਅੱਗੇ
ਆਤਮਾ ਨਿਰਗੁਣ ਸਰੂਪ ਹੋ ਜਾਂਦੀ ਹੈ
ਦੁਨੀਆਂ ਦੇ ਕਿਸੇ ਵੀ
ਪੀਰ ਪੈਗੰਬਰ ਦੀ ਚੇਤਨਾ
ਇਸ ਸਰਦਲ ਨੂੰ ਟੱਪ ਕੇ
ਅੰਦਰ ਜਾ ਨਹੀਂ ਸਕਦੀ
ਸਰਦਲ ਦੇ ਅੰਦਰ ਕੀ ਹੈ
ਜਗ ਨੂੰ ਇਹ ਸਮਝਾ ਨਹੀਂ ਸਕਦੀ

ਵੇਦ ਗ੍ਰੰਥ ਸ਼ਾਸਤਰ ਸਿਮਰਿਤੀਆਂ
ਇਸ ਸਰਦਲ ਤਕ ਹੀ ਆਉਂਦੇ ਹਨ
ਇਸ ਸਰਦਲ ਤੋਂ ਅੱਗੇ ਕੀ ਹੈ
ਉਸ ਦਾ ਭੇਦ ਨਾ ਪਾ ਸਕਦੇ ਹਨ

-0-

ਸਰਦਲ ਦੇ ਅੰਦਰਲੇ ਸੱਚ ਦੇ ਗੁਣ
ਮਨੁੱਖੀ ਚੇਤਨਾ ਨੂੰ
ਮਨੁੱਖੀ ਆਤਮਾ ਦਾ ਸਰਗੁਣ
ਸਰੂਪ ਚੋਂ ਹੀ ਨਜ਼ਰੀਂ ਆਉਂਦੇ ਹਨ
ਜਦ ਆਤਮਾ
ਆਪਣੀ ਮੁਕਤੀ ਦੀ ਕਾਰਜ ਪ੍ਰਣਾਲੀ
ਵਿਚੋਂ ਗੁਜ਼ਰ ਰਹੀ ਹੁੰਦੀ ਹੈ
ਉਸ ਵੇਲੇ
ਆਤਮਾ ਆਪਣੇ ਅਕਾਰ 'ਚ
ਫੈਲ ਰਹੀ ਹੁੰਦੀ ਹੈ
ਜੋਤੋਂ ਬ੍ਰਹਮ ਜੋਤ ਦਾ ਰੂਪ
ਧਾਰ ਰਹੀ ਹੁੰਦੀ ਹੈ
ਸਭ ਸ਼ਾਸਤਰ ਗ੍ਰੰਥ
ਪ੍ਰਭੂ ਦੇ ਉਹੀ ਗੁਣ ਵਿਆਖਦੇ ਹਨ
ਜੋ ਮਨੁੱਖੀ ਚੇਤਨਾ
ਸਰਗੁਣ ਸਰੂਪ ਆਤਮਾ ਚੋਂ
ਅਨੁਭਵ ਕਰਦੀ ਹੈ

-0-

ਆਤਮਾ ਸਤਿ ਹੈ
ਆਤਮਾ ਇਕ ਹੈ
ਆਤਮਾ ਸਭ ਕਰਨ ਕਰਾਵਣਹਾਰਾ ਹੈ
ਉਸ ਦਾ ਕਿਸੇ ਨਾਲ ਨਾ ਵੈਰ ਨਾ ਵਿਰੋਧ ਹੈ
ਉਸ ਨੂੰ ਨਾ ਕਿਸੇ ਦਾ ਡਰ ਹੈ
ਨਾ ਹੀ ਵੈਰੀ ਨਾ ਹੀ ਬੇਗ਼ਾਨਾ
ਉਸ ਦਾ ਸਭ ਲਈ ਖੁੱਲ੍ਹਾ ਦਰ ਹੈ
ਸਦਾ ਨਿਰੰਤਰ ਮ੍ਰਿਤਯੂ ਰਹਿਤ ਹੈ
ਗੁਰੂ ਕ੍ਰਿਪਾ ਕਰ ਜਾਣਿਆ ਜਾਂਦਾ ਹੈ
ਆਦਿ ਸੱਚ ਜੁਗਾਦਿ ਸੱਚ ਕਹਾਉਂਦਾ ਹੈ
ਆਦਿ ਤੋਂ ਪਹਿਲਾਂ ਵੀ ਆਤਮ ਸੀ
ਅੰਤ ਤੋਂ ਪਿਛੋਂ ਵੀ ਆਤਮ ਹੈ

–0–

ਸ਼ੂਨਯ ਪ੍ਰਭੂ
ਸ੍ਰਿਸ਼ਟੀ ਵਿਚ ਵਸਦਾ ਹੋਇਆ ਵੀ
ਸ੍ਰਿਸ਼ਟੀ ਤੋਂ ਅਲੱਗ ਹੈ
ਉਹ ਦੁਨੀਆਂ ਦੇ ਅੰਦਰ ਵੀ
ਬਾਹਰ ਵੀ ਹੈ
ਇਹ ਦੁਨੀਆਂ ਉਸ ਦੀ ਨਹੀਂ
ਉਹ ਦੁਨੀਆਂ ਦਾ ਜਨਮਦਾਤਾ ਹੈ
ਸਾਰੀ ਮਾਨਵਤਾ ਰੌਣਕਾਂ ਖ਼ੁਸ਼ੀਆਂ
ਮੰਜ਼ਿਲਾਂ ਰਾਹੀਂ ਸ਼ਾਮ ਸਵੇਰੇ

ਬੁੱਧ ਜਗਿਆਸਾ ਜੀਵ ਦਿਸ਼ਾਵਾਂ
ਸਭ ਸੋਚਾਂ ਚੇਤਨਾ ਵਾਦ-ਵਿਵਾਦ
ਉਸ ਤੋਂ ਸ਼ੁਰੂ ਹੋ ਕੇ
ਉਸ ਤੇ ਹੀ ਮੁੱਕ ਜਾਂਦੇ ਹਨ
ਉਸ ਦੇ ਦਰ ਸਭ ਆ ਢੁਕ ਜਾਂਦੇ ਹਨ

-0-

ਉਸ ਚੋਂ ਇਹ ਸਭ ਜਨਮ ਕੇ
ਆਪਣਾ ਆਪਣਾ ਸਫ਼ਰ ਮੁਕਾ ਕੇ
ਸਭ ਕੁੱਝ ਆਪਣਾ ਪਿਛੇ ਛੱਡ ਕੇ
ਉਸ ਦੇ ਵਿਚ ਸਮਾ ਜਾਦੇ ਹਨ
ਭਰਮ ਭੋਗ ਕੇ ਜੀਵਨ ਦਾ
ਆਪਣੇ ਸੱਚ ਨੂੰ ਪਾ ਜਾਂਦੇ ਹਨ
ਉਹੀ ਆਦਿ ਅੰਤ ਹੈ ਸਭ ਦਾ
ਉਹੀ ਹੈ ਸੱਚਾ ਭਗਵੰਤਾ
ਸਭ ਉਸਦੀ ਕ੍ਰਿਪਾ ਦੇ ਪਾਤਰ ਹਨ
ਉਸ ਦੀ ਦਯਾ ਸੁਰੱਖ਼ਸ਼ਾ ਦੇ ਚਾਕਰ ਹਨ

-0-

ਇਹ ਸਭ ਪੁਤਲੇ ਹਨ
ਜਿਨ੍ਹਾਂ ਦੀਆਂ ਡੋਰਾਂ
ਉਸ ਸ਼ੂਨਯ ਪ੍ਰਭੂ ਦੇ ਹੱਥ ਵਿਚ ਹਨ
ਉਹ ਜਿਵੇਂ ਨਚਾਵੇ ਇਹ ਨੱਚਦੇ ਹਨ
ਦੁਨੀਆਂ ਦੇ ਰੰਗ ਮੰਚ ਤੇ
ਉਸ ਦੇ ਭਾਣੇ ਆਪਣਾ ਕਾਰਜ ਕਰਮ
ਕਰਦੇ ਹਨ

-0-

ਉਸ ਦਾ ਲਿਖਿਆ ਪਾਠ
ਇਹ ਨਿਭਾਅ ਰਹੇ ਹਨ
ਉਹ ਬੁਲਾਵੇ ਤਾਂ ਇਹ ਬੋਲਣ
ਉਹ ਵਿਖਾਵੇ ਤਾਂ ਇਹ ਵੇਖਣ
ਉਹ ਸੁਣਾਵੇ ਤਾਂ ਇਹ ਸੁਣਦੇ
ਉਸ ਦੇ ਭਾਣੇ ਜੀਵਨ ਬੁਣਤੀ ਬੁਣਦੇ

-0-

ਉਹੀ ਪਖ ਉਹੀ ਪ੍ਰਵਾਜ਼ ਹੈ
ਉਹ ਨਜ਼ਰ ਦਿਸ਼ਾ ਦ੍ਰਿਸ਼ਟਾਂਤ ਹੈ
ਉਹੀ ਸਤਿ ਬੋਧ ਅੰਤਾਕਰਨ ਹੈ
ਉਹੀ ਜੀਵਨ ਕਾਰਜ ਕਰਮ ਹੈ
ਉਹੀ ਵਿੱਧੀ ਵਿਧਾਨ ਦਾ ਦਾਤਾ ਹੈ
ਉਹੀ ਭੂਤ ਵਰਤਮਾਨ ਭਵਿੱਖ ਦਾ
ਗਿਆਤਾ ਹੈ
ਉਹੀ ਦਿਸਹੱਦਿਆਂ ਦੇ ਪਾਰ ਹੈ
ਉਹੀ ਸਭ ਦਾ ਸਿਰਜਣਹਾਰ ਹੈ

-0-

ਉਹੀ ਸਹਿਰਾ ਉਹੀ ਸਾਗਰ
ਉਹੀ ਜੰਗਲ ਉਹੀ ਪਰਬਤ
ਉਹੀ ਪੱਤਾ ਟਹਿਣੀ ਤਣਾ ਜੜ੍ਹਾਂ ਬੀਜ
ਉਹ ਹਰ ਰੁੱਖ ਦਾ ਜੰਗਲ ਹੈ
ਉਹ ਹਰ ਮਾਨਵ ਦੇ ਮੱਥੇ ਦੀ ਜੋਤ
ਉਹ ਇਸ ਜਗ ਦਾ ਜਲਵਾਸ੍ਰੋਤ ਹੈ

-0-

ਉਸ ਦੇ ਕਣ ਸਦਕਾ ਜਗ ਰੌਸ਼ਨ
ਉਸ ਦੇ ਹੋਣ ਨਾਲ ਜਗ ਹੋਵਤ
ਉਹ ਹੈ ਤਾਂ ਇਸ ਜਗਤ ਦਾ ਸੱਚ ਹੈ
ਉਹ ਹੈ ਤਾਂ ਹਰ ਜੂਹ ਉਜਿਆਰਾ
ਉਹ ਹੈ ਜਗਤ ਰੂਪ ਸੰਸਾਰਾ
ਉਹ ਹੈ ਤਾਂ ਜੀਵਨ ਜਿੰਦ ਜਾਨ
ਉਹ ਹੈ ਤਾਂ ਜੀਵਨ ਦੇ ਪ੍ਰਾਣ

-0-

ਉਹ ਹੈ ਤਾਂ ਆਤਮ ਪ੍ਰਮਾਤਮ
ਉਹ ਹੈ ਤਾਂ ਸੂਰਜ ਚੰਨ ਸਿਤਾਰੇ
ਉਹ ਹੈ ਤਾਂ ਅਕਾਸ਼ ਹਵਾ ਅੱਗਣ
ਜਲ ਧਰਤ ਪਸਾਰੇ
ਉਸ ਬਿਨ ਸਭ ਉਜੜੇ ਵਿਹੜੇ
ਸੁੰਨ ਸਭ ਮਹਿਲ ਮੁਨਾਰੇ

-0-!

ਉਹ ਹੈ ਤਾਂ ਉਜਾੜਾਂ ਦਾ ਸੱਚ ਹੈ
ਉਸ ਬਿਨ ਨਾ ਕੋਈ ਵੀਰਾਨੀ
ਨਾ ਕੋਈ ਮੌਸਮ ਰੁੱਤ ਬਹਾਰ
ਨਾ ਪਤਝੜ ਹੈ
ਉਸ ਬਿਨਾਂ ਨਿਗੁਣਾਪਣ
ਨਿਗੁਣਾਪਣ ਨਹੀਂ
ਬੁਧ ਜਗਿਆਸਾ ਚੇਤਨਾ ਮਨ ਨਹੀਂ
ਉਸ ਬਿਨ ਵਰ ਸਰਾਪ ਨਹੀਂ
ਪੁੰਨ ਪਾਪ ਨਹੀਂ

ਉਸ ਬਿਨ ਜ਼ਰਾ ਬੂੰਦ ਸਾਗਰ
ਧਰਤ ਅਕਾਸ਼ ਨਹੀਂ
ਉਸ ਬਿਨ
ਕੁੱਝ ਨਹੀਂ ਦੇ ਕੁੱਝ ਵੀ ਪਾਸ ਨਹੀਂ

-0-

ਹੇ ਸ਼ੂਨਯ ਪ੍ਰਭੂ
ਤੂੰ ਸ਼ੂਨਯ ਹੈ ਤੂੰ ਭਰਪੂਰ
ਤੇਰੀ ਸ਼ੂਨਯ ਜਗਤ ਉਪਜਿਆ
ਸ਼ੂਨਯ ਵਿਚ ਸਮਾਇਆ
ਤੇਰੀ ਸ਼ੂਨਯ ਸਿਰਜਕ ਰੂਪ
ਵਟਾਇਆ
ਤੇਰਾ ਸਿਰਜਕ ਰੂਪ
ਤੇਰੀ ਸ਼ੂਨਯ ਵਿਚ ਸਮਾਇਆ
ਤੂੰ ਭਰਪੂਰ ਵੀ ਸ਼ੂਨਯ ਹੈ
ਸ਼ੂਨਯ ਵੀ ਭਰਪੂਰ
ਸਿਰਜਕ ਸ਼ੂਨਯ
ਸ਼ੂਨਯ ਸਿਰਜਕ
ਏਕ ਰੂਪ ਤੇ ਵਜੂਦ

--------

# ਮੂਲ ਮੰਤਰ ਦਾ ਅੰਕੁਰ ਤੇ ਸਿਰਜਣਾ

ਮੂਲ ਮੰਤਰ
ਕਿੰਜ ਹੋਂਦ 'ਚ ਆਇਆ
ਮੂਲ ਮੰਤਰ ਦਾ ਸੱਚ
ਮਾਨਵ ਨੇ ਕਿੰਜ ਪਾਇਆ
"ਮਨ ਤੂੰ ਜੋਤ ਸਰੂਪ ਹੈਂ
ਆਪਣਾ ਮੂਲ ਪਹਿਚਾਣ"
ਜੋਤ ਸਰੂਪ ਆਤਮਕ ਹੋਂਦ ਹੈ
ਜਿਸ ਦਾ ਵਿਸ਼ਾ ਸਰਗੁਣ ਸਰੂਪ ਹੈ
ਉਹ ਅਨੁਭਵੀ ਤੇ ਵੇਖੀ ਜਾ ਸਕਦੀ ਹੈ
ਮਾਨਵ ਚੇਤਨਾ ਤੇ ਬੁੱਧੀ ਦੀ
ਪਕੜ 'ਚ ਆ ਸਕਦੀ ਹੈ

-0-

ਮਾਨਵ ਜਦ
"ਮਨ ਤੂੰ ਜੋਤ ਸਰੂਪ ਹੈਂ"
ਦਾ ਮੂਲ ਪਹਿਚਾਣ ਲੈਂਦਾ ਹੈ
ਤ੍ਰੈਕੁਟੀ ਵਿਚ ਸਦੀ
ਆਤਮ ਜੋਤ ਦੀ ਹੋਂਦ ਜਾਣ ਲੈਂਦਾ ਹੈ
ਆਪਣਾ ਸੱਚ ਪਹਿਚਾਣ ਲੈਂਦਾ ਹੈ

-0-

ਇਹ ਜੋਤ ਮਨੁੱਖ ਦਾ ਸਵੈ ਹੈ
ਪਰਮ ਜੋਤ ਦਾ ਇਕ ਤੱਤ ਹੈ

ਆਦਿ ਜੁਗਾਦਿ ਜੋ ਸੱਚ ਹੈ
ਆਪਣੇ ਆਤਮ ਨੂੰ
ਸਿਮਰਦਾ ਸਿਮਰਦਾ ਮਾਨਵ
ਆਤਮ ਦੀ ਸਰਦਲ ਤਕ ਆ ਜਾਂਦਾ ਹੈ
ਆਪਣੇ ਲਹੂ 'ਚ ਜਿਉਂਦਾ ਜਿਉਂਦਾ
ਸਵਾਸਾਂ ਸੰਗ ਧਿਆਉਂਦਾ ਧਿਆਉਂਦਾ
ਆਤਮ ਸਰਦਲ ਟੱਪ ਜਾਂਦਾ ਹੈ
ਆਪਣੀ ਚੇਤਨਾ ਦੀ ਡੋਰੀ ਸੰਗ
ਤ੍ਰੈਕੁਟੀ ਵਿਚ ਜਗਦੀ ਜੋਤ ਦੀ
ਲੋਅ ਦੇ ਵਿਚ ਉਤਰ ਜਾਂਦਾ ਹੈ
ਦੇਹ ਤੋਂ ਆਤਮ ਰੂਪ ਵਟਾ ਲੈਂਦਾ ਹੈ
ਆਪਣੇ ਸਵੈ ਨੂੰ ਪਾ ਲੈਂਦਾ ਹੈ

-0-

ਇਸ ਅਵੱਸਥਾ ਵਿਚ
ਮਾਨਵ ਦੇਹ ਤੋਂ ਮੁਕਤ ਹੁੰਦਾ ਹੈ
ਆਤਮ ਸੱਚ ਅਪਣਾ ਲੈਂਦਾ ਹੈ
ਮਨੁੱਖੀ ਦੇਹ ਦੀ ਮੁਕਤੀ
ਤੇ ਆਤਮਾ ਦੀ ਪ੍ਰਾਪਤੀ ਤਕ
ਆਤਮਾ ਜੋਤ ਸਰੂਪ ਰਹਿੰਦੀ ਹੈ

-0-

ਆਤਮਾ ਚੀਨਦਾ ਚੀਨਦਾ ਮਾਨਵ
ਆਤਮਾ ਦੀ ਤ੍ਰਿਸ਼ਨਾ ਦੇ ਦਰ ਆਉਂਦਾ ਹੈ
ਆਤਮਾ ਦੀ ਤ੍ਰਿਸ਼ਨਾ ਕੀ ਹੈ

ਚੇਤਨਾ ਰਾਹੀਂ
ਮਾਨਵ ਨੂੰ ਸਮਝੀਂ ਆਉਂਦਾ ਹੈ
ਆਤਮਾ ਦੀ ਤ੍ਰਿਸ਼ਨਾ
ਪਰਮ ਆਤਮਾ ਵਿਚ ਰਲਣਾ ਹੈ
ਬੂੰਦ ਦਾ ਸਾਗਰ ਨੂੰ ਮਿਲਣਾ ਹੈ

–0–

ਆਤਮਾ ਜਦ ਸਵੈ ਆਪਣੇ ਤੋਂ
ਮੁਕਤੀ ਪਾਉਂਦੀ ਹੈ
ਆਤਮ ਤ੍ਰਿਸ਼ਨਾ ਸੱਚ ਹੋ ਜਾਂਦੀ ਹੈ
ਆਤਮਾ ਦੀ ਖ਼ੁਦ ਤੋਂ ਮੁਕਤੀ ਦਾ ਸਰੂਪ
ਜੋਤੀ ਤੋਂ ਫੈਲ ਕੇ ਅਕਾਰ ਰਹਿਤ ਹੋ ਜਾਂਦਾ ਹੈ
ਸਵੈ ਤੋਂ ਮੁਕਤੀ ਪਾ ਕੇ ਆਤਮਾ
ਬ੍ਰਹਮ ਦੀ ਸਰਦਲ ਤੇ ਆ ਜਾਂਦੀ ਹੈ
ਸਰਦਲ ਤੋਂ ਇਧਰ ਆਤਮਾ
ਸਤਿ ਹੈ
ਸਰਦਲ ਤੋਂ ਉਧਰ ਆਤਮਾ
ਪਰਮ ਸਤਿ ਹੈ
ਸਰਦਲ ਤੋਂ ਇਧਰ ਆਤਮਾ
ਸਰਗੁਣ ਸਰੂਪ ਹੈ
ਸਰਦਲ ਤੋਂ ਉਧਰ ਆਤਮਾ
ਨਿਰਗੁਣ ਰੂਪ ਹੈ
ਜੋਤੀ ਤੋਂ ਪਰਮ ਜੋਤ ਹੈ ਬ੍ਰਹਮ ਰੂਪ ਹੈ

–0–

ਸਵੈ ਮੁਕਤੀ ਪ੍ਰਾਪਤੀ ਤੋਂ ਬਾਅਦ
ਬ੍ਰਹਮ ਸਰਦਲ ਤੇ ਖੜੀ ਆਤਮਾ ਚੋਂ
ਮੂਲ ਮੰਤਰ ਦਾ ਜਨਮ ਹੁੰਦਾ ਹੈ
ਬ੍ਰਹਮ ਸਰਦਲ ਤੇ ਖੜੀ ਆਤਮਾ ਚੋਂ
ਏਕ ਉਂਕਾਰ ਸਤਿਨਾਮ
ਕਰਤਾ ਪੁਰਖ ਨਿਰਭੋਉ ਨਿਰਵੈਰ
ਅਕਾਲ ਮੁਰਤਿ ਆਜੂੰਨੀ ਸੈਭੰ ਦੇ
ਗੁਣ ਜਨਮਦੇ ਹਨ

-0-

ਸਰਦਲ ਤੋਂ ਇੱਧਰ ਆਤਮਾ
ਮਾਨਵ ਚੇਤਨਾ ਨਾਲ ਜੁੜੀ ਹੈ
ਮਾਨਵ ਚੇਤਨਾ ਆਤਮਾ ਚੋਂ ਹੀ
ਬ੍ਰਹਮ ਦਾ ਰੂਪ ਪਹਿਚਾਣਦੀ ਹੈ.
ਉਹ ਇਕ ਹੈ
ਉਸਦਾ ਨਾਮ ਸੱਚਾ ਹੈ
ਉਹ ਕਰਤਾ ਪੁਰਖ ਨਿਰਭੋਉ
ਨਿਰਵੈਰ ਹੈ
ਅਕਾਲ ਰਹਿਤ ਆਜੂੰਨੀ ਸੈਭੰ ਹੈ
ਮਾਨਵ ਚੇਤਨਾ
ਆਤਮਾ ਚੋਂ ਹੀ ਜਾਣਦੀ ਹੈ

-0-

ਸਰਦਲ ਲੰਘ ਕੇ ਆਤਮਾ
ਨਿਰਗੁਣ ਰੂਪ ਧਾਰੰਦੀ ਹੈ
ਆਪਣੀ ਚੇਤਨਾ ਬੁੱਧ ਜਗਿਆਸਾ
ਸਭ ਵਿਸਾਰਦੀ ਹੈ

ਉਹ ਕੀ ਹੈ ਉਹ ਕੌਣ ਹੈ
ਜਿਸ ਵਿਚ ਆਂਤਮਾ ਪ੍ਰਵੇਸ਼ੀ ਹੈ
ਇਸ ਸਭ ਕੁੱਝ ਤੋਂ
ਆਤਮਾ ਅਣਜਾਣ ਹੈ
ਕਿਉਂਕਿ ਆਤਮਾ
ਬ੍ਰਹਮ ਸਰਦਲ ਪਾਰ ਕਰਨ ਦੇ ਪਿਛੋਂ
ਆਪਣੀ ਹੋਂਦ ਖੋਹ ਜਾਂਦੀ ਹੈ
ਬ੍ਰਹਮ ਦੀ ਹੋਂਦ ਹੋ ਜਾਂਦੀ ਹੈ

−0−

ਬ੍ਰਹਮ ਦੀ ਹੋਂਦ
ਚੇਤਨ ਬੁੱਧ ਜਗਿਆਸਾ
ਸੰਕਲਪ ਕਲਪਣਾ ਗਿਆਨ
ਵਿਗਿਆਨ ਤੇ ਦਰਸ਼ਨ ਤੋਂ ਬਾਹਰ ਹੈ
ਉਹ ਕੀ ਹੈ ਉਸਦਾ ਸੱਚ ਹੋਂਦ ਕੀ ਹੈ
ਭਾਸ਼ਾ ਅਕਲ ਮਨੁੱਖ ਦੇ ਰਾਹੀਂ
ਉਹ ਜਾਣਿਆ ਜਾ ਨਹੀਂ ਸਕਦਾ
ਵੇਦ ਸ਼ਾਸਤਰ ਗ੍ਰੰਥ ਕਤੇਬਾਂ ਰਾਹੀਂ
ਉਸਦਾ ਅੰਤ ਪਾਇਆ ਜਾ
ਨਹੀਂ ਸਕਦਾ

−0−

ਉਸਦੀ ਸਵੈ ਕਾਰਜ ਪ੍ਰਣਾਲੀ
ਉਸਦੇ ਕਾਰ ਵਿਹਾਰ ਦੀ ਮਾਇਆ
ਵੇਦ ਕਤੇਬਾਂ ਉਚਰ ਨਹੀਂ ਸਕਦੇ

ਕੋਈ ਵੀ ਉਸਨੂੰ ਜਾਣ ਨਹੀਂ ਸਕਦਾ
ਪਰਖ ਨਹੀਂ ਪਹਿਚਾਣ ਨਹੀਂ ਸਕਦਾ
ਉਸਨੂੰ ਜਾਣਨ ਦਾ ਜ਼ਰੀਹਾ
ਸਿਰਫ਼ ਇਕ ਆਤਮ ਹੈ
ਦੇਹ ਵਿਚ ਜੋ ਸਰਗਣ ਸਰੂਪ ਹੈ
ਉਪਾਧੀ ਰਹਿਤ ਨਿਰਗੁਣ ਰੂਪ ਹੈ
ਸਰਗੁਣ ਵਿਚ
ਉਹ ਜੋਤ ਸਰੂਪ ਹੈ
ਨਿਰਗੁਣ ਵਿਚ ਉਹ ਬ੍ਰਹਮ ਰੂਪ ਹੈ

–0–

ਪ੍ਰਮਾਤਮਾ ਇਕ ਹੈ
ਅਕਾਰ ਰਹਿਤ ਹੈ
ਇਸਦਾ ਵੀ ਅਹਿਸਾਸ ਚੇਤਨਾ ਨੂੰ
ਆਤਮਾ ਹੀ ਕਰਵਾਉਂਦੀ ਹੈ
ਮੂਲ ਮੰਤਰ ਦੀ ਪ੍ਰੀਭਾਸ਼ਾ ਵਿਚ
ਦਿਤੇ ਬ੍ਰਹਮ ਦਾ ਗੁਣ ਗਿਆਨ ਵੀ
ਆਤਮਾ ਹੀ ਦਰਸਾਉਂਦਾ ਹੈ
ਇਹ ਗਿਆਨ ਮਨੁੱਖੀ ਚੇਤਨਾ ਨੂੰ
ਆਤਮਾ ਦੀ ਪ੍ਰਾਪਤੀ ਤੇ
ਆਤਮਾ ਦੀ ਆਪਣੇ ਆਪ ਤੋਂ
ਮੁਕਤੀ ਤੇ ਹੁੰਦਾ ਹੈ

–0–

ਆਤਮਾ ਆਪਣੇ ਆਪ ਤੋਂ ਮੁਕਤੀ
ਮਾਨਵ ਦੇਹ ਵਿਚ ਹੀ ਪਾਉਂਦੀ ਹੈ
ਇਸ ਲਈ ਮਨੁੱਖੀ ਚੇਤਨਾ ਨੂੰ
ਆਤਮਾ ਦੀ ਖੁਦ ਤੋਂ ਮੁਕਤੀ ਦਾ
ਅਹਿਸਾਸ ਹੁੰਦਾ ਹੈ
ਇਸ ਅਹਿਸਾਸ ਦੀ ਉਮਰ
ਓਨਾ ਹੀ ਚਿਰ ਹੈ
ਜਿੰਨਾ ਚਿਰ ਆਤਮਾ ਸਰਗੁਣ
ਸਰੂਪ ਹੈ

-0-

ਮੂਲਮੰਤਰ ਦੀ ਅਕਾਰ ਰਹਿਤਤਾ
ਆਤਮਾ ਹੀ
ਮਨੁੱਖੀ ਚੇਤਨਾ ਨੂੰ ਵਿਖਾਉਂਦੀ ਹੈ
ਆਤਮਾ ਹੀ ਮਹਾਂਪੁਰਖਾਂ ਤੋਂ
ਮੂਲਮੰਤਰ ਦੀ
ਸਿਰਜਣਾ ਕਰਵਾਉਂਦੀ ਹੈ

-0-

ਇਹ ਅਹਿਸਾਸ ਹੈ
ਜਿਸ ਰਾਹੀਂ
ਬ੍ਰਹਮ ਦੇਖਿਆ ਜਾ ਸਕਦਾ ਹੈ
ਇਹ ਆਤਮਾ ਹੀ ਹੈ
ਜਿਸ ਤੋਂ ਬ੍ਰਹਮ ਸਮਝਿਆ ਤੇ
ਅਨੁਭਵਿਆ ਜਾ ਸਕਦਾ ਹੈ

-0-

ਮੂਲਮੰਤਰ ਦੀ ਪ੍ਰੀਭਾਸ਼ਾ
ਜਿਸ ਸੰਕਲਪ ਕਲਪਣਾ ਦੇ
ਯਥਾਰਥ ਤੋਂ ਕੀਤੀ ਹੈ
ਉਹ ਤਾਂ ਅਸਾਂ ਵਿਚਾਰ ਲਿਆ ਹੈ
ਆਤਮਾ ਤੇ ਬ੍ਰਹਮ ਸਰਦਲ ਤਕਦੇ
ਸਫ਼ਰ ਦਾ ਸੱਚ ਜਾਣ ਲਿਆ ਹੈ

-0-

ਇਸ ਪ੍ਰੀਭਾਸ਼ਾ ਦੀ ਸਿਰਜਣਾ ਤੋਂ ਬਾਹਰ
ਉਹ ਅਥਾਹ ਸਮੁੰਦਰ ਹੈ
ਮੂਲਮੰਤਰ ਦੀ ਗਾਗਰ ਵਿਚ
ਜਿਸਨੂੰ ਗਿਆ ਉਤਾਰਿਆ ਹੈ

ਮੂਲਮੰਤਰ ਦੀ ਪ੍ਰੀਭਾਸ਼ਾ ਸਿਰਜਣਾ
ਪ੍ਰੀਭਾਸ਼ਕ ਦਾ ਸਰਵਸ੍ਰੇਸ਼ਟ ਕਰਮ ਹੈ
ਉਤਮ ਸੰਯੋਗ ਹੈ
ਉਹੀ ਇਸ ਸੱਚ ਦੀ ਪ੍ਰੀਭਾਸ਼ਾ
ਲਈ ਸਮਰੱਥ ਹੈ
ਜੋ ਇਸ ਵਿਚੋਂ ਵਿਚਰਨ ਯੋਗ ਹੈ

-0-

ਪ੍ਰੀਭਾਸ਼ਾ ਹੈ
ਏਕ ਓਂਕਾਰ ਸਤਿਨਾਮ
ਕਰਤਾ ਪੁਰਖ ਨਿਰਭੳੁ ਨਿਰਵੈਰ
ਅਕਾਲ ਮੂਰਤਿ ਆਜੂੰਨੀ ਸੈਭੰ
ਗੁਰ ਪ੍ਰਸਾਦਿ ਜੱਪ ਆਦਿ ਸੱਚ
ਜੁਗਾਦਿ ਸੱਚ
ਹੈ ਭੀ ਸੱਚ ਨਾਨਕ ਹੋਸੀ ਭੀ ਸੱਚ

-0-

ਉਹ ਦਾਤਾ ਇਕ ਹੈ
ਉਸ ਜਿਹਾ ਕੋਈ ਹੋਰ ਨਹੀਂ ਹੈ
ਪ੍ਰੀਭਾਸ਼ਕ ਨੇ
ਉਸ ਅਕਾਲ ਪੁਰਖ ਦੀ ਇੱਕਾਈ
ਉਸਦੀ ਅਲੱਗਤਾ ਨੂੰ
ਆਪਣੀ ਚੇਤਨਾ ਰਾਹੀਂ ਸਿਮਰਿਆ
ਧਿਆਇਆ
ਆਪਣੇ ਲਹੂ 'ਚ ਉਤਾਰਿਆ
ਪ੍ਰੀਭਾਸ਼ਕ ਨੇ ਕਈ ਵਾਰ
ਆਪਣੇ ਆਪ ਨੂੰ
ਇਸ ਪ੍ਰਕਿਰਿਆ ਚੋਂ ਗੁਜ਼ਾਰਿਆ

-0-

ਉਸਦੇ ਇਕ ਹੋਣ ਦਾ
ਪ੍ਰੀਭਾਸ਼ਕ ਨੂੰ ਗਿਆਨ ਹੋ ਗਿਆ
ਪ੍ਰੀਭਾਸ਼ਕ ਨੇ
ਉਸਦੇ ਏਕ ਸਰੂਪ ਨੂੰ
ਆਪਣੇ ਰੋਮ ਰੋਮ ਵਿਚ ਜੀਵਿਆ
ਆਪਣੇ ਸਾਹਾਂ ਵਿਚ ਹੰਢਾਇਆ

-0-

ਉਸ ਜਦ ਇਸ ਏਕੇ ਦੇ ਸੱਚ ਨੂੰ
ਆਪਣੀ ਦੇਹ ਦੀ ਸਿਮਰਨ
ਪ੍ਰਯੋਗਸ਼ਾਲਾ 'ਚ ਪ੍ਰਯੋਗਿਆ
ਹਰ ਵਾਰੀ ਹੀ
ਪ੍ਰੀਭਾਸ਼ਕ ਨੇ ਏਕੇ ਦਾ ਸੱਚ

ਆਪਣੇ ਸਾਹਾਂ ਸੰਗ ਭੋਗਿਆ
ਪ੍ਰੀਭਾਸ਼ਕ ਵਿਚ ਸੱਚ
ਸੱਚ ਵਿਚ ਪ੍ਰੀਭਾਸ਼ਕ ਸਮਾਇਆ
ਆਪਣੇ ਗਿਆਨ ਨੂੰ
ਵਿਗਿਆਨ ਵਿਚ ਬਦਲਦਾ ਪਾਇਆ

-0-

ਕਿਉਂਕਿ ਜਦ ਵੀ
ਉਸ ਏਕੇ ਦਾ ਬੀਜ ਪ੍ਰੀਭਾਸ਼ਕ ਨੇ
ਆਪਣੇ ਹਿਰਦੇ ਦੀ ਧਰਤੀ ਤੇ ਬੀਜਿਆ
ਉਸਨੇ ਅਨੁਭਵਿਆ
ਏਕਾ ਹੀ ਹਰ ਵਾਰ ਉੱਗ ਆਇਆ
ਉਸਦੇ ਇਸ ਅਹਿਸਾਸ
ਸੰਕਲਪ ਕਲਪਣਾ ਨੇ
ਗਿਆਨ ਤੋਂ ਵਿਗਿਆਨਕ
ਰੂਪ ਵਟਾਇਆ

-0-

ਇਸ ਏਕੇ ਦੇ ਵਿਸਥਾਰ ਵਿਚ
ਹੋਰ ਵੀ ਡੂੰਘਾ ਉਤਰ ਗਿਆ
ਉਸਨੇ ਅਨੁਭਵਿਆ
ਉਹ ਏਕਾ ਨਿਰੰਤਰ ਸਤਿ ਹੈ
ਸਤਿ ਵੀ ਉਹ ਹੈ ਜੋ ਸਦਾ ਸਲਾਮਤ ਹੈ
ਜੋ ਮ੍ਰਿਤਯੂ ਰਹਿਤ ਹੈ ਅਜਨਮਾ ਹੈ
ਜੋ ਜਨਮਦਾ ਹੈ ਉਹ ਬਿਨਸਦਾ ਹੈ

ਜੋ ਬਿਨਸਦਾ ਹੈ
ਉਹ ਨਿਰੰਤਰ ਸਤਿ ਨਹੀਂ ਹੈ

-0-

ਪ੍ਰੀਭਾਸ਼ਕ ਨੇ
ਇਸ ਏਕੇ ਦੇ ਨਿਰੰਤਰ ਸਤਿ ਦਾ ਬੂਟਾ
ਕਈ ਵਾਰੀ ਆਪਣੇ ਮਨ ਦੀ
ਧਰਤੀ ਤੇ ਲਾਇਆ
ਹਰ ਵਾਰੀ ਹੀ
ਪ੍ਰੀਭਾਸ਼ਕ ਦੇ ਜ਼ਿਹਨ ਵਿਚ
ਨਿਰੰਤਰ ਸੱਚ ਦਾ ਰੁੱਖ ਉੱਗਾਇਆ

-0-

ਕਿਸਾਨ ਲਈ
ਇਕ ਵਾਰ ਬੀਜੀ ਤੇ ਉੱਗਾਈ ਕਣਕ
ਗਿਆਨ ਹੈ
ਉਹੀ ਕਣਕ
ਜੇ ਦੁਬਾਰਾ ਬੀਜੀ ਤੇ ਉੱਗਾਈ ਜਾਏ
ਤਾਂ ਉਹ ਵਿਗਿਆਨ ਹੈ
ਜੋ ਭਰਮ ਰਹਿਤ ਸਤਿ ਦਾ ਵਜ਼ੂਦ ਹੈ
ਜੋ ਕਿਸਾਨ ਦੀ ਬੁੱਧੀ ਵਿਚ ਮੌਜੂਦ ਹੈ

-0-

ਇਸੇ ਤਰ੍ਹਾਂ ਹੀ ਪ੍ਰੀਭਾਸ਼ਕ
ਏਕੇ ਦੇ ਨਿਰੰਤਰ ਸਤਿ ਦਾ
ਵਿਗਿਆਨਕ ਧਾਰਨੀ ਹੋਇਆ
ਤੇ ਅਗਾਂਹ ਤੋਂ ਅਗਾਂਹ

ਇਸ ਏਕੇ ਦੀ ਪਰਤ-ਦਰ-ਪਰਤ
ਖੋਲ੍ਹਣ ਦਾ ਉਤਾਰਨੀ ਹੋਇਆ

-0-

ਇਹ ਪ੍ਰੀਭਾਸ਼ਕ ਦੀ ਲਗਾਤਾਰ
ਮਿਹਨਤ ਦਾ ਸਿੱਟਾ ਸੀ
ਜਿਸਦਾ ਸੱਚ ਪ੍ਰੀਭਾਸ਼ਕ ਨੇ
ਆਤਮਾ ਦੇ ਨਿਰੰਤਰ ਸਿਮਰਨ
ਰਾਹੀਂ ਡਿੱਠਾ ਸੀ

-0-

ਪ੍ਰੀਭਾਸ਼ਕ ਨੇ ਜਾਣਿਆ
ਜਿੱਥੇ ਇਹ ਏਕਾ ਨਿਰੰਤਰ ਸਤਿ ਹੈ
ਉੱਥੇ ਇਹ ਕਰਤਾ ਪੁਰਖ ਹੈ
ਸਿਰਜਣਹਾਰ ਹੈ
ਪ੍ਰੀਭਾਸ਼ਕ ਨੇ ਅਨੁਭਵਿਆ
ਇਸ ਏਕੇ ਦਾ
ਹਰ ਜੀਵ ਜੰਤ ਦੀ ਦੇਹ ਵਿਚ
ਪ੍ਰਕਾਸ਼ ਹੈ
ਇਹ ਏਕਾ
ਹਰ ਜੀਵ ਜੰਤ ਵਿਚ ਤਕਸੀਮਿਆਂ
ਹੋਇਆ ਹੈ
ਇਕ ਇੱਕਾਈ ਹੈ
ਜੋ ਕੁੱਲ ਬ੍ਰਹਿਮੰਡ ਵਿਚ ਸਮਾਈ ਹੈ

-0-

ਇਹ ਏਕਾ ਜ਼ਰੇ ਜ਼ਰੇ ਵਿਚ ਹੈ
ਅਕਾਸ਼ 'ਚ ਹੈ ਧਰਤ 'ਚ ਹੈ

ਪਤਾਲਾਂ ਬ੍ਰਹਿਮੰਡਾਂ ਖੰਡਾਂ 'ਚ ਹੈ
ਜੋ ਇਸ ਏਕੇ ਦਾ ਅੰਸ਼
ਜੀਵ ਜੰਤੂਆਂ ਵਿਚ ਹੈ
ਤਾਂ ਉਹ ਜ਼ਿੰਦਾ ਹਨ
ਨਹੀਂ ਤਾਂ ਜੀਵਨ ਰਹਿਤ ਮੁਰਦੇ ਹਨ
ਕਬਰਾਂ ਹਨ ਕਬਰਸਤਾਨ ਹਨ

-0-

ਪ੍ਰੀਭਾਸ਼ਕ ਨੇ
ਇਸ ਪ੍ਰਕਿਰਿਆ ਚੋਂ ਜਾਣਿਆ
ਜਿੱਥੇ ਇਹ ਏਕਾ ਨਿਰੰਤਰ ਸਤਿ ਹੈ
ਉੱਥੇ ਇਹ ਸਿਰਜਕ ਕਰਤਾ ਪੁਰਖ ਹੈ
ਏਕ ਉਂਕਾਰ ਹੈ ਸਤਿਨਾਮ ਹੈ
ਇਹ ਸੱਚ ਪ੍ਰੀਭਾਸ਼ਕ ਦੀ
ਸੁਰਤੀ ਵਿਚ ਸਮਾਇਆ ਸੀ
ਇਸ ਸੱਚ ਦਾ ਵਿਗਿਆਨਕ ਰੂਪ
ਪ੍ਰੀਭਾਸ਼ਕ ਨੇ ਸਿਮਰਨ ਤੇ ਭਗਤੀ ਦੇ
ਅਭਿਆਸ ਤੋਂ ਪਾਇਆ ਹੈ

-0-

ਆਰੰਭ ਦੇ ਵਿਚ ਇਹ ਏਕਾ
ਇਕ ਭੇਦ ਸੀ ਇਕ ਰਹੱਸ ਸੀ
ਜਿਉਂ ਜਿਉਂ ਪ੍ਰੀਭਾਸ਼ਕ
ਇਸਦੇ ਅੰਦਰ ਉਤਰਦਾ ਗਿਆ
ਇਹ ਭੇਦ ਪਰਤ-ਦਰ-ਪਰਤ
ਖੁਲ੍ਹਦਾ ਗਿਆ

-0-

ਪ੍ਰਭਾਸ਼ਕ ਨੇ ਜਾਤਾ
ਇਕ ਏਕਾ
ਏਕ ਉਂਕਾਰ ਸਤਿਨਾਮ
ਕਰਤਾ ਪੁਰਖ ਹੈ ਜਿੱਥੇ
ਉਥੇ ਨਿਰਭਉ ਵੀ ਹੈ ਨਿਰਵੈਰ ਵੀ ਹੈ
ਏਕੇ ਦਾ ਇਕ ਹੋਰ ਭੇਦ
ਪ੍ਰੀਭਾਸ਼ਕ ਦੇ ਅੱਗੇ ਖੁਲ੍ਹਿਆ
ਇਸ ਏਕੇ ਦਾ ਨਾ ਕਿਸੇ ਨਾਲ ਵੈਰ ਹੈ
ਨਾ ਇਸ ਨੂੰ ਕਿਸੇ ਦਾ ਭੈਅ ਹੈ
ਕਿਉਂਕਿ ਪ੍ਰੀਭਾਸ਼ਕ ਜਾਣਦਾ ਸੀ
ਇਹ ਏਕਾ ਪਹਿਲਾਂ ਹੀ
ਕਰਤਾ ਪੁਰਖ ਹੈ ਸਿਰਜਣਹਾਰ ਹੈ

-0-

ਸਾਰੀ ਕਾਇਨਾਤ ਸਾਰੀ ਸ੍ਰਿਸ਼ਟੀ
ਸਭਨਾਂ ਜ਼ੀਆਂ ਜੰਤੂਆਂ ਦਾ
ਜੋ ਸਿਰਜਕ ਹੈ
ਉਸਦਾ ਆਪਣੀ ਸਿਰਜਣਾ ਨਾਲ
ਨਾ ਵੈਰ ਹੈ
ਨਾ ਉਸਨੂੰ
ਆਪਣੀ ਸਿਰਜਣਾ ਦਾ ਭੈਅ ਹੈ
ਇਹ ਏਕੇ ਦੇ ਕਰਤਾ ਪੁਰਖ ਹੋਣ ਦੇ ਗੁਣ ਹਨ
ਜਿਨ੍ਹਾਂ ਪ੍ਰੀਭਾਸ਼ਕ ਨੂੰ

ਨਿਰਭੋਉ ਤੇ ਨਿਰਵੈਰ ਏਕੇ ਦਾ
ਵਿਗਿਆਨਕ ਹੋਣ ਦਾ ਸਬੂਤ
ਦਿੱਤਾ ਹੈ

–0–

ਜਿਉਂ ਜਿਉਂ ਇਸ ਏਕੇ ਦਾ ਰਹੱਸ
ਪ੍ਰੀਭਾਸ਼ਕ ਅੱਗੇ ਖੁੱਲ੍ਹਦਾ ਗਿਆ
ਉਹ ਹੋਰ ਵੀ
ਇਸ ਏਕੇ ਅੰਦਰ ਉਤਰਦਾ ਗਿਆ
ਪ੍ਰੀਭਾਸ਼ਕ ਨੇ ਵੇਖਿਆ
ਜਿਥੇ ਇਹ ਏਕਾ
ਏਕ ਉਂਕਾਰ ਸਤਿਨਾਮ
ਕਰਤਾ ਪੁਰਖ ਨਿਰਭੋਉ ਨਿਰਵੈਰ ਹੈ
ਉੱਥੇ ਇਹ ਅਕਾਲ ਮੂਰਤਿ
ਆਜੂੰਨੀ ਸੈਭੰ ਹੈ
ਇਹ ਏਕਾ ਮ੍ਰਿਤਯੂ ਰਹਿਤ ਹੈ
ਆਜੂੰਨਾਂ ਵਿਚ ਨਹੀਂ ਆਉਂਦਾ
ਇਹ ਏਕਾ ਜੀਵਨ ਮੌਤ ਤੋਂ
ਅੱਗੇ ਦਾ ਹੈ ਸੱਚ ਕਹਾਉਂਦਾ

–0–

ਪ੍ਰੀਭਾਸ਼ਕ ਜਾਣਦਾ ਸੀ
ਇਹ ਏਕਾ ਉਹ ਏਕਾ ਹੈ
ਜਿਸ ਜਿਹਾ ਕੋਈ ਹੋਰ ਨਹੀਂ ਹੈ
ਦੁਨੀਆਂ ਦੀ ਹਰ ਵਸਤੂ

ਜਨਮ ਮਰਨ ਦੇ ਚੱਕਰ ਵਿਚ ਹੈ
ਪਰ ਇਹ ਏਕਾ
ਦੁਨੀਆਂ ਦੀ ਹਰ ਵਸਤੂ ਤੋਂ ਵੱਖਰਾ ਹੈ

-0-

ਏਕੇ ਪ੍ਰਤੀ ਪ੍ਰੀਭਾਸ਼ਕ ਦੀ
ਹੋਰ ਵੀ ਰੌਚਕਤਾ ਵਧੀ
ਉਹ ਏਕੇ ਦੇ ਸਿਰ ਤੋਂ ਲੈ ਕੇ
ਪੈਰਾਂ ਤਕ ਉਤਰਨਾ ਚਾਹੁੰਦਾ ਸੀ
ਏਕੇ ਦਾ ਵਜ਼ੂਦ ਸਫ਼ਰ
ਪ੍ਰਭਾਸ਼ਕ ਨੇ
ਚੇਤਨਾ ਤੇ ਆਤਮਕ ਅਭਿਆਸ
ਰਾਹੀਂ ਕੀਤਾ ਸੀ
ਤੇ ਜਾਣਿਆ
ਜਿੱਥੇ ਇਹ ਏਕਾ
ਏਕ ਉਂਕਾਰ ਸਤਿਨਾਮ
ਕਰਤਾ ਪੁਰਖ ਨਿਰਭੋਉ ਨਿਰਵੈਰ
ਅਕਾਲ ਮੂਰਤਿ ਆਜੂੰਨੀ ਸੈਭੰ ਹੈ
ਉੱਥੇ ਇਹ ਗੁਰ ਪ੍ਰਸਾਦਿ ਹੈ

-0-

ਭਾਵ ਇਸ ਏਕੇ ਦੇ ਰਹੱਸ ਨੂੰ
ਜਾਨਣ ਲਈ
ਮੁਕੰਮਲ ਆਤਮਕ ਗੁਰੂ ਤੇ
ਗੁਰੂ ਕ੍ਰਿਪਾ ਦੀ ਲੋੜ ਹੈ
ਜਿਸ ਗੁਰੂ ਨੇ

ਦੇਹ ਤੋਂ ਆਤਮਾ ਪ੍ਰਾਪਤੀ
ਤੇ ਆਤਮਾ ਤੋਂ ਮੁਕਤੀ ਪਾ ਕੇ
ਬ੍ਰਹਮ ਪ੍ਰਾਪਤੀ ਕੀਤੀ ਹੋਵੇ

-0-

ਇਹ ਉਹ ਮੁਕੰਮਲ ਗੁਰੂ ਹੈ
ਜੋ ਇਸ ਭੇਦ ਦੀ ਘੁੰਡੀ ਖੋਲ੍ਹਦਾ ਹੈ
ਪ੍ਰੀਭਾਸ਼ਕ ਨੂੰ ਜਦ ਏਕੇ ਦਾ
ਇੱਥੋਂ ਤਕ ਵਿਗਿਆਨ ਹੋ ਗਿਆ
ਏਕੇ ਦਾ ਸੱਚ ਪ੍ਰਮਾਣ ਹੋ ਗਿਆ
ਇਸ ਪਿੱਛੋਂ ਉਸ ਮਨ ਬਣਾਇਆ
ਇਸ ਏਕੇ ਨੂੰ ਸਿਮਰ ਧਿਆਇਆ
ਜੋ ਆਦਿ ਸੱਚ ਹੈ ਜੁਗਾਦਿ ਸੱਚ ਹੈ
ਜੱਪੁ ਤੋਂ ਲੈ ਕੇ
ਹੋਸੀ ਭੀ ਸੱਚ ਹੈ ਤਕ
ਪ੍ਰੀਭਾਸ਼ਕ ਦਾ
ਇਸੇ ਏਕੇ ਪ੍ਰਤੀ ਉਹ ਵਿਸ਼ਵਾਸ ਹੈ
ਜੋ ਸਿਰਫ਼ ਗਿਆਨ ਰਾਹੀਂ ਨਹੀਂ
ਬਲਕਿ ਵਿਗਿਆਨ ਰਾਹੀਂ
ਮਨੁੱਖੀ ਮਨ ਵਿਚ ਘਰ ਕਰਦਾ ਹੈ
ਜਿਸਦੇ ਸੱਚ ਲਈ ਮਾਨਵ
ਆਪਣਾ ਸਿਰ ਤਲੀ ਧਰਦਾ ਹੈ

-0-

ਪ੍ਰੀਭਾਸ਼ਕ ਨੇ

ਇਸ ਪ੍ਰੀਭਾਸ਼ਾ ਦੇ ਸੱਚ ਦੀ ਹੋਂਦ ਨੂੰ
ਆਪਣੇ ਲਹੂ ਆਪਣੀ ਨਸ ਨਸ
ਆਪਣੇ ਅਨੁਭਵ ਆਪਣੀ ਚੇਤਨਾ
ਆਪਣੀ ਜਗਿਆਸਾ ਵਿਚ
ਸਵਾਸਾਂ ਸੰਗ ਜੀਵਿਆ
ਤੇ ਇਸ ਏਕੇ ਦੀ ਪ੍ਰਾਪਤੀ ਦਾ
ਅੰਮ੍ਰਿਤ ਰੱਜ ਰੱਜ ਕੇ ਪੀਵਿਆ

-0-

ਇਸ ਪ੍ਰੀਭਾਸ਼ਾ ਤੋਂ ਪਹਿਲਾਂ
ਪ੍ਰੀਭਾਸ਼ਕ ਦੇ ਮਨ ਵਿਚ
ਜੋ ਇਸ ਬਾਰੇ ਵਿਚਾਰ ਸੀ
ਆਪਣੀ ਆਤਮਾ ਦਾ ਸੱਚ ਪਾ ਕੇ
ਇਸ ਏਕੇ ਦਾ ਵਜੂਦ ਹੰਢਾ ਕੇ
ਇਸ ਵਿਚ ਵਿਚਰ ਕੇ
ਇਸ ਵਿਚ ਜੀਅ ਕੇ
ਇਸਦੇ ਸੱਚ ਨੂੰ
ਜੋ ਇਸ ਪ੍ਰੀਭਾਸ਼ਾ ਵਿਚ ਹੈ
ਉਸ ਦੇ ਗੁਣਾਂ ਦਾ ਧਾਰਨੀ ਹੋ ਕੇ
ਉਸ ਨੂੰ ਪ੍ਰੀਭਾਸ਼ਤ ਕੀਤਾ ਹੈ

-0-

ਪ੍ਰੀਭਾਸ਼ਕ ਲਈ
ਇਸ ਪ੍ਰੀਭਾਸ਼ਾ ਤੋਂ
ਇਸ ਪ੍ਰੀਭਾਸ਼ਾ ਦੇ ਸੱਚ ਦਾ

ਜਨਮ ਨਹੀਂ ਹੁੰਦਾ
ਬਲਕਿ
ਇਸ ਪ੍ਰੀਭਾਸ਼ਾ ਦੇ ਸੱਚ ਚੋਂ
ਇਸ ਪ੍ਰੀਭਾਸ਼ਾ ਦਾ ਜਨਮ ਹੁੰਦਾ ਹੈ
ਭਾਵ ਇਹੋ ਪ੍ਰੀਭਾਸ਼ਤ ਸੱਚ
ਪ੍ਰਭਾਸ਼ਾ ਦੇ ਹੋਂਦ ਵਿਚ
ਆਉਣ ਤੋਂ ਵੀ ਪਹਿਲਾਂ ਸੀ
ਭਾਸ਼ਾ ਦੇ ਜਨਮ ਤੋਂ ਵੀ ਪਹਿਲਾਂ ਸੀ

–0–

ਜਦ ਕੋਈ ਪ੍ਰੀਭਾਸ਼ਾ
ਹੋਂਦ ਵਿਚ ਆਉਂਦੀ ਹੈ
ਉਸ ਦੇ ਹੋਂਦ 'ਚ ਆਉਣ ਤੋਂ ਪਹਿਲਾਂ
ਭਾਵੇਂ ਉਸਦਾ ਸੱਚ ਕਲਪਤ ਹੋਵੇ
ਭਾਵੇਂ ਸੰਕਲਪਤ
ਪਰ ਉਸ ਪ੍ਰੀਭਾਸ਼ਾ ਦੇ ਜਨਮ ਤਕ
ਉਸਦੇ ਸੱਚ ਦੀ ਕਲਪਣਾ ਤੇ ਸੰਕਲਪ
ਗਿਆਨ ਤੋਂ ਵਿਗਆਨ ਵਿਚ
ਬਦਲ ਜਾਂਦੇ ਹਨ

–0–

ਉਸ ਕਲਪਣਾ ਤੇ ਸੰਕਲਪਣਾ ਦੇ
ਸੱਚ ਦੀ ਪ੍ਰਾਪਤੀ ਤੋਂ ਬਾਅਦ ਹੀ
ਉਸ ਸੱਚ ਦੀ ਪ੍ਰੀਭਾਸ਼ਾ ਜਨਮਦੀ ਹੈ
ਕਿਉਂਕਿ ਉਸ ਸੱਚ ਪਿੱਛੇ

ਮਨੁੱਖੀ ਅਨੁਭਵ ਚੇਤਨਾ ਜਗਿਆਸਾ
ਭਗਤੀ ਸਿਮਰਨ ਜੀਵਨ ਤੇ ਸੁਰਤੀ
ਦੇ ਅਭਿਆਸ ਦਾ ਹੱਥ ਹੁੰਦਾ ਹੈ
ਤਾਂ ਹੀ ਪ੍ਰੀਭਾਸ਼ਾ ਵਿਚ ਵਿਆਖਿਆ ਸੱਚ
ਜਿਉਂਦਾ ਸੱਚ ਹੁੰਦਾ ਹੈ

–0–

ਪ੍ਰੀਭਾਸ਼ਾ
ਕਿਸੇ ਕਲਪਤ ਸੰਕਲਪ ਵਜ਼ੂਦ ਨੂੰ
ਪੇਸ਼ ਨਹੀਂ ਕਰਦੀ
ਸੱਚ ਦੇ ਸੱਚ ਬਿਨਾਂ
ਪ੍ਰੀਭਾਸ਼ਾ ਜਨਮ ਨਹੀਂ ਸਕਦੀ
ਪ੍ਰੀਭਾਸ਼ਾ
ਕਲਪਤ ਤੇ ਸੰਕਲਪਤ
ਸੱਚ ਵਿਚਲੇ ਯਥਾਰਥ ਨੂੰ
ਪ੍ਰੀਭਾਸ਼ਤ ਕਰਦੀ ਹੈ
ਅਰਥਾਂ ਦਾ ਸੱਚ
ਸ਼ਬਦਾਂ ਵਿਚ ਮਾਨਵ ਦੀ ਤਲੀ
ਧਰਦੀ ਹੈ

------

# ਆਤਮ ਮੋਕਸ਼ ਤੇ
# ਸ਼ੂਨਯ ਪ੍ਰਭੂ ਦੀ ਪ੍ਰਾਪਤੀ

ਜੀਵ ਆਤਮਾ
ਜਦ ਬ੍ਰਹਮ ਦੀ ਸਰਦਲ
ਲੰਘ ਜਾਂਦੀ ਹੈ
ਸ਼ੂਨਯ ਪ੍ਰਭੂ ਦੇ ਨਿਰਗੁਣ ਰੰਗ 'ਚ
ਰੰਗੀ ਜਾਂਦੀ ਹੈ
ਸ਼ੂਨਯ ਪ੍ਰਭੂ
ਸਰਗੁਣ ਵੀ ਹੈ ਨਿਰਗੁਣ ਵੀ ਹੈ
ਸ਼ੂਨਯ ਪ੍ਰਭੂ
ਆਪਣੀ ਪ੍ਰਕਿਰਤੀ
ਆਪਣੀ ਸ੍ਰਿਸ਼ਟੀ ਦੇ ਜ਼ਰੇ ਜ਼ਰੇ
ਵਿਚ ਮੌਜੂਦ ਹੈ
ਇਹ ਰੂਪ
ਸ਼ੂਨਯ ਪ੍ਰਭੂ ਦਾ ਸਰਗੁਣ ਸਰੂਪ ਹੈ

-0-

ਜੀਵ
ਆਤਮਾ ਦੀ ਤ੍ਰਿਸ਼ਨਾ ਬਾਰੇ
ਜਾਨਣ ਦੀ ਕੋਸ਼ਿਸ਼ ਕਰਦਾ ਹੈ
ਉਸ ਕੁੱਖ ਨੂੰ ਜਾਨਣ ਲਈ ਚਿੰਤਕ ਹੈ
ਜਿਸ ਚੋਂ ਆਤਮਾ ਆਈ ਹੈ

ਜੋ ਆਤਮਾ ਦਾ ਸੱਚ ਹੈ
ਜਿਸ ਵਿਚ ਮੁੜ ਸਮਾਈ ਹੈ

-0-

ਜਿੱਥੇ ਜੀਵ
ਆਪਣੀ ਚੇਤਨਾ ਤੇ ਸਿਮਰਨ ਰਾਹੀਂ
ਆਤਮ ਜੋਤੀ ਤੇ
ਆਪਣਾ ਧਿਆਨ ਟਿਕਾਉਂਦਾ ਹੈ
ਉੱਥੇ ਜੀਵ
ਆਪਣੀ ਚੇਤਨਾ ਤੇ ਸਿਮਰਨ
ਅਭਿਆਸ ਦੇ ਰਾਹੀਂ
"ਸੋਹੰਸੋ"
(ਜਿਸਦਾ ਭਾਵ ਹੈ ਉਹ ਮੈਂ ਹਾਂ, ਮੈਂ ਉਹ ਹਾਂ)
ਸ਼ਬਦ ਧਿਆਉਂਦਾ ਹੈ

-0-

ਇਸ ਸਿਮਰਨ ਅਭਿਆਸ ਦੇ ਸਦਕਾ
ਜੀਵ ਆਤਮਾ ਦਾ ਅਕਾਰ
ਅਕਾਰ ਰਹਿਤ ਹੁੰਦਾ
ਅਨੁਭਵਿਆ ਜਾਂਦਾ ਹੈ
ਇਸ ਅਕਾਰ ਰਹਿਤਤਾ ਚੋਂ ਹੀ
ਮਹਾਂਪੁਰਖ
ਉਸ ਸ਼ੂਨਯ ਪ੍ਰਭੂ ਦਾ ਸਤਿ ਜਾਤਾ ਹੈ

-0-

ਇਹ ਅਕਾਰ ਰਹਿਤ ਪ੍ਰਕਿਰਿਆ
ਆਤਮਾ ਦੀ ਆਤਮਾ ਤੋਂ ਮੁਕਤੀ
ਤੇ ਆਤਮਾ ਦੀ

ਬ੍ਰਹਮ ਪ੍ਰਾਪਤੀ ਦਾ ਸੰਕੇਤ ਹੈ
ਨਾ ਕਿਸੇ ਰਿਸ਼ੀ ਮੁਨੀ ਨੇ
ਨਾ ਕਿਸੇ ਸਾਧ ਸੰਤ ਨੇ
ਉਸ ਅਕਾਲ ਪੁਰਖ ਨੂੰ ਵੇਖਿਆ ਹੈ
ਨਾ ਉਸ ਦਾ ਦੀਦਾਰ ਕੀਤਾ ਹੈ

—0—

ਆਤਮਾ ਦੀ ਤ੍ਰਿਸ਼ਨਾ ਪੂਰਤੀ ਹੀ
ਉਸ ਸ਼ੂਨਯ ਪ੍ਰਭੂ ਦੇ ਵਜੂਦ ਤੇ
ਗੁਣਾਂ ਦਾ ਗਿਆਨ ਹੈ
ਜੋ ਮਨੁੱਖੀ ਚੇਤਨਾ ਨੂੰ ਹੁੰਦਾ ਹੈ
ਇਹ ਗਿਆਨ
ਮਨੁੱਖ ਜਿਉਂਦੇ ਜੀਅ ਹਾਸਲ
ਕਰਦਾ ਹੈ
ਬ੍ਰਹਮ ਕੀ ਹੈ ਜਾਣ ਸਕਦਾ ਹੈ
ਬ੍ਰਹਮ ਹੈ ਕੀ
ਇਹ ਜਾਣ ਨਹੀਂ ਸਕਦਾ

—0—

ਸਰਦਲ ਤੋਂ ਉਰਾਂ
ਸਭ ਸਰਗੁਣ ਸਰੂਪ ਹੈ
ਸਰਦਲ ਤੋਂ ਪਾਰ
ਸ਼ੂਨਯ ਪ੍ਰਭੂ ਰੂਪ ਹੈ
ਇਕ ਨਿਰੰਤਰ ਇਕਾਂਤ ਹੈ
ਇਕ ਖ਼ਾਮੋਸ਼ੀ ਇਕ ਸੁੰਨਤਾ ਹੈ

ਇਕ ਅਫੁਰ ਸ਼ੂਨਯ ਅਬਾਦ ਹੈ
ਇਹ ਅਕਾਰ ਰਹਿਤਤਾ
ਸ਼ੂਨਯ ਮੰਡਲ ਹੈ
ਜਿਸ ਵਿਚ ਸ਼ੂਨਯ ਪ੍ਰਭੂ ਦਾ ਪਸਾਰਾ ਹੈ
ਪਰ ਇਹ
ਸ਼ੂਨਯ ਪ੍ਰਭੂ ਸਿਰਜਣਹਾਰਾ ਹੈ

–0–

ਉੱਥੇ ਆਦਿ ਨਿਰੰਜਨ ਪ੍ਰਭੂ ਕਰੇ ਆਨੰਦਾ
ਜੋ ਬ੍ਰਹਿਮੰਡੇ ਸੋਹੀ ਪਿੰਡੇ
ਜੈਸਾ ਹੋਵੇ ਤੈਸਾ ਦਿੱਸੇ
ਸੋਹੰਸੋ ਦਾ ਜਿੱਥੇ ਹੈ ਜਾਪ
ਉੱਥੇ ਵਸੇ ਸ਼ੂਨਯ ਪ੍ਰਭੂ ਆਪ
ਜੋ ਆਤਮ ਜੋਤ ਦੇ ਵਿਚ ਸਮਾਇਆ ਹੈ
ਗੁਰੂ ਕ੍ਰਿਪਾ ਉਹ ਸਮਝੀਂ ਆਇਆ ਹੈ

–0–

ਹਿਰਦੇ ਸ਼ੂਨਯ ਵਸਾਵੇ ਜੋ ਵੀ
ਜੋ ਬੋਲੇ ਉਹ ਸ਼ੂਨਯ ਹੋਵੀ
ਸ਼ੂਨਯ ਸਿਮਰੇ ਸਹਿਜ ਧੁਨਿ ਉਪਜੇ
ਮਨ ਸੱਚੇ ਲਿਵ ਲਾਈ
ਸਮਰਥ ਸੰਪੂਰਨ ਸ਼ੂਨਯ ਦਾਤਾ
ਗੁਰਮੁਖ ਮਨ ਵਸਾਈ

–0–

ਸ਼ੂਨਯ ਪ੍ਰਭੂ ਸਭ ਜਗ ਵਰਤੇ
ਪਰ ਵਿਰਲਾ ਕੋਈ ਜਾਣੇ

ਸ਼ੂਨਯ ਪ੍ਰਭੂ ਵਸੇ ਜਿਸ ਹਿਰਦੇ
ਉਹ ਸਰਬ ਵਿਆਪਕ ਸੱਚ
ਪਹਿਚਾਣੇ
ਜਿਸ ਤੇ ਨਦਰਿ ਕਰੇ ਸ਼ੂਨਯ ਪ੍ਰਭੂ
ਉਹ ਭਾਣਾ ਪ੍ਰਭੂ, ਦਾ ਜਾਣੇ

-0-

ਸ਼ੂਨਯ ਮੰਡਲ ਵਿਚ
ਅਨੇਕਾਂ ਸੂਰਜ ਮੰਡਲ ਸਿਤਾਰੇ
ਅਨੇਕਾਂ ਦੇਵੀ ਦੇਵ ਰਾਜ ਦੁਲਾਰੇ
ਅਨੇਕਾਂ ਧਰਤ ਅਕਾਸ਼ ਪਤਾਲ
ਅਨੇਕਾਂ ਮੁਖ ਜੱਪਦੇ ਗੋਪਾਲ
ਅਨੇਕਾਂ ਸ਼ਾਸਤਰ ਵੇਦ ਪੁਰਾਣ
ਅਨੇਕਾਂ ਸੁਣਤੇ ਅਨੇਕਾਂ ਵਿਖਿਆਨ
ਸਭਨਾਂ ਵਿਚ ਪੂਰਨ
ਨਿਰੰਜਨ ਭਗਵਾਨ
ਇਹ ਸਭ ਸ਼ੂਨਯ ਵਿਚ ਸਮਾਇਆ ਹੈ
ਸਰਗੁਣ ਤੋਂ
ਜਿਸ ਨਿਰਗੁਣ ਰੂਪ ਵਟਾਇਆ ਹੈ

-0-

ਬੇਅੰਤ ਧਰਮ ਰਾਜ
ਬੇਅੰਤ ਧਨੀ ਕੁਬੇਰ

ਬੇਅੰਤ ਜਲ ਦੇ ਦੇਵਤੇ
ਬੇਅੰਤ ਸੋਨੇ ਦੇ ਪਰਬਤ ਸੁਮੇਰ
ਬੇਅੰਤ ਕੁਦਰਤ
ਬੇਅੰਤ ਸ੍ਰਿਸ਼ਟੀਆਂ ਦੇ ਢੇਰ
ਅਨੇਕਾਂ ਰੂਪ ਆਖੰਡ ਬ੍ਰਹਿਮੰਡ
ਅਨੇਕਾਂ ਰੁੱਖ ਜੰਗਲ ਪਹਾੜ

-0-

ਇਹ ਸ਼ੂਨਯ ਹੀ ਸੰਚਖੰਡ ਹੈ
ਕਰੋੜਾਂ ਰਾਗ ਰਾਗਨੀਆਂ ਧੁੰਨਾਂ
ਸੁਰਾਂ ਸਾਜ਼ਾਂ ਸੰਗੀਤ ਦਾ
ਇਸ ਵਿਚ ਡੇਰਾ ਹੈ
ਇਹ ਇਨ੍ਹਾਂ ਵਸੀਹ ਤੇ ਵਿਸ਼ਾਲ ਹੈ
ਕੋਈ ਵੀ
ਇਸਦਾ ਅੰਤ ਪਾ ਨਹੀਂ ਸਕਦਾ
ਕਿਸੇ ਵੀ ਤੀਸਰੀ ਅੱਖ ਦੀ
ਦ੍ਰਿਸ਼ਟੀ 'ਚ ਇਹ ਸਮਾ ਨਹੀਂ ਸਕਦਾ

-0-

ਇਸ ਵਿਚ ਕਈ ਤਰ੍ਹਾਂ ਦੇ ਜੀਵਨ ਹਨ
ਹਰ ਚੀਜ਼ ਬ੍ਰਹਮ ਦੇ ਹੁਕਮ ਵਿਚ ਹੈ
ਇਹ ਸ਼ੁਨਯ ਸੱਚ ਖੰਡ ਹੈ
ਇਸ ਵਿਚ ਸ਼ੂਨਯ ਪ੍ਰਭੂ
ਅਕਾਲ ਪੁਰਖ ਦਾ ਵਸੇਰਾ ਹੈ

ਦੁਨੀਆਂ ਦੇ ਦਾਤੇ ਦਾ ਡੇਰਾ ਹੈ
ਅਕਾਲ ਪੁਰਖ ਖੀਵਾ ਹੁੰਦਾ ਹੈ
ਆਪਣੀ ਸਿਰਜਣਾ ਨੂੰ ਵੇਖ ਕੇ
ਆਪੇ ਚੋਂ ਸਿਰਜਣਾ
ਸਿਰਜਣਾ ਚੋਂ ਆਪਾ ਪੇਖ ਕੇ

-0-

ਇਸ ਸੱਚਖੰਡ ਵਿਚ
ਜੋਤ ਦੀ ਭੱਠੀ ਹੈ
ਧੀਰਜ ਦਾ ਸੁਨਿਆਰ ਹੈ
ਅਕਲ ਦੀ ਅਹਿਰਣ
ਟੇਕ ਦਾ ਹਥਿਆਰ ਹੈ
ਡਰ ਦੀ ਧੌਂਖਣੀ
ਤਪੱਸਿਆ ਦੀ ਅੱਗ ਹੈ
ਪ੍ਰੇਮ ਦਾ ਭਾਂਡਾ ਹੈ
ਜਿਸ ਵਿਚ ਅੰਮ੍ਰਿਤ ਝਰ ਰਿਹਾ ਹੈ
ਇਸ ਸੱਚੀ ਟਕਸਾਲ ਦੇ ਵਿਚ
ਸ਼ਬਦ ਘੜੀ ਦਾ ਹੈ
ਹਰੀ ਦਾ ਨਾਮ ਸੁਣੀ ਦਾ ਹੈ
ਹਰੀ ਦਾ ਨਾਮ ਪੜ੍ਹੀ ਦਾ ਹੈ

-0-

ਇਹ ਸਭ ਕੁਝ
ਉਸ ਅਕਾਰ ਰਹਿਤ ਸ਼ੂਨਯ 'ਚ
ਸਮਾਇਆ ਹੈ

ਜਿਸ ਦੀ ਅਭੀ ਵਿਅਕਤੀ
ਤੇ ਅਹਿਸਾਸ
ਦੁਨੀਆਂ ਦੀ
ਕਿਸੇ ਵੀ ਪੈਂਤੀ ਅੱਖਰੀ ਦੀ
ਜ਼ੁਬਾਨ ਤੇ ਨਾ ਆਏਗਾ
ਨਾ ਆਇਆ ਹੈ

–0–

ਉਹ ਅਦਿਸ ਸ਼ੂਨਯ ਪ੍ਰਭੂ
ਵਿਚਰੇ ਸਭ ਸੰਸਾਰ
ਅਨੇਕਾਂ ਯੁਗ ਅਨੇਕਾਂ ਦਿਨ ਰਾਤ
ਅਨੇਕਾਂ ਵਾਰੀ ਜਗਤ ਉਪਾਏ
ਅਨੇਕਾਂ ਵਾਰ ਕਰੇ ਵਿਨਾਸ਼
ਉਸ ਦੀ ਬੁੱਕਲੇ
ਅਨੇਕਾਂ ਜੀਵ ਜੰਤੂ ਹਨ
ਹਰ ਜੀਵ ਵਿਚ ਉਸਦਾ ਵਾਸ
ਇਹ ਸਭ
ਸ਼ੂਨਯ ਵਿਚ ਸਮਾਇਆ ਹੈ
ਸਰਗੁਣ ਤੋਂ
ਜਿਸ ਨਿਰਗੁਣ ਰੂਪ ਵਟਾਇਆ ਹੈ

–0–

ਅਣਗਿਣਤ ਮਾਇਆ
ਅਣਗਿਣਤ ਲਲਿਤ ਕਲਾ ਸੰਗੀਤ
ਪਰ ਸ਼ੂਨਯ ਪ੍ਰਭੂ ਸਦਾ ਗੁਰਮੁਖਾਂ ਸੰਗ

ਗੁਰਮੁਖ ਰੰਗੇ ਉਸਦੇ ਰੰਗ
ਅਨੇਕਾਂ ਅਨਹਦਾਂ ਦੀ ਝਣਕਾਰ
ਪਰ ਸ਼ੂਨਯ ਪ੍ਰਭੂ ਦਾ ਆਨੰਦ ਹੈ
ਅਪਰਮਪਾਰ

-0-

ਸ਼ੂਨਯ ਪ੍ਰਭੂ ਹੈ ਸੱਚਾ
ਸੱਚਾ ਹੈ ਜਿਸਦਾ ਅਸਥਾਨ
ਜੋ ਆਪਣੀ ਕੀਤੀ ਆਪੇ ਜਾਣੇ
ਜਿਸਦਾ ਭੇਦ ਨਾ ਕੋਈ ਬਖਾਣੇ
ਜਿਸ ਤੇ ਕਰੇ ਕ੍ਰਿਪਾ ਉਹ ਸਾਈਂ
ਆਤਮ ਤ੍ਰਿਸ਼ਨਾ
ਉਹ ਸਮਝੀਂ ਆਈ
ਅਭਾਵ ਸੂਚਕ ਨਿਰੰਜਨ
ਅਫੁਰ ਸ਼ੂਨਯ ਦਾ ਸੱਚ
ਉਹ ਮਾਨਵ ਪਾਈ

-0-

ਜੀਵ ਨੂੰ ਜਾਪੇ ਸ਼ੂਨਯ ਪ੍ਰਭੂ ਦੂਰ ਹੈ
ਪ੍ਰਭੂ ਸਦਾ ਜੀਵ ਹਜ਼ੂਰ ਹੈ
ਜੀਵ ਨੇ ਕਦੀ ਨਾ ਸਵੈ ਨੂੰ ਜਾਤਾ
ਨਾ ਹੀ ਸਵੈ ਨੂੰ ਮਿੱਤਰ ਬਣਾਇਆ
ਜਿਸ ਸਵੈ ਨਾਲ ਜਨਮ ਮਰਨ ਦਾ
ਸਫ਼ਰ ਹੰਢਾਇਆ

ਸਵੈ ਸੰਗ ਮਾਨਵ ਜੇ ਚਿੱਤ ਜੋੜੇ
ਤਾਂ ਭਵਸਾਗਰ ਨੂੰ ਤਰ ਸਕਦਾ ਹੈ
ਜਿਸਦੀ ਮਿੱਤਰਤਾ ਸੰਗ ਮਾਨਵ
ਰਹਿਮਤਾਂ ਨਿਹਮਤਾਂ ਨਾਲ ਆਪਾ
ਭਰ ਸਕਦਾ ਹੈ

–0–

ਜੋ ਮਾਨਵ ਦੇ ਅੰਗ ਸੰਗ ਵਸਦਾ ਹੈ
ਜਿਸਦਾ ਦੀਵਾ
ਹਰ ਮਾਨਵ ਦੇ ਮੱਥੇ ਵਿਚ ਜਗਦਾ ਹੈ
ਉਸ ਸੱਚੇ ਮਿੱਤ੍ਰ ਨੂੰ
ਮਾਨਵ ਭੁਲ ਗਿਆ ਹੈ
ਮੋਹ ਮਾਇਆ ਦੇ ਜਾਲ 'ਚ ਫਸ ਕੇ
ਮਿੱਟੀ ਦੇ ਵਿਚ ਰੁਲ ਗਿਆ ਹੈ

–0–

ਜੇ ਚਾਹੁੰਦਾ ਤਾਂ ਮਾਨਵ
ਸਵੈ ਨੂੰ ਮਿੱਤਰ ਬਣਾ ਸਕਦਾ ਸੀ
ਉਸਦੀ ਖਿਦਮਤ ਕਰਕੇ
ਦਰਗਾਹੇ ਪਦਵੀ ਪਾ ਸਕਦਾ ਸੀ
ਪ੍ਰਭੂ ਬੇਅੰਤ ਹੈ
ਜੋ ਜੀਵਾਂ ਦੇ ਔਗੁਣ ਵਿਚਾਰਦਾ ਨਹੀਂ ਹੈ
ਗੁਨਾਹਗਾਰਾਂ ਨੂੰ ਵੀ ਗਲ ਨਾਲ
ਲਾਉਂਦਾ ਹੈ
ਦੁਰਕਾਰਦਾ ਨਹੀਂ ਹੈ
ਸਰਗੁਣ ਹੀ ਮੁਕਤੀ ਪਾ ਕੇ
ਨਿਰਗੁਣ ਰੂਪ ਹੋ ਜਾਂਦਾ ਹੈ

ਆਪਣੀ ਪਹਿਚਾਣ ਮਿਟਾ ਕੇ
ਪ੍ਰਭੂ ਪਹਿਚਾਣ ਹੋ ਜਾਂਦਾ ਹੈ

-0-

ਮੁਕਤੀ ਪਾ ਕੇ ਮਾਨਵ ਨੂੰ
ਜਨਮ ਮਰਨ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਸਭ ਤੋਂ ਮੁਕਤੀ ਮਿਲ ਜਾਂਦੀ ਹੈ
ਮਾਨਵ ਦਾ ਵਿਚਰਨ ਧਰਾਤਲ
ਤੇ ਦੁਨੀਆਂ ਦਾ ਕਾਰੋਬਾਰ
ਧਰਮ ਸਮਾਜ ਰਾਜਨੀਤੀ
ਚਿੰਤਨ ਦਰਸ਼ਨ ਬੋਧ ਵਿਚਾਰ
ਸਭ ਦੀ ਰੂਪ ਰੇਖਾ ਤੇ ਦ੍ਰਿਸ਼ਟੀ
ਬਦਲ ਜਾਂਦੀ ਹੈ

-0-

ਪ੍ਰਭੂ ਸਿਮਰਨ ਸੰਗ
ਮਾਨਵ ਨੂੰ ਮੁਕਤੀ ਮਿਲ ਜਾਂਦੀ ਹੈ
ਨਾ ਪਰਿਵਾਰ ਨਾ ਘਰ ਬਾਹਰ
ਪਤਨੀ ਬੱਚੇ ਨਾ ਰਿਸ਼ਤੇਦਾਰ
ਨਾ ਮਿੱਤਰ ਨਾ ਆਂਢ-ਗੁਆਂਢ
ਸਭ ਦੀ ਚਿੰਤਾ ਮੁਕ ਜਾਂਦੀ ਹੈ
ਮੋਹ ਮਾਇਆ ਤੋਂ ਪੱਲਾ ਛੁਟ ਜਾਂਦਾ ਹੈ
ਰੋਜ਼ਾਨਾ ਜੀਵਨ ਦੀ ਚਿੰਤਾ ਦਾ
ਰੌਲਾ ਮੁਕ ਜਾਂਦਾ ਹੈ
ਨਾ ਬੀਤੀ ਉਮਰ ਦਾ ਪਛਤਾਵਾ
ਨਾ ਅੱਜ ਦਾ

ਨਾ ਆਉਣ ਵਾਲੇ ਦਿਨ ਦਾ ਫ਼ਿਕਰ
ਸਭ ਕੁੱਝ ਪਿੱਛੇ ਰਹਿ ਜਾਂਦਾ ਹੈ

–0–

ਸਰਦਲ ਤੋਂ ਪਾਰ
ਸ਼ੂਨਯ ਪ੍ਰਭੂ ਦਾ ਉਹ ਰੂਪ ਹੈ
ਜੋ ਅਰਬਾਂ ਖਰਬਾਂ ਸਾਲ ਪਹਿਲਾਂ ਸੀ
ਧੁੰਧੂਕਾਰਾ ਸੀ
ਨਿਰੰਜਨ ਦਾ ਹਰ ਥਾਂ ਪਸਾਰਾ ਸੀ
ਨਾ ਧਰਤੀ ਨਾ ਅੰਬਰ ਸੀ
ਬਸ ਅਫੁਰ ਦਾ ਵਰਤਾਰਾ ਸੀ
ਨਾ ਦਿਨ ਨਾ ਰਾਤ
ਨਾ ਚੰਨ ਨਾ ਸੂਰਜ ਤਾਰੇ
ਹਰ ਥਾਂ ਸ਼ੂਨਯ ਦੇ ਪਸਾਰੇ

–0–

ਸੁੰਨ ਸਮਾਧੀ ਸ਼ੂਨਯ ਪ੍ਰਭੂ
ਧਾਰੀ ਸੀ
ਨਾ ਜਗਤ ਰਚਨਾ ਨਾ ਜੀਵ ਜੰਤ
ਨਾ ਹਵਾ ਅੱਗਣ ਨਾ ਪਾਣੀ ਸੀ
ਸਰਦਲ ਤੋਂ ਪਾਰ
ਅਜਿਹੀ ਸ਼ੂਨਯ ਦਾ ਹੈ ਵਿਸਥਾਰ
ਸ਼ੂਨਯ ਹੀ ਸ਼ੂਨਯ ਹਰ ਥਾਂ
ਸ਼ੂਨਯ ਬਿਨ ਕੁਝ ਨਹੀਂ ਸਾਕਾਰ

–0–

ਨਾ ਉਤਪੱਤੀ ਨਾ ਹੀ ਪਰਲੋ
ਨਾ ਹੀ ਜਨਮ ਮਰਨ ਅਵੱਸਥਾ
ਨਾ ਸ੍ਰਿਸ਼ਟੀ ਨਾ ਅਖੰਡ ਪਤਾਲ
ਨਾ ਸਾਗਰ ਨਾ ਜੰਗਲ ਪਹਾੜ
ਨਾ ਜਗਤ ਨਾ ਜਗਤ ਜੰਜਾਲ
ਸਭ ਥਾਂ ਸ਼ੂਨਯ ਦਾ ਅਕਾਰ
ਜ਼ਰੇ ਜ਼ਰੇ ਵਿਚ ਉਜਾਗਰ
ਸ਼ੂਨਯ ਪ੍ਰਭੂ ਆਪ
ਨਾ ਮਾਤ ਸਵਰਗ ਲੋਕ ਪਤਾਲ
ਸਰਦਲ ਤੋਂ ਪਾਰ
ਅਜਿਹੀ ਸ਼ੂਨਯ ਦਾ ਹੈ ਵਿਸਥਾਰ
ਸ਼ੂਨਯ ਹੀ ਸ਼ੂਨਯ ਹਰ ਥਾਂ
ਸ਼ੂਨਯ ਬਿਨ ਕੁਝ ਨੀਂ ਸਾਕਾਰ

-0-

ਨਾ ਦੋਜ਼ਖ ਨਾ ਬਹਿਸ਼ਤ
ਨਾ ਜੀਵਨ ਨਾ ਕਾਲ
ਨਾ ਵਿਸ਼ਨੂੰ ਨਾ ਬ੍ਰਹਮ ਮਹੇਸ਼
ਹਰ ਥਾਂ ਸ਼ੂਨਯ ਹੀ ਸ਼ੂਨਯ
ਸ਼ੂਨਯ ਸ਼ੂਯਨ ਦਾ ਹੀ ਵਾਸ
ਸ਼ੂਨਯ ਪ੍ਰਭੂ ਬਿਨ ਹੋਰ ਨਾ ਕੋਈ
ਇਕੋ ਸ਼ੂਨਯ ਸਭ ਥਾਂ ਹੋਈ

-0-

ਨਾ ਔਰਤ ਨਾ ਕੋਈ ਮਰਦ
ਨਾ ਕੋਈ ਜਾਤ ਨਸਲ ਨਾ ਧਰਮ
ਨਾ ਕੋਈ ਦੁੱਖ ਨਾ ਭੋਗਣਹਾਰਾ
ਨਾ ਕੋਈ ਜਤੀ ਸਤੀ ਤਿਆਗੀ
ਨਾ ਕੋਈ ਨਾਮ ਜੱਪਤ ਨਾ ਰਾਗੀ
ਨਾ ਕੋਈ ਸਾਧ ਸੰਤ ਨਾ ਗ੍ਰਿਸਤੀ
ਹਰ ਥਾਂ ਸ਼ੂਨਯ ਹੀ ਸ਼ੂਨਯ ਦਿਸਦੀ
ਸਰਦਲ ਤੋਂ ਪਾਰ
ਅਜਿਹੀ ਸ਼ੂਨਯ ਦਾ ਹੈ ਵਿਸਥਾਰ
ਸ਼ੂਨਯ ਹੀ ਸ਼ੂਨਯ ਹਰ ਥ਼ਾਂ
ਸ਼ੂਨਯ ਬਿਨ ਕੁਝ ਨਹੀਂ ਸਾਕਾਰ

–0–

ਨਾ ਕੋਈ ਮੰਦਰ
ਨਾ ਠਾਕੁਰ ਨਾ ਪੂਜਾ
ਸ਼ੂਨਯ ਬਿਨ ਕੋਈ ਹੋਰ ਨਾ ਦੂਜਾ
ਸ਼ੂਨਯ ਸਰਬਵਿਆਪਕ
ਜਿਸ ਵਿਚ ਆਦਿ ਅੰਤ ਮੱਧ
ਸਮਾਏ
ਇਹ ਸ਼ੂਨਯ ਆਪੇ ਬੋਲੇ
ਆਪੇ ਵੇਖੇ ਆਪੇ ਸੁਣੇ ਸੁਣਾਏ

–0–

ਨਾ ਮੌਸਮ ਨਾ ਰੁੱਤ ਬਹਾਰ
ਨਾ ਪੰਛੀ ਨਾ ਪਸ਼ੂ ਨਾ ਜੀਵ
ਨਾ ਜੰਤੂਆਂ ਦਾ ਸੰਸਾਰ

ਨਾ ਫੁੱਲ ਰੰਗ ਨਾ ਮਹਿਕ
ਸ਼ੂਨਯ ਪਸਰੀ ਬਸ ਹਰ ਥਾਂ ਏਕ
ਜਦ ਸ਼ੂਨਯ ਪ੍ਰਭੂ ਨੇ ਆਪਾ ਸਿਰਜਿਆ
ਤਾਂ ਹੋਰ ਕੋਈ ਨਹੀਂ ਸੀ
ਆਪੇ ਸਲਾਹ ਮਸ਼ਵਰਾ ਕਰਦਾ
ਬਸ ਇਕ ਉਹੀ ਸੀ
ਜੋ ਕਰਦਾ ਸੀ ਉਹ ਹੁੰਦਾ ਸੀ
ਸ਼ੂਨਯ ਪ੍ਰਭੂ ਬਿਨ
ਕੋਈ ਵਸਤੂ ਨਹੀਂ ਸੀ ਉਤਪਨ ਹੋਈ
ਸ਼ੂਨਯ ਬਿਨ ਹੋਰ ਨਹੀਂ ਸੀ ਦੂਜਾ ਕੋਈ

-0-

ਅੰਕਾਰ ਰਹਿਤ ਸ਼ੂਨਯ ਪ੍ਰਭੂ ਸੀ
ਆਪਣੇ ਆਪ ਮੌਜੂਦ
ਸ਼ੂਨਯ ਬਿਨਾਂ ਨਹੀਂ ਸੀ
ਹੋਰ ਕੋਈ ਵਜੂਦ
ਨੈਣ ਨਕਸ਼ ਜਦ ਜਗਤ ਨੇ
ਨਹੀਂ ਸੀ ਧਾਰੇ
ਪਾਪ ਪੁੰਨ ਤਦ ਕਿਸ ਦੇ ਸੀ ਵਿਚਾਰੇ

-0-

ਜਦ ਸ਼ੂਨਯ ਪ੍ਰਭੂ
ਸ਼ੂਨਯ ਅਵਸਥਾ ਵਿਚ

ਆਪ ਸਮਾਧੀ ਲਾਈ
ਤਕ ਵੈਰ ਵਿਰੋਧ ਕਿਸ ਦੇ ਸੀ ਭਾਈ
ਜਗਤ ਦਾ
ਜਦ ਨਾ ਵਜੂਦ ਨਾ ਰੰਗ ਰੂਪ ਸੀ
ਕੁਦਰਤ ਦਾ ਨਾ ਕੋਈ ਸਰੂਪ ਸੀ
ਜਦ ਸ਼ੂਨਯ ਪ੍ਰਭੂ ਆਪਣੇ ਆਪ ਸੀ
ਤਦ ਮੋਹ ਭਰਮ ਭੁਲੇਖਿਆਂ ਦਾ
ਨਾ ਕੋਈ ਸਵਾਲ ਸੀ
ਜਗਤ ਖੇਡ ਪ੍ਰਭੂ ਆਪ ਬਣਾਈ
ਜਗਤ ਖੇਡ ਦਾ ਦਾਤਾ ਸੀ ਹੋਰ ਨਾ ਕੋਈ

-0-

ਜਦ ਦਾਤਾ ਸੀ
ਆਪਣੇ ਰੂਪ ਆਪ ਸਮਾਇਆ
ਤਾਂ ਜਨਮ ਮਰਨ ਨਹੀਂ ਸੀ
ਹੋਂਦ 'ਚ ਆਇਆ
ਜਦ ਪੂਰਨ ਪ੍ਰਮੇਸ਼ਵਰ ਸੀ
ਆਪ ਸੁਹਾਵਾ
ਤਦ ਮੌਤ ਭੈਅ ਨਹੀਂ ਜਨਮ ਸੀ
ਪਾਇਆ
ਜਦ ਅਦਿਸ ਅਗੋਚਰ ਪ੍ਰਭੂ
ਆਪ ਅਧਾਰਾ
ਤਦ ਚਿੱਤਰਗੁਪਤ ਕੌਣ ਸੀ
ਪੁੱਛਣ ਵਾਲਾ

-0-

ਜਦ ਮਾਇਆ ਰਹਿਤ
ਅਥਾਹ ਅਗੋਚਰ ਪ੍ਰਭੂ ਸੀ ਮੇਰਾ
ਤਾਂ ਕੌਣ ਮਾਇਆ ਮੁਕਤ ਸੀ
ਕਿਸ ਨੂੰ ਸੀ ਮਾਇਆ ਬੰਧਨ ਦਾ ਘੇਰਾ
ਤਾਂ ਵੇਦ ਕਤੇਬਾਂ ਕੌਣ
ਵਿਚਾਰਨ ਵਾਲਾ ਸੀ
ਜਦ ਪ੍ਰਭੂ ਆਪ ਆਪਾ
ਆਪਣੇ ਵਿਚ ਟਿਕਾਈ ਬੈਠਾ ਸੀ
ਤਦ ਚੰਗੇ ਮੰਦੇ ਸ਼ਗਨਾਂ ਨੂੰ
ਕਿਹੜਾ ਸੋਚਣ ਵਾਲਾ ਸੀ

-0-

ਜਦ ਪ੍ਰਭੂ ਆਪੇ ਦਰਪਣ
ਆਪੇ ਤਲ ਸੀ
ਤਾਂ ਕੌਣ ਮਾਲਿਕ ਸੀ
ਕੌਣ ਸੇਵਕ ਸੀ
ਪ੍ਰਭੂ ਆਪਣੀ ਗਤੀ
ਜਦ ਆਪੇ ਜਾਣਦਾ ਸੀ
ਤਦ ਲੋੜ ਸਮੇਂ ਦੀ ਕਿਸਨੂੰ ਸੀ
ਜਿਸ ਅਵਸਥਾ ਵਿਚ
ਪ੍ਰਭੂ ਆਪਣਾ ਆਪ ਅਡੋਲ
ਅਭਿਨਾਸ਼ੀ ਆਭੇਦ ਟਿੱਕਾਇਆ
ਉੱਥੇ ਮਾਇਆ
ਕਿਸਨੂੰ ਪੋਹ ਸਕਦੀ ਸੀ

-0-

ਸ਼ੂਨਯ ਪ੍ਰਭੂ
ਜਦ ਸਵੈ ਨੂੰ ਹੀ ਨਿਮਸ਼ਕਾਰ ਕਰੇ
ਰਜ ਤਮ ਸਤਿ ਦਾ ਅਸਰ
ਫਿਰ ਕਿਸ ਤੇ ਹੋਣਾ ਸੀ
ਜਦ ਸ਼ੂਨਯ ਪ੍ਰਭੂ ਇਕ ਆਪ ਹੀ ਸੀ
ਤਦ ਬੇਫ਼ਿਕਰੀ ਤੇ ਚਿੰਤਾ
ਕਿਸਨੂੰ ਹੋ ਸਕਦੀ ਸੀ
ਜਦ ਬੋਲ-ਸ੍ਰੋਤ ਆਪ ਪ੍ਰਭੂ ਸੀ
ਤਾਂ ਕੌਣ ਬੋਲ ਤੇ ਸੁਣ ਸਕਦਾ ਸੀ
ਸ਼ੂਨਯ ਪ੍ਰਭੂ ਬੇਅੰਤ ਉੱਚੇ ਤੋਂ ਉੱਚਾ
ਪ੍ਰਭੂ ਆਪ ਹੀ
ਆਪਣੇ ਆਦਿ ਅੰਤ ਤਕ
ਆ ਜਾ ਸਕਦਾ ਸੀ

-0-

ਵਕਤ ਮਾਇਆ
ਜਦ ਸ਼ੂਨਯ ਪ੍ਰਭੂ ਚੋਂ
ਸ਼ੂਨਯ ਪ੍ਰਗਟ ਹੋਈ
ਸ਼ੂਨਯ ਚੋਂ ਸ਼ੂਨਯ ਉੱਠ ਖਲੋਈ
ਨਾ ਵੀਰਯ ਨਾ ਕੁੱਖ ਨਾ ਦੇਹ
ਸ਼ੂਨਯ ਹੀ ਸ਼ੂਨਯ ਲੈ ਦੇ
ਸ਼ੂਨਯ ਸੁਣਦੀ ਸ਼ੂਨਯ ਬੋਲਦੀ

ਸ਼ੂਨਯ ਅਦ੍ਰਿਸ਼ ਸ਼ੂਨਯ ਪ੍ਰਗਟਾਅ
ਨਾ ਕਿਤੇ ਸੁੱਚ ਸੰਜਮ ਨਾ ਚੌਂਕਾ
ਨਾ ਕੋਈ ਗ਼ਮ ਨਾ ਅੱਥਰੂ ਹੌਕਾ

-0-

ਨਾ ਕੋਈ ਗੋਪੀ ਨਾ ਕੋਈ ਕਾਹਨ
ਨਾ ਕੋਈ ਤੀਰਥ ਨਾ ਇਸ਼ਨਾਨ
ਹਰ ਥਾਂ ਸ਼ੂਨਯ ਦਾ ਅਸਥਾਨ
ਨਾ ਕੋਈ ਧਰਮ ਜਾਤ ਨਾ ਬਾਣੀ
ਸ਼ੂਨਯ ਹੀ ਸ਼ੂਨਯ ਥਿਆਉਣੀ
ਨਾ ਕੋਈ ਮੋਹ ਮਮਤਾ ਦਾ ਜਾਲ
ਨਾ ਕੋਈ ਜਨਮ ਨਾ ਕੋਈ ਉਤਸਵ
ਨਾ ਹੀ ਸਿਰਾਂ ਤੇ ਕੂਕੇ ਕਾਲ
ਨਾ ਕਿਤੇ ਪਰਜਾ ਨਾ ਕਿਤੇ ਰਾਜ

-0-

ਸ਼ੂਨਯ ਪੰਖ ਸ਼ੂਨਯ ਪ੍ਰਵਾਜ਼
ਨਾ ਮਾਨਵ ਨਾ ਜੀਭਾ ਕੰਨ
ਨਾ ਕਿਤੇ ਪ੍ਰੇਮ ਭਗਤੀ ਨਾ ਮਨ
ਨਾ ਕਿਸੇ ਸੱਜਣ ਨਾ ਕੋਈ ਦੁਸ਼ਮਣ
ਨਾ ਨਿੰਦਿਆ ਨਾ ਸਨਮਾਨ
ਨਾ ਕੋਈ ਦੇਹ ਨਾ ਜੀਵ ਆਤਮਾ ਜਾਨ

-0-

ਨਾ ਕੋਈ ਗੋਰਖ਼ ਨਾ ਕੋਈ ਨਾਥ
ਸ਼ੂਨਯ ਹੀ ਸ਼ੂਨਯ ਅਬਾਦ
ਨਾ ਸਿਮਰਨ ਨਾ ਸਮਾਧੀ ਧਿਆਨ

ਨਾ ਕੋਈ ਵੇਦ ਕਤੇਬਾਂ
ਨਾ ਗੀਤਾ ਨਾ ਗ੍ਰੰਥ ਕੁਰਾਨ
ਨਾ ਕੋਈ ਬ੍ਰਹਮਣ ਨਾ ਕੋਈ ਖ਼ਤਰੀ
ਨਾ ਕੋਈ ਦਰਸ਼ਨ ਵਿਗਿਆਨ
ਨਾ ਕੋਈ ਹਵਨ ਯੱਗ ਪੂਜਾ
ਨਾ ਕੋਈ ਮੌਲਵੀ ਨਾ ਕੋਈ ਕਾਜ਼ੀ
ਨਾ ਸੁਤੰਤਰਤਾ ਨਾ ਮੁਥਾਜ਼ੀ

–0–

ਸ਼ੂਨਯ ਪ੍ਰਭੂ
ਹਰ ਥਾਂ ਆਪ ਵਿਆਪਕ
ਸ਼ੂਨਯ ਅਕੱਥ ਕਥਾ ਦਾ ਸੁਆਮੀ
ਸ਼ੂਨਯ ਜਦ ਨਦਰਿ ਕਰੇ ਨਿਹਾਲ
ਸਭ ਰਹਿਮਤਾਂ ਨਿਹਮਤਾਂ ਦੀ
ਤਦ ਹੋਵੇ ਬਰਸਾਤ
ਮਿਹਰ ਕਰੇ ਅੰਦਰਲਾ ਸੁੱਖੀਆ
ਬਿਨ ਕ੍ਰਿਪਾ ਜੀਵਨ ਦੁੱਖੀਆ
ਕੂੜਾ ਕਰਕਟ ਸਭ ਚਤੁਆਰ

–0–

ਗੁਰੂ ਵਿਚਾਰ ਜੋ ਹਿਰਦ ਧਿਆਵੇ
ਸੋ ਨਰ ਸ਼ੂਨਯ ਸੰਗ ਲਿਵ ਲਾਵੇ
ਸ਼ੂਨਯ ਸਿਮਰੇ ਸ਼ੂਨਯ ਧਿਆਵੇ
ਸ਼ੂਨਯ ਦਾ ਹੀ ਰੂਪ ਹੋ ਜਾਵੇ

–0–

ਸ਼ੂਨਯ ਪੌਣ ਅੱਗਣ ਜਲ ਧਰਤੀ
ਸ਼ੂਨਯ ਅਕਾਸ਼ ਬ੍ਰਹਿਮੰਡ
ਚੰਨ ਸਿਤਾਰੇ ਸੂਰਜ
ਸ਼ੂਨਯ ਗਿਆਨ ਧਿਆਨ
ਗੁਰ ਪੂਰਾ
ਸ਼ੂਨਯ ਪੁਰਖ ਸ਼ੂਨਯ ਨਾਰੀ

-0-

ਸ਼ੂਨਯ ਪ੍ਰਭੂ
ਇਹ ਕੁਦਰਤ ਇਹ ਸ੍ਰਿਸ਼ਟੀ ਸਾਜ਼ੀ
ਜਗਤ ਰਚਨਾ ਤੋਂ ਪਹਿਲਾਂ
ਸ਼ੂਨਯ ਪ੍ਰਭੂ ਆਪ ਸੀ
ਕੋਈ ਹੋਰ ਨਹੀਂ ਸੀ
ਉਸ ਵੇਲੇ ਦੀ ਹੋਂਦ ਦਾ
ਕੀ ਰੰਗ ਰੂਪ ਸੀ
ਇਸਦੀ ਕਿਸੇ ਨੂੰ ਸਾਰ ਨਹੀਂ ਸੀ
ਕਿੰਨਾ ਚਿਰ ਸ਼ੂਨਯ ਪ੍ਰਭੂ
ਆਪਣੇ ਆਪ 'ਚ ਰਿਹਾ ਵਿਚਰਦਾ
ਇਸਦਾ ਕਿਸੇ ਨੂੰ
ਕੋਈ ਖੁਆਬ ਖ਼ਿਆਲ ਨਹੀਂ ਸੀ

-0-

ਸ਼ੂਨਯ ਪ੍ਰਭੂ
ਸਭ ਦੇਵੀ ਦੇਵਤਿਆਂ ਦੀ ਆਤਮਾ ਹੈ

ਜੋ ਜੀਵ
ਪ੍ਰਭੂ ਦਾ ਆਤਮ ਅੰਸ਼ ਪਹਿਚਾਣ
ਲੈਂਦਾ ਹੈ
ਉਹ ਸ਼ੂਨਯ ਪ੍ਰਭੂ ਦਾ ਸੱਚ ਜਾਣ
ਲੈਂਦਾ ਹੈ
ਲੱਖ ਲੱਖ
ਉਸ ਸ਼ੂਨਯ ਪ੍ਰਭੂ ਨੂੰ ਨਮਸਕਾਰ
ਜਿਸਦਾ ਰੂਪ ਹੈ ਜਗਤ ਪਸਾਰ
ਸਰਗੁਣ ਨਿਰਗੁਣ ਆਪੇ
ਸ਼ੂਨਯ ਪ੍ਰਭੂ ਹੈ ਏਕਾ
ਹਰ ਸਿਫਰੇ ਵਿਚ
ਇਸ ਏਕੇ ਦਾ ਹੈ ਲੇਖਾ

-0-

ਸ਼ੂਨਯ ਪ੍ਰਭੂ
ਆਪੇ ਆਸਨ ਆਪੇ ਸ਼ੋਭਾ
ਆਪੇ ਸ਼ਬਦਾ ਆਪੇ ਅਰਥਾ
ਆਪੇ ਜਾਣਤ ਆਪੇ ਗੁਣਤਾ
ਆਪੇ ਉਧੇੜ ਆਪੇ ਬੁਣਤਾ
ਆਪੇ ਆਪਣਾ ਰੂਪ ਪ੍ਰਗਟਾਏ
ਆਪੇ ਮਾਂ ਮਮਤਾ ਪਿਤਾ ਅਖਵਾਏ

-0-

ਅਣਦਿੱਸਦੇ ਤੋਂ ਦਿੱਸਣਹਾਰਾ
ਪ੍ਰਭੂ ਜਗਤੰ ਰਚਨਾ ਅਕੱਥ ਪਸਾਰਾ

ਸ਼ੂਨਯ ਪ੍ਰਭੂ ਆਪੇ
ਰਜ ਗੁਣ ਤਮ ਗੁਣ ਸਤਿ ਗੁਣ
ਆਪੇ ਤਿੰਨਾਂ ਗੁਣਾਂ ਤੋਂ ਬਾਹਰਾ
ਸਰਬਵਿਆਪਕ ਏਕ ਓੁਂਕਾਰਾ
ਏਕ ਅਨੇਕ
ਅਨੇਕ ਏਕ
ਸਰਬਤ ਰੂਪ ਏਕ ਵਿਸਥਾਰਾ
ਸਦਾ ਸਲਾਮਤ ਸਥਿਰ ਕਰਤਾਰਾ

-0-

ਸ਼ੂਨਯ ਪ੍ਰਭੂ ਸਗਲ ਦਾ ਰਚਤਾ
ਸ਼ੂਨਯ ਪ੍ਰਭੂ ਤੋਂ ਕੋਈ ਨਾ ਬਾਹਰਾ
ਜੋ ਪ੍ਰਭੂ ਭਾਵੇ ਸੋ ਜਗ ਕਰਤਾ
ਜੋ ਗੁਣ ਬਖ਼ਸ਼ੇ ਸੋ ਜਨ ਹੋਵੇ
ਆਪੇ ਮਾਲਿਕ ਆਪੇ ਬਰਦਾ
ਪ੍ਰਭੂ ਗੁਣਾ ਦਾ ਅੰਤ ਨਾ ਪਾਰਾ
ਪੁੰਨ ਪਾਪ ਦਾ ਸਿਰਜਣਹਾਰਾ

-0-

ਧਰਤ ਅਕਾਸ਼
ਸ਼ੂਨਯ ਪ੍ਰਭ ਵਿਸਥਾਰਾ
ਜੀਵਨ ਨੂੰ ਰਾਹ ਵਿਖਾਵਣਹਾਰਾ
ਮਾਇਆ ਦੇ ਪ੍ਰਭਾਵ ਤੋਂ ਬਾਹਰਾ
ਪ੍ਰਭੂ ਆਪੇ ਕਾਰਜ ਕਾਰਨ ਕਰਤਾ
ਉਸਦਾ ਲਿਖਿਆ ਮਿਟ ਨਾ ਸਕਦਾ
ਸਿਰਜਣਹਾਰ ਨਾ ਭੁੱਲਣਹਾਰਾ

-0-

ਸ਼ੂਨਯ ਪ੍ਰਭੂ ਜਲ ਹੈ ਆਪੇ
ਰਸੀਆ ਆਪੇ ਰਸ ਹੈ ਆਪੇ
ਸੇਜਾਂ ਆਪ ਆਨੰਦ ਹੈ ਆਪੇ
ਆਪੇ ਸੇਜਾਂ ਮਾਨਣਹਾਰ
ਅੰਬਰ ਰਸਿਆ ਧਰਤੀ ਰਸਿਆ
ਆਪੇ ਆਦਿ ਅੰਤ ਮੱਧ ਵਸਿਆ
ਮੀਨਾ ਆਪ ਸਮੁੰਦਰ ਆਪ
ਪਾਣੀ ਆਪੇ ਆਪੇ ਜਾਲ
ਮਨਕੇ ਆਪੇ
ਆਪੇ ਬੋਟੀ ਮਾਸ
ਰੰਗ ਮਹਿਕ ਕਲੀਆਂ ਫੁੱਲ
ਆਪੇ ਗੁਲਜ਼ਾਰ

-0-

ਪਤਝੜ ਇਕੱਲ ਚੁੱਪ ਉਦਾਸੀ
ਆਪੇ ਮੌਸਮ ਰੁੱਤ ਬਹਾਰ
ਆਪ ਤਮਾਸ਼ਾ ਆਪ ਤਮਾਸ਼ਾਈ
ਆਪ ਸਵਾਲ ਆਪ ਜਵਾਬ
ਸ਼ੂਨਯ ਪ੍ਰਭੂ ਤੂੰ ਸਰੋਵਰ ਤੂੰ ਹੰਸ
ਕਉਲ ਵੀ ਤੂੰ ਹੀ ਫੁੱਲ ਵੀ ਤੂੰ ਹੀ
ਖਿਲਣ ਵਾਲੀ ਕੰਮੀ ਵੀ ਤੂੰ ਹੀ
ਚੰਦ ਚਾਂਦਨੀ ਤੇਰਾ ਵਾਸ
ਦੇਖਣ ਵਾਲੀ ਅੱਖ ਵੀ ਤੂੰ ਹੀ
ਅੱਖੀਆਂ ਦਾ ਪ੍ਰਗਟਾਅ ਵੀ ਤੂੰ ਹੀ

-0-

ਸ਼ੂਨਯ ਪ੍ਰਭੂ
ਦੇਹ ਤੇ ਜਿੰਦ ਦਾ ਮਿੱਤਰ ਹੈ
ਸਭ ਥਾਂ ਜਗ ਦਾ ਹੈ ਰਖਵਾਲਾ
ਮਨ ਦਾ ਧੀਰਜ ਪ੍ਰਾਣ ਅਧਾਰਾ
ਪ੍ਰਭੂ ਚਰਨੀਂ ਜਗਤ ਇਹ ਸਾਰਾ
ਸਦਾ ਹੀ ਸੁੱਖ ਵਰਸਾਏ ਜਗ ਅੰਦਰ
ਦੁੱਖ ਹਰਤਾ ਸਭ ਦਾ ਦਾਤਾ

-0-

ਹੇ ਸ਼ੂਨਯ ਪ੍ਰਭੂ
ਚਰਨ ਧੂੜ ਸਭ ਤੇਰੀ
ਬਖ਼ਸ਼ੀ ਜਗਤ ਨੂੰ ਜਿੰਦ ਤੇਰੀ
ਹੇ ਮਨ ਪ੍ਰਭੂ ਵਿਸਰ ਨਾ ਜਾਏ
ਪ੍ਰਭੂ ਬਿਨਾਂ ਕੋਈ ਦੂਜਾ ਨਾ ਭਾਏ
ਪਿੰਡ ਜੀਓ ਸਭ ਦਿੱਤਾ ਸੋਈ
ਸਰਬਗੁਣਾ ਦੀ ਵੱਡਿਆਈ ਹੋਈ
ਹਰ ਹਿਰਦੇ ਵਸੇ ਸ਼ੂਨਯ ਪ੍ਰਭੂ
ਹਰ ਕਰਮ ਕੀਤਾ ਜੀਵਾਂ ਦਾ ਵੇਖੇ
ਹਰ ਜੀਵ ਦੀਆਂ ਅਰਜ਼ੋਈਆਂ ਸੁਣਦਾ
ਸਰਬੱਤ ਦੀ ਇੱਛਾ ਪੂਰੀ ਕਰਦਾ

-0-

ਜੋ ਤੁੱਧ ਭਾਵੇ
ਉਸ ਆਪੇ ਆਪਣਾ ਆਪ
ਵਿਖਾਵੇ

ਜਿਸ ਤੇ ਨਦਰਿ ਤੇਰੀ ਸ਼ੂਨਯ ਪ੍ਰਭੂ
ਉਸ ਹਿਰਦੇ ਨਾਮ ਵਸਾਵੇ
ਜਿਸ ਹਿਰਦੇ ਸ਼ੂਨਯ ਨਾਮ ਧਰੇ
ਉਹ ਹਿਰਦਾ ਨੂਰੋ ਨੂਰ ਕਰੇ
ਹੇ ਸ਼ੂਨਯ ਪ੍ਰਭ
ਤੂੰ ਸਭਨਾਂ ਦਾ ਮਾਲਿਕ ਹੈਂ
ਸਰਬ ਕਲਾ ਸਮਰੱਥ ਸੁਆਮੀ
ਸਭ ਕੁੱਝ ਤੇਰੇ ਸਦਕਾ ਹੈ
ਤੂੰ ਸਭਨਾਂ ਦੇ ਦਿਲਾਂ ਦੀਆਂ
ਪੜ੍ਹਦਾ ਹੈਂ
ਸਭ ਦਾ ਤੂੰ ਸਹਾਰਾ ਹੈਂ
ਸਭ ਜੀਅ ਜੰਤ ਹੈ ਤੇਰਾ
ਸਭ ਥਾਂ ਵਰਤੇ ਤੇਰਾ ਭਾਣਾ
ਦਯਾ ਕਰੋ ਮੇਰੇ ਦਾਤਾ
ਨਾਮ ਦਾਨ ਦਿਓ ਮੇਰੇ ਦਾਤਾ

-0-

ਹੇ ਸ਼ੂਨਯ ਪ੍ਰਭੂ
ਅੰਬਰ ਤੋਂ ਉੱਚੇ
ਤੇਰੇ ਮਹਿਲ ਚੌਬਾਰੇ
ਧਰਤੀ ਤੋਂ ਵੱਡੀਆਂ ਹਵੇਲੀਆਂ ਤੇਰੀਆਂ
ਜਿਨ੍ਹਾਂ ਦੇ ਆਰੇ ਨਾ ਪਾਰੇ
ਸ਼ੂਨਯ ਪ੍ਰਭੂ ਤੂੰ ਆਪ

ਬੜਾ ਪਿਆਰਾ ਬੜਾ ਸੋਹਣਾ ਹੈਂ
ਫੁੱਲਾਂ ਫੱਲਾਂ ਨਾਲ ਲੱਦਿਆ ਹੈਂ
ਐ ਸ਼ੂਨਯ ਪ੍ਰਭੂ
ਤੇਰਾ ਵੱਡਾ ਪ੍ਰਵਾਰਾ
ਜੋ ਤੇਰਾ ਸਿਮਰਨ ਗਾਉਂਦੇ ਹਨ
ਜੂਨ ਚੌਰਾਸੀ ਕਟ ਜਾਂਦੇ ਹਨ

-0-

ਜੋ ਦਾਤਾ ਤੇਰਾ ਦਰਸ਼ਨ ਪਾਵੇ
ਉਹ ਰੂਪ ਤੇਰਾ ਹੋ ਜਾਵੇ
ਐ ਸ਼ੂਨਯ ਪ੍ਰਭੂ
ਤੂੰ ਬੇਮੁਥਾਜ਼ਾ ਪੂਰਨ ਪਾਤਸ਼ਾਹ ਹੈਂ
ਹਰ ਰਾਹੀ ਦੀ ਤੂੰ ਮੰਜ਼ਿਲ
ਹਰ ਮੰਜ਼ਿਲ ਦਾ ਤੂੰ ਰਾਹ ਹੈਂ

-0-

ਹੇ ਸ਼ੂਨਯ ਪ੍ਰਭੂ
ਤੂੰ ਚਾਹੇਂ ਨਰ ਮੁਕਤੀ ਪਾਵੇ
ਤੂੰ ਚਾਹੇਂ ਪੱਥਰ ਤਰ ਜਾਵੇ
ਤੂੰ ਚਾਹੇਂ ਤਾਂ ਮੁਰਦੇ ਜਾਗਣ
ਤੂੰ ਚਾਹੇਂ ਜੰਮ ਆਏ ਭਾਗਣ
ਤੂੰ ਚਾਹੇਂ ਤਾਂ ਨਾਮ ਜਪਾਵੇਂ
ਤੂੰ ਚਾਹੇਂ ਤਾਂ ਚਰਿੱਤਰਹੀਣ ਨਰਾਂ ਨੂੰ
ਵਿਕਾਰਾਂ ਤੋਂ ਬਚਾਵੇਂ
ਉਹ ਹੋਵੇ ਜੋ ਤੂੰ ਚਾਹੇਂ

-0-

ਲੋਕ ਪ੍ਰਲੋਕ ਦਾ ਤੂੰ ਮਾਲਿਕ
ਜਗਤ ਖੰਡ ਖਿਡਾਵਣ ਵਾਲਾ
ਖੁਸ਼ੀਆਂ ਦੇਵਣ ਪਾਲਣ ਵਾਲਾ
ਜੋ ਚਾਹੇ ਕਰਾਵਣ ਵਾਲਾ
ਤੇਰਾ ਰੂਪ ਰੰਗ ਨਾ ਕੋਈ
ਨਕਸ਼ ਚਿਹਰਾ ਚਿੰਨ੍ਹ ਅੰਗ ਨਾ ਕੋਈ
ਪਰ ਜਗਤ ਹੋਂਦ ਦਾ ਤੂੰ ਰਚਤਾ ਹੈਂ
ਸ਼ੂਨਯ ਹੈਂ ਪਰ ਕਰਤਾ ਹੈਂ

–0–

ਹੇ ਸ਼ੂਨਯ ਪ੍ਰਭ
ਰਾਜਿਆਂ ਵਿਚੋਂ ਤੂੰ ਰਾਜਾ ਹੈਂ
ਜੋਗੀਆਂ ਵਿਚੋਂ ਤੂੰ ਜੋਗੀ ਹੈਂ
ਤਪੱਸਵੀਆਂ ਵਿਚੋਂ ਤੂੰ ਤਪੱਸਵੀ ਹੈਂ
ਗ੍ਰਹਿਸਤੀਆਂ ਵਿਚੋਂ ਤੂੰ ਗ੍ਰਿਸਤੀ ਹੈਂ
ਸਿਮਰ ਸਿਮਰ ਭਗਤਾਂ ਸੁੱਖ ਪਾਇਆ
ਕਿਸੇ ਨੂੰ ਸਮਝ ਨਾ ਆਇਆ

–0–

ਕਈ ਰੂਪ ਰੰਗ ਸ਼ੂਨਯ ਪ੍ਰਭ ਤੇਰੇ
ਕਈ ਭੇਖ ਕਈ ਸਗਲੇ ਚਿਹਰੇ
ਫਿਰ ਵੀ ਇਕ ਦਾ ਇਕ ਕਹਾਵੇਂ
ਮ੍ਰਿਤਯੂ ਰਹਿਤ ਆਜੂਨੀ ਨਾ ਆਵੇਂ

ਸਭਨੀ ਥਾਈਂ ਤੂੰ ਵਸਿਆ ਹੈਂ
ਸਗਲ ਜਗਤ ਹਰ ਥਾਂ ਦਾ ਪ੍ਰਾਣੀ
ਆਪਣੀ ਕਰਨੀ ਪ੍ਰਭ ਆਪ ਹੀ ਜਾਣੀ
ਤੂੰ ਆਪ ਹੈਂ
ਮਾਨਤਾ ਨੂੰ ਰਾਹੇ ਪਾਵਣ ਵਾਲਾ
ਸੱਚ ਝੂਠ ਸਭ ਸਮਝਾਵਣ ਵਾਲਾ

-0-

ਤੇਰੀ ਮਹਿਮਾ ਗਾਈ ਨਾ ਜਾਏ
ਜਗਤ ਖੇਡ ਤੇਰੀ ਦਾਤਾ ਸਮਝ ਨਾ ਆਏ
ਸਾਰੇ ਭਵਨਾਂ ਵਿਚ ਹੈ ਤੇਰਾ ਡੇਰਾ
ਹਰ ਪਾਸੇ ਤੂੰ ਆਪ
ਧਰਤ ਅਕਾਸ਼ ਪਤਾਲ ਸਮਾਇਆ
ਸਗਲ ਜਗਤ ਦਾ ਸੁਆਮੀ ਦਾਤਾ
ਤੂੰ ਰਿਹਾ ਭਰਪੂਰ
ਅਣਦਿੱਸਦੇ ਤੋਂ ਦਿੱਸਦੇ ਜਗਤ 'ਚ
ਹੈ ਨਿਰੰਕਾਰ ਮੌਜੂਦ

-0-

ਸਗਲ ਜਗਤ ਦਾ ਕਰਤਾ
ਸਰਬ ਸ੍ਰਿਸ਼ਟੀ ਦਾ ਵਿਸਥਾਰ
ਸ੍ਰਿਸ਼ਟੀ ਵਿਚ ਰਚਿਆ ਹੋਇਆ ਵੀ
ਸ੍ਰਿਸ਼ਟੀ ਤੋਂ ਬਾਹਰ
ਪ੍ਰਭੂ ਜਿਹਾ ਨਾ ਕੋਈ ਹੋਰ

ਪ੍ਰਭੂ ਹੀ ਹੈ ਆਪਣੇ ਜਿਹਾ ਆਪ
ਪ੍ਰਭੂ ਹੀ ਹੈ ਆਪਣੀ ਆਪ ਮਿਸਾਲ

-0-

ਪ੍ਰਭੂ ਹੈ ਅੰਦਰ ਪ੍ਰਭੂ ਹੈ ਬਾਹਰ
ਜਿਸਦਾ ਮੁਖ ਸਤਿਗੁਰ ਦਾ ਦੁਆਰ
ਸਤਿਗੁਰ ਡਿੱਠਾ ਪ੍ਰਭ ਪਾਇਆ
ਸਤਿਗੁਰ ਸ਼ਬਦ ਪ੍ਰਭੂ ਸਮਾਇਆ

-0-

ਸ਼ੂਨਯ ਪੂਰਨ ਸ਼ੂਨਯ ਸਾਰਾ
ਸ਼ੂਨਯ ਭਵਰਾ ਫੁੱਲ ਬੂਟਾ ਆਪੇ
ਜੈਸਾ ਡਿੱਠਾ ਤੈਸਾ ਜਾਪੇ
ਸ਼ੂਨਯ ਜਲ ਥਲ ਸਾਗਰ
ਆਪਣੇ ਆਪ 'ਚ ਉਜਾਗਰ
ਸ਼ੂਨਯ ਦਿਨ ਸ਼ੂਨਯ ਰਾਤ
ਆਪੇ ਆਦਿ ਜੁਗਾਦਿ
ਸ਼ੂਨਯ ਪੌਣ ਗੁਰੂ
ਜਲ ਪਿਤਾ ਧਰਤੀ ਮਾਤਾ
ਸ਼ੂਨਯ ਆਪੇ ਮਕੜੀ ਜਾਲ

-0-

ਸ਼ੂਨਯ ਜੋਤ ਜਗਤ ਸਮਾਈ
ਸ਼ੂਨਯ ਆਤਮ ਹਰ ਦੇਹ ਪਾਈ
ਸ਼ੂਨਯ ਰੱਸੀਆ ਮਿਲਾਪ ਵਿਯੋਗ

ਸ਼ੂਨਯ ਪਤਝੜ ਸ਼ੂਨਯ ਬਹਾਰ
ਸ਼ੂਨਯ ਹੋਂਦ ਨਿਰਹੋਂਦ
ਸ਼ੂਨਯ ਨਿਰਭੌਉ ਨਿਰਵੈਰ
ਸ਼ੂਨਯ ਰੂਪ ਸਤਿਗੁਰ ਦਾ ਪੂਰਾ
ਸ਼ੂਨਯ ਸਰਬ ਕਲਾ ਭਰਪੂਰ
ਸ਼ੂਨਯ ਬੇਪ੍ਰਵਾਹ ਮੁਥਾਜ਼ੀ ਰਹਿਤ
ਸ਼ੂਨਯ ਦੂਰ ਨਾ ਹੈ ਸਭ ਪਾਸ
ਸ਼ੂਨਯ ਜਨਮ ਮਰਨ ਦਾ ਸੱਚ

–0–

ਸ਼ੂਨਯ ਨੰਗਾ ਸੱਚ ਪਰਦਾ ਰਹਿਤ
ਸ਼ੂਨਯ ਮੁਕਤੀ ਤ੍ਰਿਪਤੀ ਦਾ ਦਾਤਾਂ
ਸ਼ੂਨਯ ਨਿਰਲੇਪ ਸਗਲ ਵਿਧਾਤਾ
ਸ਼ੂਨਯ ਗੁਰੂ ਕ੍ਰਿਪਾ ਕਰ ਜਾਤਾ
ਸ਼ੂਨਯ ਉਪਜੇ ਸ਼ੂਨਯ ਸਮਾਏ
ਇਹ ਜਗ ਸ਼ੂਨਯ ਉਤਪਤੀ ਕਹਾਵੇ
ਜਿਸ ਤੇ ਗੁਰ ਦੀ ਕ੍ਰਿਪਾ ਹੋਵੇ
ਉਹ ਨਰ ਸ਼ੂਨਯ ਪ੍ਰਭ ਪਾਵੇ
ਇਸ ਸ਼ੂਨਯ ਨੂੰ
ਸੰਤ ਜਨ ਸਿਮਰਨ ਧਿਆਵਣ
ਇਸ ਸ਼ੂਨਯ ਨੂੰ ਪ੍ਰਾਣੀ ਹਰ ਥਾਂ ਪਾਵਣ

–0–

ਇਹ ਸ਼ੂਨਯ ਕੇਵਲ ਏਕ
ਇਸ ਸ਼ੂਨਯ ਦਾ ਸਿਮਰਨ ਕਰਦਾ
ਜਿਸ ਲਿਖਿਆ ਵਿਚ ਲੇਖ
ਇਸ ਸ਼ੂਨਯ ਦਾ ਦੀਵਾ
ਹਰ ਮੱਥੇ ਵਿਚ ਬਲਦਾ
ਇਹ ਸ਼ੂਨਯ ਜਗਤ ਦਾ ਮੂਲ
ਹਰ ਹਸਤੀ ਦਾ ਇਹ ਅਸੂਲ

–0–

ਉਹੀ ਹੋਵੇ
ਜੋ ਇਸ ਸ਼ੂਨਯ ਨੂੰ ਮਨਜ਼ੂਰ
ਇਹ ਸ਼ੂਨਯ ਜਨਮ ਮਰਨ ਦਾ ਕਾਰਨ
ਇਹ ਆਪਣੇ ਆਪ ਦਾ ਆਪੇ ਨੂਰ
ਸਾਰੀ ਕਾਇਨਾਤ ਅਕਾਸ਼ ਪਤਾਲ
ਬ੍ਰਹਿਮੰਡ
ਇਸ ਸ਼ੂਨਯ ਦਾ ਵਜ਼ੂਦ

–0–

ਇਹ ਸ਼ੂਨਯ ਜੀਵਨ ਵਿਚ ਪ੍ਰਾਣ ਧਰੇ
ਦੁਨੀਆਂ ਦੇ ਸਭ ਪਦਾਰਥ
ਧਰਤ–ਥਾਲ ਦੀ ਭੇਟ ਕਰੇ
ਲਿਖ ਕੇ ਚੰਗੇ ਭਾਗ ਮਾਨਵ ਦੇ
ਸੁੰਦਰ ਮਹਿਲ ਰੱਥਾਂ ਤੇ ਘੋੜੇ
ਮਾਨਵ ਦੀ ਤਲੀ ਧਰੇ

ਇਹ ਸ਼ੂਨਯ ਸਭ ਦਾਤਾਂ ਦਾ ਖ਼ਜ਼ਾਨਾਂ
ਪਿਆਰ ਮੁਹੱਬਤ ਰਿਸ਼ਤੇ ਨਾਤੇ
ਸਭ ਮਾਨਵ ਦੀ ਝੋਲ ਧਰੇ

-0-

ਇਸ ਸ਼ੂਨਯ ਨੂੰ ਮਨ ਵਸਾਇਆ
ਜੀਵਨ ਦਾ ਫੁੱਲ ਖਿੜਿਆ ਰਹਿੰਦਾ
ਸਾਰੇ ਦੁੱਖ ਦਰਦ ਮਿਟ ਜਾਂਦੇ
ਸੁੱਖਾਂ ਦਾ ਚੰਬਾ ਖਿੜਿਆ ਰਹਿੰਦਾ
ਜੋ ਨਰ ਇਸ ਸ਼ੂਨ੍ਯ ਦੇ ਗੁਣ ਗਾਵੇ
ਰੋਗ ਸੰਤਾਪ ਨੇੜ ਨਾ ਆਵੇ
ਜੋ ਜੀਭਾ ਸ਼ੂਨਯ ਨਾਮ ਉਚਾਰੇ
ਆਪ ਤਰੇ ਸਾਰਾ ਜਗ ਤਾਰੇ

-0-

ਜੋ ਨਰ ਸ਼ੂਨਯ ਸਿਮਰੇ
ਲੱਖਾਂ ਮਣ ਸੋਨੇ ਦਾ
ਕਰੋੜਾਂ ਤੀਰਥ ਇਸ਼ਨਾਨਾਂ ਦਾ ਫੱਲ ਪਾਵੇ
ਸੁੱਚਤਾ ਅਤੇ ਪਵਿੱਤਰਤਾ ਦਾ
ਉਹ ਨਰ ਮੁਜ਼ੱਸਮਾਂ ਕਹਾਵੇ
ਜਿਵੇਂ ਲੱਖਾਂ ਮਣ ਬਾਲਣ ਨੂੰ
ਅੱਗਣ ਦੀ ਇਕ ਚਿੰਣਗ ਜਲਾਵੇ
ਇਸੇ ਤਰ੍ਹਾਂ ਹੀ
ਸ਼ੂਨਯ ਪ੍ਰਭ ਦੀ ਇਕ ਕਿਰਨ
ਅਜੋਕੇ ਪੁੰਨਰ ਅਗੇਰੇ ਜਨਮਾਂ ਦੇ
ਪਾਪ ਮਿਟਾਵੇ

ਕੋਟਾਂ ਜਨਮਾਂ ਦੇ ਵਿਕਾਰ ਜਲਾਵੇ
ਪ੍ਰਭੂ ਦਰਗਾਹੇ ਉੱਚ ਪਦਵੀ ਪਾਵੇ
ਗੁਰੂ ਕ੍ਰਿਪਾ ਸੰਗ ਸ਼ੂਨਯ ਪ੍ਰਭੂ
ਪ੍ਰਾਪਤ ਹੋ ਜਾਵੇ

-0-

ਸ਼ੂਨਯ ਪ੍ਰਭੂ ਸੰਗ ਜੋ ਰੰਗਿਆ
ਸੋ ਨਰ ਪਰਮ ਗਤਿ ਪਾਵੇ
ਸ਼ੂਨਯ ਪੂਜੇ ਸ਼ੂਨਯ ਸੁੱਖ ਆਵੇ
ਸ਼ੂਨਯ ਜੋ ਸੁਰਤਿ ਰਹਿਤ ਹੈ
ਬੁੱਧੀ ਕਲਪਣਾ ਚੇਤਨਾ ਰਹਿਤ ਹੈ
ਜਿਸਦੀ ਕੋਈ ਹੋਂਦ ਨਾ ਦੇਹ ਹੈ
ਜਿਸ ਦਾ ਨਾ ਸਵਾਸ ਗਰਾਸ ਹੈ
ਨਾ ਪੰਜਾਂ ਤੱਤਾਂ ਦੀ ਮਿਸ਼ਰਤ ਸੁਗ਼ਾਤ ਹੈ
ਸ਼ੂਨਯ ਸੁਤੰਤਰ ਮੁਥਾਜ਼ੀ ਰਹਿਤ ਹੈ

-0-

ਜੀਵ ਆਤਮਾ
ਜਦ ਸ਼ੂਨਯ ਦਾ ਹੈ ਰੂਪ ਧਾਰਦੀ
ਹਰ ਮੁਥਾਜ਼ੀ ਹਰ ਅਹਿਸਾਸ ਮਾਰਦੀ
ਬਿਨ ਖੰਭੋਂ ਬਿਨ ਪ੍ਰਵਾਜੋਂ ਬਿਨ ਪ੍ਰਾਣੋਂ
ਸੁਤੰਤਰਤਾ ਦੀ ਸੁਤੰਤਰਤਾ ਤਰਦੀ
ਸੁਤੰਤਰਤਾ ਦੇ ਅਹਿਸਾਸ ਤੋਂ ਵੀ ਹੋ
ਮੁਕਤ ਵਿਚਰਦੀ

ਸ਼ੂਨਯ ਪ੍ਰਭੂ ਦਾ ਭਾਣਾ ਮਨਦੀ
ਆਪਣੇ ਚੋਂ ਆਪਣਾ ਸੱਚ ਸਿਮਰਦੀ

-0-

ਜਗਤ ਨਾਸ਼ਵਾਨਤਾ ਦਾ
ਮਨੁੱਖ ਨੂੰ ਗਿਆਨ ਹੈ
ਜੋ ਨਰ ਜਗਤ ਨਾਸ਼ਵਾਨ ਸਮਝਕੇ
ਸ਼ੂਨਯ ਪ੍ਰਭੂ ਦੇ ਲੜ ਲੱਗਦਾ ਹੈ
ਆਪਣੇ ਗੁਨਾਹਗਾਰ
ਚਿਹਰੇ ਨੂੰ ਪੜ੍ਹਦਾ ਹੈ
ਉਹ ਨਰ ਫਿਰ ਸ਼ੂਨਯ ਪ੍ਰਭੂ ਦਾ
ਸਦਾ ਲਈ ਹੋ ਜਾਂਦਾ ਹੈ
ਸ਼ੂਨਯ ਪ੍ਰਭੂ ਨੂੰ ਪਾ ਕੇ
ਆਪਣਾ ਆਸਰਾ ਆਪੇ ਬਣ
ਜਾਂਦਾ ਹੈ

-0-

ਇਹ ਸ਼ੂਨਯ ਪ੍ਰਭੂ ਹੀ ਜੱਪ ਹੈ ਤੱਪ ਹੈ
ਸਿਮਰਨ ਧਿਆਨ ਵਰਤ ਹੈ ਯੱਗ ਹੈ
ਇਹ ਅਧਿਆਤਮਿਕਤਾ ਦਾ ਪ੍ਰਾਣ ਹੈ
ਸ਼ੂਨਯ ਪ੍ਰਭੂ ਦਾ ਸੱਚ
ਜਦ ਮਾਨਵ ਨੂੰ ਨਜ਼ਰੀਂ ਆਉਂਦਾ ਹੈ
ਮਾਨਵ ਨੂੰ ਦੁਨੀਆਂ ਦੇ ਭਰਮਾਂ ਦਾ
ਗਿਆਨ ਹੋ ਜਾਂਦਾ ਹੈ

ਜੀਵਨ ਵਿਚ ਵਿਚਰਨ ਦਾ ਸੱਚ
ਸਮਝੀਂ ਆਉਂਦਾ ਹੈ
ਇਹ ਦੁਨੀਆਂ ਤਾਂ ਫਾਨੀ ਹੈ
ਜੋ ਜੀਵਨ ਸਮੱਗਰੀ ਇਕੱਠੀ ਕੀਤੀ ਹੈ
ਉਹ ਤਾਂ ਨਾਲ ਨਹੀਂ ਜਾਣੀ ਹੈ

–0–

ਮਾਨਵ ਦਾ ਜੀਵਨ ਸੱਚ
ਤਾਂ ਸ਼ੂਨਯ ਪ੍ਰਭੂ ਹੈ
ਜਿਸਦਾ ਸੁੱਖ ਆਨੰਦ ਤੇ ਰਸ
ਬਿਆਨਿਆ ਜਾ ਨਹੀਂ ਸਕਦਾ
ਜਿਸਦੀ ਹਿਫ਼ਾਜ਼ਤ ਵਿਚ
ਮਾਨਵ ਸਦਾ ਸੁਰੱਖ਼ਸ਼ਤ ਹੈ
ਸ਼ੂਨਯ ਪ੍ਰਭੂ ਸਭ ਦਾ ਰਖਸ਼ਿਕ ਹੈ
ਜੀਵਨ ਭਟਕਣ ਦਾ ਅੰਤ ਹੈ
ਜਿੱਥੇ ਨਾ ਪੈਰਾਂ ਨੂੰ ਰਾਹ ਹੈ
ਨਾ ਰਾਹਾਂ ਨੂੰ ਮੰਜ਼ਿਲ ਦਾ ਚਾਅ ਹੈ
ਨਾ ਦ੍ਰਿਸ਼ਟੀ ਨੂੰ ਵਸਣ ਦਾ ਉਤਸ਼ਾਹ ਹੈ
ਮਾਨਵ ਦੇ ਹਰ ਕਸ਼ਟ ਦੀ
ਸ਼ੂਨਯ ਪ੍ਰਭੂ ਦਵਾ ਹੈ

–0–

ਦੁਨੀਆਂ ਦਾ ਹਰ ਪੈਂਡਾ
ਸ਼ੂਨਯ ਪ੍ਰਭੂ ਤੋਂ ਸ਼ੁਰੂ ਹੋ ਕੇ
ਸ਼ੂਨਯ ਪ੍ਰਭੂ ਤੇ ਮੁਕ ਜਾਂਦਾ ਹੈ

ਉਪਜਣਾ ਬਿਨਸਨਾ ਹੈ
ਜਿਸ ਪ੍ਰਭੂ ਦੇ ਵਿਚ ਸਮਾਇਆ
ਉਹ ਜਨਮਣ ਬਿਨਸਨ ਤੋਂ ਬਾਹਰਾ ਹੈ

-0-

ਇਹ ਸ਼ੂਨਯ ਪ੍ਰਭੂ ਵਿਲੱਖਣ ਹੈ
ਇਹ ਸ਼ੂਨਯ ਅਜਿਹੀ ਸ਼ੂਨਯ ਹੈ
ਜਿਸ ਨੂੰ ਸ਼ੂਨਯ ਜਾਂ ਸਿਰਜਕ
ਹੋਣ ਦਾ ਵੀ
ਕੋਈ ਅਹਿਸਾਸ ਨਹੀਂ ਹੈ
ਇਹ ਸ਼ੂਨਯ
ਆਪਣੀ ਹੋਂਦ ਦੇ ਅਹਿਸਾਸ ਦੀ ਵੀ
ਮੁਥਾਜ਼ ਨਹੀਂ ਹੈ
ਸਭ ਕੁੱਝ ਇਸ ਸ਼ੂਨਯ ਦੇ
ਆਪਣੇ ਪਾਸ ਹੈ
ਨਾ ਇਹ ਉਪਜਣ
ਨਾ ਇਹ ਬਿਨਸਨ ਦੀ ਮੁਥਾਜ਼ ਹੈ
ਇਹ ਸ਼ੂਨਯ ਮਾਨਵ ਦੇਹ ਵਿਚ
ਸਰਗੁਣ ਸਰੂਪ ਹੈ
ਆਤਮ ਅੰਸ਼ ਹੈ ਬ੍ਰਹਮ ਰੂਪ ਹੈ

-0-

ਇਹ ਸ਼ੂਨਯ
ਮਾਨਵ ਦੇ ਪਾਣਾਂ ਦਾ ਪ੍ਰਾਣ ਹੈ
ਮਾਨਵ ਦੇਹ
ਇਸ ਦਾ ਵਸਣ ਅਸਥਾਨ ਹੈ

ਜੀਵ ਆਤਮਾ ਦੀ
ਤ੍ਰਿਸ਼ਨਾ ਜਦ ਪੂਰਨ ਹੁੰਦੀ ਹੈ
ਆਪਣੇ ਆਪ 'ਚ ਆਤਮਾ
ਬ੍ਰਹਮ ਰੂਪ ਸੰਪੂਰਨ ਹੁੰਦੀ ਹੈ
ਜੋਤ ਜੋਤ ਵਿਚ ਮਿਲ ਜਾਂਦੀ ਹੈ
ਤਾਂ ਮਾਨਵ ਦੀ ਚੇਤਨਾ 'ਚ
ਆਤਮ ਜੋਤ ਦੀ ਕਲੀ
ਸ਼ੂਨਯ ਰੂਪੀ ਫੁੱਲ ਬਣਕੇ
ਖਿਲ ਜਾਂਦੀ ਹੈ

-0-

ਇਹ ਸ਼ੂਨਯ
ਮਨੁੱਖੀ ਦੇਹ ਸਾਗਰ ਵਿਚ
ਆਪ ਹੀ ਹੀਰਾ ਆਪ ਹੀ ਰਤਨ ਹੈ
ਆਪ ਹੀ ਵਿਹਾਜਣ ਵਾਲਾ ਸ਼ਾਹ ਹੈ
ਸਗਲ ਜਗਤ ਵਿਚ
ਸਗਲ ਪਸਾਰਾ ਸ਼ੂਨਯ ਦਾ ਹੀ ਹੈ
ਜਿਸ ਜੀਵ ਤੇ ਗੁਰ ਕ੍ਰਿਪਾ ਹੁੰਦੀ ਹੈ
ਉਹ ਆਤਮਾ ਤ੍ਰਿਸ਼ਨਾ ਪੂਰਤੀ ਰਾਹੀਂ
ਇਸ ਸ਼ੂਨਯ ਦੀ ਝਲਕ ਪਾ ਲੈਂਦਾ ਹੈ
ਦੇਹ ਨੂੰ ਨੂਰ ਬਣਾ ਲੈਂਦਾ ਹੈ

-0-

ਜਨਮ ਤੋਂ ਪਹਿਲਾਂ
ਜੀਵ ਜਦੋਂ ਮਾਂ ਦੇ ਪੇਟ 'ਚ
ਅੱਗਣ ਕੁੰਡ ਵਿਚ ਪੁੱਠਾ
ਲਟਕ ਰਿਹਾ ਹੁੰਦਾ ਹੈ

ਇਸ ਸ਼ੂਨਯ ਪ੍ਰਭੂ ਦੇ ਚਰਨਾਂ 'ਚ
ਸੁਰਤੀ ਜੋੜੀ ਰੱਖਦਾ ਹੈ
ਤਦ ਇਹ ਸ਼ੂਨਯ
ਪੇਟ 'ਚ ਉਸ ਦੀ ਰਖ਼ਸ਼ਾ ਕਰਦੀ ਹੈ
ਜੀਵ ਦੇ ਜਨਮ ਤੋਂ ਬਾਅਦ
ਇਹ ਸ਼ੂਨਯ ਜੀਵ ਨੂੰ
ਆਪਣਾ ਸੰਸਾਰੀ ਰੂਪ ਵਿਖਾਉਂਦੀ ਹੈ
ਆਪਣੇ ਆਪ 'ਚ
ਸਿਰਜਕ ਹੋਣ ਦਾ ਸੱਚ ਸਮਝਾਉਂਦੀ ਹੈ

-0-

ਮਨੁੱਖ ਦਾ ਮਰਜੀਵੜਾ ਹੋ ਕੇ ਜਿਉਣਾ
ਇਸ ਸ਼ੂਨਯ ਦਾ ਹੀ ਗੁਣ ਹੈ
ਇਸ ਸ਼ੂਨਯ ਦਾ ਸਿਮਰਨ
ਮਨੁੱਖ ਚੋਂ
ਮਨੁੱਖ ਵਿਚਲਾ ਜਾਨਵਰ ਮਾਰ ਕੇ
ਉਸ ਵਿਚ ਆਪਣੇ ਅਜਿਹੀ
ਸ਼ੁੱਧਤਾ ਧਰਦਾ ਹੈ
ਤਾਂ ਕਿ ਮਾਨਵ ਸ਼ੁੱਧ ਪਵਿੱਤਰ ਹੋ ਕੇ
ਸ਼ੂਨਯ ਪ੍ਰਭੂ ਦੇ ਯੋਗ ਹੋ ਜਾਏ
ਸ਼ੂਨਯ ਪ੍ਰਭੂ ਤੇ ਮਾਨਵ ਵਿਚਲੀ
ਵਿੱਥ ਮਿਟ ਜਾਏ

-0-

ਸ਼ੂਨਯ ਪ੍ਰਭੂ ਦੇ ਅਨੇਕਾਂ ਰੂਪ ਹਨ
ਅਨੇਕਾਂ ਨਾਮ ਹਨ
ਕੋਈ ਨਹੀਂ ਜਾਣਦਾ
ਜੀਵ ਕਿੱਥੋਂ ਆਇਆ ਹੈ
ਕਿੱਥੇ ਤੁਰ ਜਾਂਦਾ ਹੈ
ਬਾਜ਼ੀਗਰ ਬਾਜ਼ੀ ਪਾ ਕੇ
ਆਪਣੇ ਕਈ ਰੂਪ ਤੇ
ਭੇਖ ਵਿਖਾਉਂਦਾ ਹੈ
ਇਸੇ ਤਰ੍ਹਾਂ ਹੀ
ਸ਼ੂਨਯ ਪ੍ਰਭੂ ਨੇ ਜਗਤ ਤਮਾਸ਼ਾ ਰਚਿਆ
ਆਪਣੇ ਅਨੇਕਾਂ ਰੂਪਾਂ ਭੇਖਾਂ ਨੂੰ
ਵਿਖਾਉਣ ਅਡੰਬਰ ਰਚਿਆ
ਜਦ ਸ਼ੂਨਯ ਪ੍ਰਭੂ
ਆਪਣੀ ਜਗਤ ਰੂਪੀ
ਨਕਲੀ ਸ਼ਕਲ ਉਤਾਰਕੇ
ਖੇਡ ਮੁਕਾ ਦਿੰਦਾ ਹੈ
ਤਾਂ ਉਹ ਆਪਣੇ ਆਪ 'ਚ ਰਿਹਾ
ਆਪਾ ਵਿੱਖਾ ਦਿੰਦਾ ਹੈ

-0-

ਇਹ ਸ਼ੂਨਯ
ਆਪੇ ਜਲ ਹੈ ਆਪੇ ਲਹਿਰ
ਆਪੇ ਮੰਦਰ ਆਪੇ ਸੇਵਾ

ਆਪ ਪੁਜਾਰੀ ਆਪੇ ਦੇਵਾ
ਆਪੇ ਜੋਗੀ ਆਪੇ ਜੁਗਤੀ
ਆਪੇ ਸਿਮਰਨ ਆਪੇ ਮੁਕਤੀ
ਇਹ ਸ਼ੂਨਯ ਨਿਰਲੇਪ ਕਹਾਵੇ
ਜੋ ਨਰ ਇਸਦੇ ਦਰ ਤੇ ਆਵੇ
ਉਹ ਨਰ ਆਤਮ ਸੁੱਖ ਪਾਵੇ
ਇਹ ਸ਼ੂਨਯ ਪ੍ਰਭ ਵੱਡ ਅਕਾਰੀ
ਜਿਸਦੀ ਸਿਖ਼ਰ ਵੇਦ ਨਾ ਜਾਣੀ

-0-

ਅਨੇਕਾਂ ਬ੍ਰਹਮਾਂ ਨੇ ਵੀ
ਇਸ ਸ਼ੂਨਯ ਦਾ ਭੇਦ ਨਾ ਪਾਇਆ
ਅਵਤਾਰਾਂ ਨੂੰ
ਇਸ ਸ਼ੂਨਯ ਦਾ ਨਾਂ ਅੰਤ ਥਿਆਇਆ
ਇਹ ਸ਼ੂਨਯ ਬੇਅੰਤ ਹੈ
ਆਪਣੇ ਆਪ ਦੀ ਖ਼ੁਦ ਜਾਂਣਤ ਹੈ
ਇਹ ਸ਼ੂਨਯ ਆਪਣੀ ਮੌਜ਼ 'ਚ
ਜਗਤ ਤੇ ਕੌਤਕ ਕਰ ਰਹੀ ਹੈ
ਸਾਗਰ ਦੇ ਵਿਚ ਥਲ
ਅੱਗਣੀ ਵਿਚ ਜਲ ਧਰ ਰਹੀ ਹੈ
ਆਪ ਵਿਛੋੜੇ ਆਪ ਮਿਲਾਵੇ
ਆਪੇ ਮਾਨਵ ਦੀ ਤ੍ਰਿਸ਼ਨਾ ਬੁਝਾਏ

-0-

ਇਹ ਸ਼ੂਨਯ ਹੈ
ਆਪਣੇ ਵਰਗੀ ਆਪ

ਪਾਪ ਪੁੰਨ ਦਾ ਇਸ ਉੱਤੇ
ਕੋਈ ਨਹੀਂ ਪ੍ਰਭਾਵ
ਜ਼ਰੇ ਤੋਂ ਤਿੰਨ ਲੋਕਾ ਤੱਕ ਹੈ
ਇਸ ਦਾ ਪਸਾਰ
ਗਹਿਰ ਗੰਭੀਰ ਸ਼ੂਨਯ ਪ੍ਰਭ ਮੇਰਾ
ਜੋ ਕਰੇ ਸੋ ਹੋਏ
ਸ਼ੂਨ੍ਯ ਬਿਨ ਦੂਜਾ ਨਾ ਕੋਇ

–0–

ਸ਼ੂਨਯ ਕਰਤਾ
ਸਭ ਸ਼ੂਨਯ ਦਾ ਕੀਤਾ
ਸ਼ੂਨਯ ਬਿਨ ਹੋਰ ਨਾ ਮੀਤਾ
ਸਗਲ ਮਨੋਰਥ ਉਸ ਦੇ ਪੂਰੇ
ਸਵਾਸ ਗਰਾਸ ਸ਼ੂਨਯ ਜੋ ਧਿਆਏ
ਰਸਨਾ ਗੁਣ ਨਿਰੰਜਣ ਗਾਏ
ਸ਼ੂਨਯ ਹੈ ਸਭ ਦਾ ਦਾਤਾ
ਸ਼ੂਨਯ ਹੈ ਪੂਰਨ ਵਿਧਾਤਾ
ਸ਼ੂਨਯ ਸਗਲ ਜਗਤ ਤੋਂ ਨਿਆਰਾ
ਬੁੱਤਾਂ ਵਿਚ ਰੂਹ ਪਾਵਣ ਵਾਲਾ

–0–

ਸ਼ੂਨਯ ਪ੍ਰਭੂ ਬਲਹੀਣ ਦਾ ਬਲ ਹੈ
ਸ਼ੂਨਯ ਪ੍ਰਭੂ ਭਵਿਖ ਵਰਤਮਾਨ ਕੱਲ੍ਹ ਹੈ
ਸ਼ੂਨਯ ਪ੍ਰਭੂ ਸਭ ਦਾ ਨੂਰ

ਜਿਤ ਸਿਮਰੇ ਭੈਅ ਨਾਸੇ ਦੂਰ
ਮਿਸਰਿਤੀਆਂ ਵੇਦ ਸਭ ਵਿਚਾਰੇ
ਸ਼ੂਨਯ ਪ੍ਰਭੂ ਸਭ ਆਪ ਉਧਾਰੇ
ਸ਼ੂਨਯ ਸਿਮਰੇ ਪ੍ਰਭ ਪ੍ਰਗਟ ਹੋਏ
ਸ਼ੂਨਯ ਸਿਮਰੇ ਸਭ ਪਾਪ ਧੋਏ
ਸ਼ੂਨਯ ਸਿਮਰੇ ਅੱਠ ਸੱਠ ਇਸ਼ਨਾਨਾ
ਸ਼ੂਨਯ ਨਾਮ ਤੀਰਥ ਅਖਵਾਨਾ
ਸ਼ੂਨਯ ਸਿਮਰ ਤੱਤ ਸਤਿ ਜਾਣਾ

-0-

ਸ਼ੂਨਯ ਸਿਮਰੇ ਹਿਰਦੇ ਚਾਨਣ ਹੋਏ
ਸ਼ੂਨਯ ਸਿਮਰੇ ਉੱਚ ਪਦਵੀ ਪਾਏ
ਸ਼ੂਨਯ ਸਿਮਰੇ ਜੀਵਨ ਰਾਸ
ਸ਼ੂਨਯ ਸਿਮਰੇ ਜੀਉ ਉਧਾਰ
ਨਿਥਾਵੇਂ ਨੂੰ ਸ਼ੂਨਯ ਪ੍ਰਭੂ ਥਾਂ ਬਿਠਾਵੇ
ਆਪੇ ਮਾਰੇ ਆਪ ਜੀਵਾਵੇ
ਸਭ ਕੁੱਝ ਹੈ ਸ਼ੂਨਯ ਪ੍ਰਭੂ ਹਾਥ
ਦੁੱਖ ਨਿਵਾਰਣ ਸ਼ੂਨਯ ਪ੍ਰਭੂ ਨਾਮ

-0-

ਸ਼ੂਨਯ ਪ੍ਰਭੂ ਰਵਿਆ ਸਭ ਏਕ
ਸ਼ੂਨਯ ਪ੍ਰਭੂ ਜਗਤ ਦੀ ਟੇਕ
ਸ਼ੂਨਯ ਪ੍ਰਭੂ ਸ਼ਾਸਤਰ

ਸ਼ੂਨਯ ਪ੍ਰਭੂ ਵੇਦ
ਸ਼ੂਨਯ ਪ੍ਰਭੂ ਸਰਵ ਸ੍ਰੇਸ਼ਟ
ਸ਼ੂਨਯ ਜਿਸ ਹਿਰਦੇ
ਉਹ ਜਨ ਸ਼ਾਹ
ਸ਼ੂਨਯ ਸਿਮਰ ਕਰੋੜਾਂ ਧਨ ਪਾ
ਸ਼ੂਨਯ ਜਿਸ ਮਨ ਉਹ ਤਨ ਸੀਤਲ
ਉਸ ਤਨ ਸੱਚ ਵਿਚਾਰ
ਉਸ ਤਨ ਆਪਣਾ ਸੱਚ ਪਾਇਆ
ਆਤਮ ਤੋਂ ਬ੍ਰਹਮ ਜੋਤ ਸਮਾਇਆ

-0-

ਸ਼ੂਨਯ ਤੋਂ
ਇਸ ਜਗਤ ਦਾ ਸਿਲਸਿਲਾ ਤੁਰਿਆ
ਸਫ਼ਰ ਮੁਕਾ ਜਗਤ ਆਪਣਾ
ਇਸ ਸ਼ੂਨਯ ਵਿਚ ਮੁੜਿਆ
ਸ਼ੂਨਯ ਹੀ ਆਦਿ ਸੱਚ ਜੁਗਾਦਿ ਸੱਚ ਹੈ
ਹੈਭੀ ਸੱਚ ਹੋਸੀ ਭੀ ਸੱਚ ਹੈ
ਸ਼ੂਨਯ ਹਰ ਥਾਂ ਸਮਾਇਆ
ਸ਼ੂਨਯ ਬਿਨਾਂ ਕੋਈ ਸੱਚ ਵੀ
ਮਨ ਨੂੰ ਨਾ ਭਾਇਆ

-0-

ਸ਼ੂਨਯ ਪ੍ਰਭੂ ਭੈਅ ਵਿਚ
ਹਵਾ ਵਗਦੀ ਹੈ ਦਰਿਆ ਵਗਦੇ ਹਨ

ਅੱਗਣ ਜਲਦੀ ਹੈ ਜਲ ਵਗਦਾ ਹੈ
ਧਰਤ ਖੜੀ ਅਸਮਾਨ ਖੜਾ ਹੈ
ਸ਼ੂਨਯ ਪ੍ਰਭੂ ਭੈਅ ਵਿਚ
ਹਰ ਮੌਸਮ ਹਰ ਰੁੱਤ ਬਹਾਰ
ਧਰਮ ਰਾਜ ਦਾ ਲੱਗਿਆ ਦਰਬਾਰ
ਅਖੰਡ ਬ੍ਰਹਿਮੰਡ ਸੂਰਜ ਚੰਨ ਤਾਰਕਾ ਮੰਡਲ
ਸ਼ੂਨਯ ਭੈਅ ਵਿਚ ਸਾਹ ਭਰਦੇ ਹਨ
ਸ਼ੂਨਯ ਪ੍ਰਭੂ ਹੀ ਜੱਪਦੇ ਹਨ

-0-

ਸਿੱਧ ਬੁੱਧ ਨਾਥ ਦੇਵਤੇ
ਇਸ ਭੈਅ ਵਿਚ ਵਿਚਰਦੇ
ਬੜੇ ਬੜੇ ਯੋਧੇ ਬਲੀ ਸੂਰਮੇ
ਸ਼ੂਨਯ ਭੈਅ ਹੰਢਾਉਂਦੇ
ਰਿਸ਼ੀ ਮੁਨੀ ਸਾਧ ਸੰਤ ਸਭ
ਸ਼ੂਨਯ ਨੂੰ ਅਰਘ ਚੜ੍ਹਾਉਂਦੇ
ਜੋ ਵੀ ਜਗਤ ਵਿਚ ਜੰਮਦਾ ਮਰਦਾ
ਸਭ ਸ਼ੂਨਯ ਭੈਅ ਦੇ ਸਕਦਾ
ਸਭ ਜੀਵ ਜੰਤੂਆਂ ਮੱਥੇ
ਸ਼ੂਨਯ ਭੈਅ ਹੈ ਲਿਖਿਆ

-0-

ਕੇਵਲ ਇਕ ਸ਼ੂਨਯ ਪ੍ਰਭੂ ਹੀ
ਭੈਅ ਰਹਿਤ ਹੈ ਮੁਥਾਜ਼ੀ ਮੁਕਤ ਹੈ

ਇਕੋ ਉਹ ਸਭ ਤੋਂ ਵੱਖਰਾ ਹੈ
ਵੱਖਰੀ ਹੀ ਹੈ ਉਸਦੀ ਬਾਤ
ਉਸਦੇ ਹੁਕਮ ਵਿਚ ਸਮਾਂ ਹੈ
ਦਿਨ ਹੈ ਰਾਤ

–0–

ਸ਼ੂਨਯ ਪ੍ਰਭੂ ਉਹ ਸ਼ੂਨਯ ਹੈ
ਜੋ ਗੁਣਾਂ ਤੋਂ ਰਹਿਤ ਹੈ
ਸ਼ੂਨਯ ਪ੍ਰਭੂ ਹੀ ਇਕ ਸੱਚ ਹੈ
ਜੋ ਸਿਰਜਕ ਨਿਰਭੋਉ ਨਿਰਵੈਰ ਹੈ
ਸਦਾ ਨਿਰੰਤਰ ਬੰਧਨ ਰਹਿਤ ਹੈ
ਉਹ ਜੋ ਹੈ
ਉਹ ਹੋਣ ਦੀ ਮੁਥਾਜ਼ੀ ਉਸਨੂੰ ਨਹੀਂ ਹੈ
ਉਹ ਕੌਣ ਹੈ ਉਹ ਕੀ ਹੈ ਉਹ ਕਿਵੇਂ ਹੈ
ਇਸ ਸਭ ਦੀ ਪ੍ਰਤੀਤੀ ਵੀ
ਕੇਵਲ ਉਸਨੂੰ ਹੀ ਹੈ
ਜਿਸ ਚੀਜ਼ ਦੀ ਵੀ ਉਸਨੂੰ ਪ੍ਰਤੀਤੀ ਹੈ
ਉਸ ਪ੍ਰਤੀਤੀ ਦੀ ਮੁਥਾਜ਼ੀ ਦੇ
ਅਹਿਸਾਸ ਤੋਂ ਉਹ ਮੁਕਤ ਹੈ

–0–

ਇਹ ਸ਼ੂਨਯ ਆਪਣੇ ਆਪ ਹੈ
ਜਿਸ ਦੁਆਲੇ ਕੋਈ ਬੰਧਨ
ਮੁਥਾਜ਼ੀ ਵਲਗਣ ਨਾ ਕੋਈ ਵਾੜ ਹੈ
ਉਹ ਇਕ ਹੁੰਦਿਆਂ ਵੀ

ਇਕ ਹੋਣ ਦੇ ਅਨੁਭਵ ਦਾ
ਮੁਥਾਜ਼ ਨਹੀਂ ਹੈ
ਸੱਚ ਹੁੰਦਿਆਂ ਵੀ
ਸੱਚ ਹੋਣ ਦੀ ਮੁਥਾਜ਼ੀ ਤੋਂ ਮੁਕਤ ਹੈ
ਸਿਰਜਕ ਨਿਰਭੋਉ ਤੇ ਨਿਰਵੈਰ
ਹੁੰਦਿਆਂ ਵੀ
ਇਨ੍ਹਾਂ ਸ਼ਬਦਾਂ ਤੇ ਅਰਥਾਂ ਦੇ
ਅਹਿਸਾਸ ਦੀ ਮੁਥਾਜ਼ੀ ਤੋਂ ਮੁਕਤ ਹੈ
ਮ੍ਰਿਤਯੂ ਰਹਿਤ ਆਜੂਨੀ ਰਹਿਤ
ਹੁੰਦਿਆਂ ਵੀ
ਇਸ ਅਹਿਸਾਸ ਮੁਥਾਜ਼ ਦੇ
ਅਨੁਭਵ ਤੋਂ ਮੁਕਤ ਹੈ
ਉਹ ਸੁਤੰਤਰ ਹੈ ਸੁਤੰਤਰਤਾ ਦੀ
ਯੁਗਤ ਹੈ

-0-

ਜੋ ਮਾਨਵ ਤਿਨ ਗੁਣਾਂ ਰਹਿਤ
ਇਹ ਸ਼ੂਨਯ ਜਾਣੇ
ਉਹ ਚੌਥੀ ਅਵੱਸਥਾ ਵਿਚ
ਫੈਲੀ ਸ਼ੂਨਯ ਦਾ ਰੂਪ ਪਹਿਚਾਣੇ
ਉਸ ਅਵੱਸਥਾ ਵਿਚ ਟਿਕੇ ਮਾਨਵ ਨੂੰ
ਲੋਭ ਹੰਕਾਰ ਪੋਹ ਨਹੀਂ ਸਕਦੇ
ਸਗਲ ਜਗਤ ਉਸਦਾ ਮਿੱਤਰ ਹੈ
ਉਸਦੇ ਵੈਰੀ ਹੋ ਨਹੀਂ ਸਕਦੇ

-0-

ਜੋ ਮਾਨਵ ਸ਼ੂਨਯ ਪ੍ਰਭੂ ਦਾ
ਸਰਗੁਣ ਨਿਰਗੁਣ ਰੂਪ ਪਛਾਣੇ
ਉਹ ਮਾਨਵ ਦੁਨੀਆਂ ਵਿਚ ਰਹਿੰਦਾ ਵੀ
ਸ਼ੂਨਯ ਦਾ ਹੀ ਰੂਪ ਹੋ ਜਾਏ
ਹਰ ਕੋਈ ਜ਼ਿਕਰ ਕਰੇ ਸ਼ੂਨਯ ਦਾ
ਪਰ ਵਿਰਲਾ ਹੀ ਕੋਈ
ਇਸ ਸ਼ੂਨਯ ਦਾ ਸੱਚ ਪਾਏ
ਇਸ ਸ਼ੂਨਯ ਵਿਚ ਟਿਕੇ
ਰਹਿਣ ਦਾ ਆਨੰਦ ਹੰਢਾਏ

–0–

ਜੋ ਮਾਨਵ
ਇਸ ਸ਼ੂਨਯ ਵਿਚ ਟਿਕੇ ਰਹਿੰਦੇ ਹਨ
ਉਹ ਮਾਨਵ ਕਿਹੋ ਜਿਹੇ ਹੁੰਦੇ ਹਨ
ਉਹ ਜਿਸ ਸ਼ੂਨਯ ਪ੍ਰਭੂ 'ਚੋਂ ਜਨਮੇਂ
ਉਸ ਪ੍ਰਭੂ ਜਿਹੇ ਹੁੰਦੇ ਹਨ
ਜੋ ਨਾ ਜਨਮਦੇ ਜੋ ਨਾ ਮਰਦੇ
ਉਹ ਨਰ ਸਦਾ ਰਹਿੰਦੇ ਹਨ
ਸਦਾ ਹੁੰਦੇ ਹਨ

–0–

ਗੁਰੂ ਕ੍ਰਿਪਾ ਦੇ ਹੁਕਮ 'ਚ ਰਹਿ ਕੇ
ਜੋ ਨਰ
ਇਸ ਸ਼ੂਨਯ ਦੀ ਸੁਮੱਤੇ ਲੱਗਦੇ ਹਨ

ਜਦ ਦੇਹ ਦੇ ਨੌਂ ਦਰਵਾਜ਼ੇ
ਪ੍ਰਭੂ ਸਿਮਰਨ ਸਦਕਾ
ਬਾਹਰੋਂ ਬੰਦ ਹੋ ਜਾਂਦੇ ਹਨ
ਤਾਂ ਅੰਦਰ ਵੱਲ ਖੁੱਲ੍ਹਦੇ ਹਨ
ਦੁਨਿਆਵੀ ਪਦਾਰਥਾਂ ਦੀ
ਤ੍ਰਿਸ਼ਨਾ ਭੁਲਦੇ ਹਨ
ਤਾਂ ਮਨੁੱਖੀ ਮਨ ਇਕ ਰਸ ਹੋਕੇ
ਸ਼ੂਨਯ ਅਵੱਸਥਾ ਵਿਚ ਖੋਹ ਜਾਦਾ ਹੈ
ਆਪਣਾ ਆਪ ਭੁਲਾ ਦਿੰਦਾ ਹੈ
ਸ਼ੂਨਯ ਦੀ ਸ਼ੂਨਯ ਹੋ ਜਾਂਦਾ ਹੈ

-0-

ਇਹ ਅਵੱਸਥਾ
ਮਨੁੱਖੀ ਮਨ ਵਿਚ
ਇੰਨੀ ਪ੍ਰਬਲ ਹੋ ਜਾਂਦੀ ਹੈ
ਕਿ ਮਾਨਵ ਸ਼ੂਨਯ ਹੋ ਜਾਂਦਾ ਹੈ
ਕੋਈ ਖ਼ਿਆਲ ਵੀ
ਉਸਦੇ ਅੰਦਰ ਆ ਨਹੀਂ ਸਕਦਾ
ਹਿਰਦੇ ਅੰਦਰ ਸ਼ੂਨਯ ਦੀ
ਜਗਦੀ ਜੋਤ ਬੁਝਾ ਨਹੀਂ ਸਕਦਾ

-0-

ਇਸ ਅਵੱਸਥਾ ਵਿਚ ਮਾਨਵ ਅੰਦਰ
ਸ਼ੂਨਯ ਸਵੈ ਪ੍ਰਗਟ ਹੁੰਦੀ ਹੈ
ਮਨੁੱਖ ਦੇ ਅੰਦਰ ਹਰ ਪਾਸੇ ਹੀ

ਸ਼ੂਨਯ ਦੀ ਬਰਕਤ ਹੁੰਦੀ ਹੈ
ਇਸ ਅਡੋਲਤਾ ਵਿਚ ਰਹਿ ਕੇ
ਮਾਨਵ ਸ਼ੂਨਯ ਆਨੰਦ ਪ੍ਰਾਪਤ
ਕਰਦਾ ਹੈ
ਨੀਂਦਰਾਂ ਤੋਂ ਮੁਕਤੀ ਪਾਉਂਦਾ ਹੈ
ਆਪਣੇ 'ਚ ਸੁਚੇਤ ਰਹਿੰਦਾ ਹੈ
ਸ਼ੂਨਯ ਸ਼ਬਦ ਦੀ ਬਾਣੀ
ਮਾਨਵ ਨੂੰ ਸ਼ੂਨਯ ਵਿਚ
ਟਿਕਾਈ ਰੱਖਦੀ ਹੈ
ਮਾਨਵ ਦੀ ਸੁਰਤੀ ਪ੍ਰਭੂ ਚਰਨਾਂ ਵਿਚ
ਲਾਈ ਰੱਖਦੀ ਹੈ

-0-

ਇਸ ਬਾਣੀ ਦੇ ਸਿਮਰਨ ਸਦਕਾ
ਆਤਮਾ ਰੂਪ ਮਨੁੱਖ ਦਾ
ਸ਼ੂਨਯ ਰੂਪ ਵਟਾ ਲੈਂਦਾ ਹੈ
ਸ਼ੂਨਯ ਦਾ ਸੱਚ ਹੋ ਜਾਂਦਾ ਹੈ
ਸ਼ੂਨਯ ਦਾ ਸੱਚ ਪਾ ਲੈਂਦਾ ਹੈ
ਸ਼ੂਨਯ ਸ਼ਬਦ ਨਿਰੰਤਰ
ਹਰ ਥਾਂ ਤੇ ਵਸ ਰਿਹਾ ਹੈ
ਜਿਧਰ ਵੇਖੋ ਇਹ ਸ਼ਬਦ ਹੀ
ਥਾਂ ਥਾਂ ਦੇ ਵਿਚ ਰਸ ਰਿਹਾ ਹੈ

-0-

ਅਫੁਰ ਪ੍ਰਭੂ ਇਕ ਰਸ ਨਿਰੰਤਰ ਹੈ
ਅਫੁਰ ਸ਼ਬਦ
ਮਨੁੱਖੀ ਮਨ ਚੋਂ ਰਿਸ ਰਿਹਾ ਹੈ
ਪੂਰਨ ਸੱਤਾਧਾਰੀ ਪ੍ਰਮੇਸ਼ਵਰ
ਇਸ ਸ਼ਬਦ ਚੋਂ ਦਿੱਸ ਰਿਹਾ ਹੈ
ਪ੍ਰਭੂ ਸਿਮਰਨ ਵਿਚ ਮਨ ਲੱਗਦਾ ਹੈ
ਸਗਲ ਭਟਕਣਾ ਦੂਰ ਹੋ ਜਾਂਦੀ ਹੈ
ਦੇਹ ਨੂਰੋ ਨੂਰ ਹੋ ਜਾਂਦੀ ਹੈ
ਮਾਨਵ ਆਪਣੀ ਸੁਰਤੀ
ਅਫੁਰ ਪ੍ਰਭੂ 'ਚ ਲਾਈ ਰੱਖਦਾ
ਅਫੁਰ ਸ਼ਬਦ
ਹਿਰਦੇ ਵਿਚ ਵਸਾਈ ਰੱਖਦਾ
ਇੱਥੇ ਉੱਥੇ ਲੋਕ ਪ੍ਰਲੋਕ 'ਚ
ਅਫੁਰ ਪ੍ਰਭੂ ਸਮਾਇਆ ਹੀ
ਅਨੁਭਵ ਹੁੰਦਾ ਹੈ
ਪ੍ਰਭੂ ਸਿਮਰਨ ਵਿਚ ਜੁੜਿਆ
ਜਦ ਮਾਨਵ ਮਨ ਹੁੰਦਾ ਹੈ

-0-

ਜੋ ਮਾਨਵ ਇਹ ਸ਼ਬਦ ਪਛਾਣੇ
ਇਸ ਨਾਲ ਡੂੰਘੀ ਸਾਂਝ ਬਣਾਵੇ
ਮੇਰ ਤੇਰ
ਉਸ ਮਾਨਵ ਨੂੰ ਛੋਹ ਨਹੀਂ ਸਕਦੀ

ਉਸ ਮਾਨਵ ਦਾ ਆਪਣਾ
ਕੋਈ ਵੱਖਰਾ ਚਿੰਨ੍ਹ ਵਰਣ ਨਹੀਂ ਰਹਿੰਦਾ
ਸ਼ੂਨਯ ਪ੍ਰਭੂ ਹੀ ਹਰ ਵੇਲੇ
ਉਸਦੇ ਸਵਾਸ ਗਰਾਸ ਹੈ ਰਹਿੰਦਾ
ਸ਼ੂਨਯ ਬਿਨ ਉਸ ਮਾਨਵ ਦਾ
ਕੋਈ ਕਰਮ ਨਹੀਂ ਰਹਿੰਦਾ
ਧਰਮ ਨਹੀਂ ਰਹਿੰਦਾ

-0-

ਜੋ ਮਾਨਵ ਸੁਵਾਸਾਂ ਸੰਗ
ਅਫੁਰ ਪ੍ਰਭੂ ਧਿਆਵੇ
ਸਿਮਰਨ ਨਹੀਂ ਪ੍ਰਾਣਾਂ ਦੀ
ਖੁਰਾਕ ਬਣਾਵੇ
ਉਹ ਅੰਗਮ ਪਾਰ ਬ੍ਰਹਮ ਦਾ
ਹੀ ਹੋ ਜਾਵੇ
ਜਿਸਨੇ ਚਿੱਤ ਪ੍ਰਭੂ ਸੰਗ ਰੰਗਿਆ
ਤਿਨ ਸੁੰਨ ਸਮਾਧੀ ਪਾਈ
ਤਿਸ ਮਾਨਵ ਮਾਇਆ ਨਾ ਪਹੁੰਚੇ
ਹਾਉਮੈ ਮੁਕਤੀ ਪਾਈ

-0-

ਅਫੁਰ ਜੱਪਤ ਹੋਵੇ ਉਧਾਰ
ਅਫੁਰ ਜੱਪਤ ਚਿੰਤਾ ਮੁਕਤ
ਅਫੁਰ ਜੱਪਤ ਮੂਰਖ਼ ਚਤੁਰ

ਅਫੁਰ ਜੱਪਤ ਕਾਲ ਤਰੇ
ਅਫੁਰ ਜੱਪਤ ਬਿਪਤਾ ਦਾ ਨਾਸ
ਅਫੁਰ ਜੱਪਤ ਤਨ ਨਿਰਮਲ ਹੋਏ
ਅਫੁਰ ਜੱਪਤ ਪ੍ਰਭੂ ਚਿੱਤ ਆਵੇ
ਅਫੁਰ ਜੱਪਤ ਹੋਏ ਮਾਇਆ ਦਾਸ

-0-

ਜਿਉਣ ਮਰਨ
ਜੋ ਇਕ ਕਰ ਜਾਣੇ
ਜੀਵਨ ਦਾ ਉਹ ਸੱਚ ਪਛਾਣੇ
ਜੀਵਤ ਮਰੇ ਨਰ ਮੁਕਤੀ ਪਾਏ
ਸ਼ੂਨਯ ਪ੍ਰਭੂ ਰੂਪ ਹੋ ਜਾਏ
ਸ਼ੂਨਯ ਪ੍ਰਭੂ ਦਾ ਸੱਚਾ ਦਰਬਾਰਾ
ਸੱਚ ਸਿਮਰਨ ਸੱਚ ਅਧਾਰਾ
ਸੱਚੀ ਸ਼ੂਨਯ ਦੇ ਸੱਚੇ ਗੁਣ ਗਾਓ
ਆਦਿ ਪ੍ਰਭ ਸ਼ੂਨਯ ਨਿਰੰਕਾਰਾ
ਜੈਸਾ ਸੁਣੀਏ ਤੈਸਾ ਹੋਏ
ਸ਼ੂਨਯ ਹੁਕਮੈ ਸਗਲ ਉਪਾਏ
ਲੱਖ ਚੌਰਾਸੀ ਸ਼ੂਨਯ ਸਮਾਏ

-0-

ਸ਼ੂਨਯ ਪ੍ਰਭੂ ਮਾਨਵ ਨੂੰ ਦਿੱਤੀ
ਚੇਤਨ ਆਤਮ ਵੱਡਿਆਈ
ਜਿਸ ਨਰ ਆਤਮ ਜੋਤ ਬੁੱਝਾਈ

ਉੱਚੇ ਤੋਂ ਉੱਚਾ ਸ਼ੂਨਯ ਦਰਬਾਰਾ
ਕਿਹਾ ਨਾ ਜਾਏ ਅੰਤ ਪਸਾਰਾ
ਇਸ ਜਗਤ ਵਿਚ ਉਹ ਉਤਮ
ਜੋ ਨਰ ਨਾਰੀ ਸ਼ੂਨਯ ਭਾਵੇ
ਸ਼ੂਨਯ ਸਮਰਥ ਸਰਬ ਸੁੱਖਦਾਤਾ
ਮਾਨਵ ਜਿਸਦਾ ਸੱਚ ਪਛਾਤਾ

–0–

ਨਿਰੰਜਨ ਸਿਮਰੇ ਪਰਮ ਆਨੰਦਾ
ਜਨਮ ਜਨਮ ਦੀ ਮੈਲ ਮਿਟਾਉਂਦਾ
ਜਿਸ ਜਨ ਨਿਰੰਜਨ ਪ੍ਰਭੂ ਜਾਤਾ
ਤਿਸ ਨਰ ਆਤਮ ਤ੍ਰਿਸ਼ਨਾ ਪਾਈ
ਜੋਤੀ ਜੋਤ ਮਿਲੇ ਆਤਮ
ਪ੍ਰਭੂ ਰੂਪ ਹੋ ਜਾਈ
ਊਠਤ ਸਿਮਰੇ ਬੈਠਤ ਸਿਮਰੇ
ਜਗਤ ਜੰਜਾਲ ਤੋਂ ਨਰ ਨਾਰੀ
ਜਿਉਂਦੇ ਜੀਅ ਮੁਕਤੀ ਪਾਈ

–0–

ਨਿਰੰਜਨ ਪ੍ਰਭੂ ਹੈ
ਘਟ ਘਟ ਦਾ ਅੰਤਰਜਾਮੀ
ਸੁੱਤਿਆਂ ਆਨੰਦ
ਜਾਗਦਿਆਂ ਆਨੰਦ
ਜਦ ਨਿਰੰਜਨ ਜੱਸ ਪ੍ਰਾਪਤ ਹੋਵੇ

ਤਾਂ ਮਾਨਵ ਨਿੰਦਿਆ ਕਾਮ ਕ੍ਰੋਧ
ਭੁਲਾ ਕੇ
ਨਿਰੰਜਨ ਪ੍ਰਭੂ ਵਿਚ ਖੋਹ ਜਾਵੇ

-0-

ਅਭਾਵ ਪ੍ਰਭੂ ਆਪਣੇ ਆਪ 'ਚ
ਸਮਤਲ ਤੇ ਮਸਤ ਰਹਿੰਦਾ ਹੈ
ਅਭਾਵ ਪ੍ਰਭੂ ਸਹਿਕਾਰੀ
ਗੁਣਾਂ ਦਾ ਹੈ ਭੰਡਾਰੀ
ਜੋ ਨਰ ਅਭਾਵ ਪ੍ਰਭੂ
ਚਰਨਾਂ ਨੂੰ ਪਸਰੇ
ਉਸ ਤੇ ਮੀਂਹ ਮਿਹਰਾਂ ਦਾ ਬਰਸੇ
ਮੋਹ ਮਾਇਆ
ਜਨਮ ਮਰਨ ਤੋਂ ਪਾਏ ਛੁਟਕਾਰਾ
ਉਸ ਵਿਚ ਵਸੇ ਸਿਰਜਣਹਾਰਾ

-0-

ਮਾਨਵ ਸ਼ੂਨਯ ਪ੍ਰਭੂ ਸਿਮਰਨ ਦਾ
ਫੱਲ ਪ੍ਰਾਪਤ ਕਰ ਲੈਂਦਾ ਹੈ
ਪਰਮ ਆਨੰਦ ਪਰਮ ਸ਼ਾਂਤੀ
ਪਰਮ ਸੁੱਖ ਨੂੰ ਵਰ ਲੈਂਦਾ ਹੈ
ਆਪਣਾ ਸੀਸ ਜੋ ਮਾਨਵ
ਤਲੀ ਤੇ ਧਰ ਲੈਂਦਾ ਹੈ
ਤਰ ਕੇ ਅੱਗ ਦਾ ਦਰਿਆ ਮਾਨਵ
ਚੰਨ ਦੀ ਠੰਡ਼ਕ ਫੜ ਲੈਂਦਾ ਹੈ

-0-

ਜਦ ਜੀਵ ਅਭਾਵ ਪ੍ਰਭੂ ਦੇ
ਸੰਗ ਜੁੜਦਾ ਹੈ
ਤਾਂ ਉਸਨੂੰ
ਦੁਨੀਆਂ ਤੇ ਭਰਮ ਤੇ ਮੋਹ ਮਾਇਆ ਦਾ
ਅਹਿਸਾਸ ਹੁੰਦਾ ਹੈ
ਇਸ ਦੁਨੀਆਂ ਦਾ ਸੱਚ ਜਾਣ ਕੇ
ਮਾਨਵ ਅਭਾਵ ਪ੍ਰਭੂ ਦੇ ਦਰ ਆਉਂਦਾ ਹੈ
ਆਪਣੇ ਸਭ ਗੁਨਾਹ ਬਖ਼ਸ਼ਾਉਂਦਾ ਹੈ
ਸੱਚਾ ਸੁੱਚਾ ਤੇ ਸ਼ੁੱਧ ਹੋ ਕੇ
ਉਹ ਨਰ ਸੱਚ ਨੂੰ ਪਾ ਜਾਂਦਾ ਹੈ
ਆਪਣੀ ਦੇਹ ਤੇ ਪ੍ਰਾਣਾਂ ਤੋਂ
ਸਰੀਰਕ ਕਾਰਜ ਪ੍ਰਣਾਲੀ ਤੋਂ
ਦੇਖਣ ਸੁਣਨ ਤੇ ਬੋਲਣ ਦੀ
ਪ੍ਰਵਿਰਤੀ ਤੋਂ ਜਾਨ ਛੁੱਡਾ ਜਾਂਦਾ ਹੈ
ਆਪਣਾ ਸਰਗੁਣ ਰੂਪ ਤਿਆਗ
ਨਿਰਗੁਣ ਵਿਚ ਸਮਾ ਜਾਂਦਾ ਹੈ

–0–

ਇਹ ਉਹ ਸੁੱਖ ਹੈ
ਜਿਸ ਦੀ ਤ੍ਰਿਸ਼ਨਾ
ਹਰ ਨਰ ਨਾਰੀ ਕਰਦਾ ਹੈ
ਇਹ ਸੁੱਖ ਮਾਨਵ ਨੂੰ
ਪੂਰਨ ਸੁਤੰਤਰਤਾ ਦਾ ਅਹਿਸਾਸ
ਕਰਾਉਂਦਾ ਹੈ

ਇਸ ਅਵੱਸਥਾ ਵਿਚ
ਮਾਨਵ ਨੂੰ ਕੁੱਝ ਵੀ ਕਰਨ ਦੀ ਲੋੜ
ਨਹੀਂ ਹੈ
ਇਸ ਅਵੱਸਥਾ ਵਿਚ
ਨਾ ਕਾਰਜ ਹੈ ਨਾ ਕਰਮ ਫੱਲ ਹੈ
ਸਬਰ ਸੰਤੋਖ਼ ਮਨ ਦੀ ਸ਼ਾਂਤੀ
ਤੇ ਇੱਛਾ ਮੁਕਤ ਲਹਿਰ ਹੈ

–0–

ਜੋ ਮਾਨਵ
ਸਿਰਫ਼ ਅਭਾਵ ਪ੍ਰਭੂ ਦਾ
ਆਸਰਾ ਰੱਖਦਾ ਹੈ
ਉਸ ਤੋਂ ਬਿਨਾਂ ਦੁਨੀਆਂ ਦੇ
ਸਭ ਸਹਾਰੇ ਵਿਸ਼ਵਾਸ ਤ੍ਰਿਸ਼ਨਾ
ਆਪਣੇ ਚੋਂ ਮਨਫ਼ੀ ਕਰਦਾ ਹੈ
ਉਹ ਇਸ ਭੇਦ ਨੂੰ ਪਾ ਲੈਂਦਾ ਹੈ
ਆਪਣਾ ਭਰਮ ਮਿਟਾ ਲੈਂਦਾ ਹੈ

–0–

ਅਭਾਵ ਪ੍ਰਭੂ ਦੀ ਜੋਤੀ
ਆਦਿ ਤੋਂ ਪਹਿਲਾਂ ਅੰਤ ਤੋਂ
ਪਿੱਛੋਂ ਵੀ ਜਗਦੀ ਹੈ
ਇਹ ਜੋਤੀ ਹੀ
ਆਤਮ ਮੁਕਤੀ ਹੋਈ ਆਤਮਾ ਨੂੰ
ਸਦਾ ਸਲਾਮਤ ਨਿਰੰਕਾਰ
ਬ੍ਰਹਮ ਲੱਗਦੀ ਹੈ

ਇਹ ਜੋਤੀ ਜੀਵਨ ਸ਼ੂਨਯ ਹੈ
ਬ੍ਰਹਿਮੰਡਕ ਮੂਲ ਹੈ
ਬ੍ਰਹਿਮੰਡਕ ਜੜ੍ਹ ਹੈ
ਇਹ ਸ਼ੂਨਯ ਸਦਾ ਨਿਰੰਤਰ
ਸਤਿਨਾਮ ਤੇ ਏਕ ਹੈ
ਦਿੱਸ ਅਦਿੱਸ ਸਭਨਾਂ ਦੀ
ਕਰਤਾ ਹੈ
"ਜਾਂ ਕਰਨ ਕਰਾਵਣ ਹਾਰ ਕਰਤਾਰਾ
ਕਿਆ ਮੁਥਾਜ਼ੀ ਕਿਆ ਸੰਸਾਰਾ"

-0-

ਸ਼ੂਨਯ ਪਾਇਆ
ਜਗਤ ਖਿਲਾਰਾ ਜਗਤ ਉਪਜਿਆ
ਹਰ ਵਸਤੂ ਆਪਣੀ ਥਾਂ ਆਈ
ਸ਼ੂਨਯ ਨਿਰਗੁਣ ਤੋਂ ਸਰਗੁਣ
ਰੂਪ ਸਮਾਇਆ
ਬ੍ਰਹਮਾਂ ਵਿਸ਼ਨੂੰ ਸ਼ਿਵ ਜਨਮਿਆਂ
ਕਾਮ ਕ੍ਰੋਧ ਲੋਭ ਮੋਹ ਹੰਕਾਰ ਜਨਮਿਆਂ

-0-

ਸ਼ੂਨਯ ਨੇ ਪ੍ਰਕਿਰਤੀ ਸਾਜ਼ੀ
ਜੀਵ ਜੰਤ ਸ੍ਰਿਸ਼ਟੀ ਦੀ
ਸਗਲ ਸਮੱਗਰੀ
ਸ੍ਰਿਸ਼ਟੀ ਵਿਚ ਬਿਰਾਜੀ
ਸ਼ੂਨਯ ਪ੍ਰਭੂ ਨੇ ਰਚਨਾ ਕੀਤੀ
ਤੇ ਸਭ ਰਚਨਾ ਆਪ ਸੰਭਾਲੀ

ਹਰ ਥਾਂ ਆਪਣਾ ਹੁਕਮ ਚਲਾਇਆ
ਸ਼ੂਨਯ ਖ਼ੁਦ
ਜਗਤ ਰੂਪ ਹੋ ਪ੍ਰਗਟ ਆਇਆ

-0-

ਆਪਣੀ ਉਮਰਾ ਭੋਗ ਬ੍ਰਹਿਮੰਡ
ਜੀਵਨ ਮੁਕਤੀ ਪਾ ਜਾਂਦਾ ਹੈ
ਸ਼ੂਨਯ ਚੋਂ ਉਪਜਕੇ
ਸ਼ੂਨਯ ਵਿਚ ਸਮਾ ਜਾਂਦਾ ਹੈ
ਇਹ ਸ਼ੂਨਯ ਹੀ ਸਭ ਕੁੱਝ ਹੈ
ਇਹੀ ਕਰਤਾ ਇਹੀ ਕੁਦਰਤ
ਇਹੀ ਕਣ ਕਣ ਵਿਚ ਸਮਾਇਆ
ਇਹ ਸ਼ੂਨਯ ਵੰਡੀ ਹੋਈ ਵੀ
ਪੂਰਨ ਇਕ ਇਕਾਈ ਹੈ
ਜਗਤ ਰੂਪ ਵਿਚ ਸ਼ੂਨਯ ਸਰਗੁਣ
ਸਵੈ ਰੂਪ ਵਿਚ ਨਿਰਗੁਣ ਕਹਾਈ ਹੈ

-0-

ਗੁਰੂ ਕ੍ਰਿਪਾ ਤੇ
ਇਹ ਸ਼ੂਨਯ ਆਪਾ ਪ੍ਰਗਟਾਵੇ
ਸੂਰਜ ਚੰਨ ਸਿਤਾਰੇ
ਅੱਗਣ ਤੇਜ ਬਣ
ਆਪੇ ਆਪਾ ਵੇਖਣ ਆਵੇ

ਕੁਲ ਮਾਨਵਤਾ ਵਿਚ ਸ਼ੂਨਯ
ਆਪਣੀ ਜੋਤੀ ਬਾਲੀ
ਆਤਮ ਰੂਪ ਵਿਚ ਮਾਨਵ ਨੂੰ
ਆਪਣੀ ਹੋਂਦ ਵਿਖਾਲੀ

-0-

ਸ਼ੂਨਯ ਪ੍ਰਭੂ ਚਾਨਣ ਹੀ ਚਾਨਣ
ਸੁੱਖ ਸਾਗਰ ਅਖਵਾਉਂਦਾ
ਸ਼ੂਨਯ ਪ੍ਰਭੂ ਹੁਕਮੈ ਸੰਸਾਰਾ
ਹੁਕਮੈ ਵੇਦ ਵਿਚਾਰਾ
ਸਭ ਸ਼ਾਸਤਰ ਸਿਮ੍ਰਿਤੀਆਂ
ਪੁਰਾਣ
ਪ੍ਰਭੂ ਦਾ ਸਵੈ ਪ੍ਰਗਟਾਵਾ
ਕੀਰਤਨ ਸ਼ਬਦ ਵਿਆਖਿਆ
ਸਭ ਹੁਕਮੈ ਕਰਤਾਰਾ
ਆਪੇ ਜਗਤ
ਜਗਤ ਦੀ ਰਚਨਾ ਆਪੇ ਵਿਚਰਨਹਾਰਾ

-0-

ਜਗਤ ਇੱਛਾ ਸੰਗ
ਜਗਤ ਨਾ ਸਿਰਜਿਆ ਜਾਏ
ਜੋ ਸ਼ੂਨਯ ਪ੍ਰਭੂ ਭਾਏ
ਪ੍ਰਭੂ ਤੈਸਾ ਜਗਤ ਰਚਾਏ
ਨਾ ਪੁੱਛ ਕੇ ਪ੍ਰਭੂ ਕਿਸੇ ਜੀਵ
ਦਾ ਵਜੂਦ ਘੜੇ

ਨਾ ਹੀ ਪੁੱਛ ਕੇ ਜਾਨ ਜੀਵ ਵਿਚ ਧਰੇ
ਆਪਣੀ ਕੁਦਰਤ ਆਪੇ ਸਾਜੇ
ਆਪੇ ਜਗਤ ਸਮਾਏ
ਨਜ਼ਰ ਮਿਹਰ ਦੀ ਰਖੇ ਸਭ ਤੇ
ਕਾਰ ਵਿਹਾਰ ਚਲਾਏ

-0-

ਜੋ ਨਰ ਉਸਨੂੰ ਭਾਏ
ਸਭ ਗੁਣ ਕਰਦਾ ਦਾਤਾ ਆਪਣੇ
ਉਸ ਨਰ ਦੇ ਹਵਾਲੇ
ਆਪੇ ਹੱਸ ਹੱਸ ਖੀਵਾ ਹੋਵੇ
ਆਪੇ ਤੱਕੇ ਆਪਣੀ ਵਡਿਆਈ
ਆਪੇ ਖ਼ਲਕਤ ਕੰਮੀਂ ਧੰਦੀਂ ਲਾਈ
ਸਭ ਉਸਨੂੰ
ਸਿਮਰਨ ਧਿਆਵਣ
ਉਸਨੂੰ ਜੱਪਦੇ ਜੱਪਦੇ
ਵਿਸ਼ੇ ਵਿਕਾਰਾਂ ਤੋਂ ਛੁੱਟ ਜਾਵਣ

-0-

ਸ਼ੂਨਯ ਪ੍ਰਭੂ ਮਾਤ ਪਿਤਾ ਹੈ
ਮਾਨਂਵ ਸਭ ਬਾਲਕ ਹਨ ਉਸਦੇ
ਤੂੰ ਉੱਚੇ ਤੋਂ ਉੱਚਾ ਸਾਈਂ
ਜਗ ਤੇਥੋਂ ਕੁਰਬਾਨ ਹੈ ਦਾਤਾ
ਤੂੰ ਹੀ ਦੇਹ ਤੂੰ ਜਾਨ
ਤੂੰ ਜਿੰਦ ਪ੍ਰਾਣ ਹੈ ਦਾਤਾ

ਸ਼ੂਨਯ ਪ੍ਰਭੂ ਸਿਰਜ ਸ੍ਰਿਸ਼ਟੀ
ਆਪ ਦੇਵੇ ਤਿਨ ਅੰਨ੍ਹ ਭੰਡਾਰ
ਹਰੀ ਖ਼ਜ਼ਾਨਾ ਗੁਣਾਂ ਦਾ
ਸਭ ਜੀਵਾਂ ਵਿਚਕਾਰ
ਸ਼ੂਨਯ ਪ੍ਰਭੂ ਹੈ ਸਭ ਦੇ ਨੇੜੇ
ਨਹੀਂ ਕਿਸੇ ਤੋਂ ਦੂਰ
ਸੱਚ ਸਮੁੱਗਰੀ ਸੰਗ
ਹਰ ਵਸਤੂ ਹਰ ਜੀਵ ਜੰਤ
ਹੈ ਭਰਪੂਰ

-0-

ਸ਼ੂਨਯ ਪ੍ਰਭੂ ਸੰਸਾਰ ਸਿਰਜਿਆ
ਮਾਨਵ ਸਿਰਜਿਆ
ਆਤਮ ਸਿਰਜਿਆ
ਸਿਰਜਿਆ ਸਵੈ ਨਿਰੰਕਾਰ
ਇਹ ਸ਼ੂਨਯ ਉਹ ਸ਼ੂਨਯ ਹੈ
ਜਿਸਨੇ ਕੁੱਲ ਲੋਕਾਈ ਸਿਰਜੀ
ਇਕਾਈ ਵਿਚੋਂ ਵੰਡ ਸਿਰਜਕੇ
ਵੰਡ ਵਿਚੋਂ ਇਕਾਈ ਸਿਰਜੀ

-0-

ਜਿਵੇਂ ਹਨ੍ਹੇਰਾ ਚਾਨਣ ਦੀ ਕੁੱਖ ਹੈ
ਚੁੱਪ ਸ਼ੋਰ ਦੀ ਇਕਾਂਤ ਰੌਣਕ ਦੀ ਕੁੱਖ ਹੈ
ਸ਼ਬਦ ਅਕਾਸ਼ ਦੀ ਸੁਗੰਧ ਧਰਤੀ ਦੀ ਕੁੱਖ ਹੈ
ਗਤੀ ਹਵਾ ਦੀ ਤੇਜ਼ ਅੱਗਣ ਦੀ
ਰਸ ਜਲ ਦੀ ਕੁੱਖ ਹੈ

ਵੀਰਜ਼ ਬਿਨਾਂ ਤੇ ਗਰਭ ਬਿਨਾਂ
ਸ਼ੂਨਯ
ਸ੍ਰਿਸ਼ਟੀ ਸਿਰਜਣ ਦੀ ਕੁੱਖ ਹੈ

-0-

ਪਰ ਇਸ ਸ਼ੂਨਯ ਦਾ ਸੱਚ
ਉਹੀ ਜਾਣਦਾ ਹੈ
ਜੋ ਇਸ ਸ਼ੂਨਯ ਚੋਂ ਉਪਜੀ
ਉਤਪਤੀ ਪਹਿਚਾਣਦਾ ਹੈ
ਜੋ ਸਰਗੁਣ ਹੈ
ਉਹ ਨਿਰਗੁਣ ਦਾ ਸੱਚ
ਸਮਝ ਪਹਿਚਾਣ ਤੇ ਜੀਅ ਸਕਦਾ ਹੈ
ਜਿਸਨੇ ਵਿਸ਼ ਜਗਤ ਦਾ ਪੀਤਾ
ਉਹ ਅੰਮ੍ਰਿਤ
ਇਸ ਸ਼ੂਨਯ ਦਾ ਪੀ ਸਕਦਾ ਹੈ

-0-

ਅਕਾਰ ਹੀ
ਅਕਾਰ ਰਹਿਤ ਦੀ ਵਸੀਅਤ ਦਾ
ਅਨੁਭਵ ਕਰ ਸਕਦਾਂ ਹੈ
ਸ਼ੂਨਯ ਪ੍ਰਭੂ
ਸੰਸਾਰ ਰੂਪ ਵਿਚ ਸਰਗੁਣ ਹੈ
ਸਰਗੁਣ ਹੀ ਨਿਰਗੁਣ ਦੀ ਕੁੱਖ ਹੈ
ਨਿਰਗੁਣ ਹੀ ਸਰਗੁਣ ਦੀ ਕੁੱਖ ਹੈ

-0-

ਸ਼ੂਨਯ ਹੁਕਮ ਸਦਕਾ ਹੈ
ਪ੍ਰਕਿਰਤੀ ਜਗਤ ਵਿਕਾਸ
ਸ਼ੂਨਯ ਹੁਕਮ
ਸਦਾ ਜੀਵਾਂ ਦਾ ਸਵਾਸ ਗਰਾਸ
ਸ਼ੂਨਯ ਹੁਕਮ ਦੇਵਤੇ ਜਨਮ
ਜਿੰਨ ਦਰਗਾਹੀ ਵਾਸ
ਸ਼ੂਨਯ ਪ੍ਰਭੂ ਇਹ ਦੇਹ ਸਿਰਜੀ
ਜਿਸ ਦਾ ਸੋਹਣਾ ਮੁਖ ਦੁਆਰ
ਇਸ ਦੇਹ ਦਾ
ਸ਼ੂਨਯ ਪ੍ਰਭੂ ਆਪ ਸੁਆਮੀ
ਕਰਮ ਗਿਆਨ ਇੰਦਰੀਆਂ
ਜਿਸ ਦੇ ਦਰਬਾਨ

−0−

ਅਨੇਕਾਂ ਯੁੱਗ
ਸ਼ੂਨਯ ਚੋਂ ਉਪਜੇ
ਸ਼ੂਨਯ ਵਿਚ ਸਮਾਏ
ਜੋ ਨਰ ਇਸ ਸ਼ੂਨਯ ਨੂੰ ਜਾਣੇ
ਤਿਸ ਨਰ ਕਾਲ ਨਾ ਆਏ
ਨਿਰੋਲ ਅਦਿੱਸ ਬੇਅੰਤ ਸ਼ੂਨਯ ਪ੍ਰਭ
ਧਰਤ ਅਕਾਸ਼ ਬਿਨ ਥੰਮ ਟਿਕਾਏ

−0−

ਸ਼ੂਨਯ ਪ੍ਰਭੂ ਨੇ ਸਿਰਜੇ
ਵਿਸ਼ਨੂੰ ਦੇ ਦਸ ਅਵਤਾਰ

ਦੇਵੀ ਦੇਵਤਿਆਂ ਗੰਧਰਵਾਂ ਦਾ
ਸ਼ੂਨਯ ਪ੍ਰਭੂ ਹੈ ਸਿਰਜਣਹਾਰ
ਸ਼ੂਨਯ ਪ੍ਰਭੂ ਦੇ ਹੁਕਮ ਵਿਚ ਹੈ
ਸਭਨਾਂ ਜੀਵਾਂ ਦਾ ਵਰਤਾਰਾ
ਸੰਜੋਗੀ ਤੇ ਹੁਕਮੀ ਕਰਮਾਂ ਵਿਚ
ਰੁੱਝੇ ਮਾਨਵ ਦਾ
ਸ਼ੂਨਯ ਪ੍ਰਭੂ ਲਿਖਦਾ ਲੇਖਾ ਸਾਰਾ

-0-

ਹੁਕਮੇ ਅੰਦਰ ਸਭ ਨਰ ਨਾਰੀ
ਪੁੰਨ ਪਾਪ ਦੇ ਭੋਗੀ
ਇਹ ਜਗਤ ਇਕ ਮੰਡੀ
ਸ਼ੂਨਯ ਪ੍ਰਭੂ ਨੇ ਆਪ
ਵਿਉਂਤ ਅਨੁਸਾਰ ਬਣਾਈ
ਇਸ ਮੰਡੀ ਦੀ ਖੇਡ ਵਿਓਪਾਰਕ
ਸ਼ੂਨਯ ਆਪ ਰਚਾਈ
ਇਸ ਮੰਡੀ ਵਿਚ
ਭਲੇ ਬੁਰੇ ਗੁਣਾਂ ਦਾ ਕਰਦੇ
ਜੀਵ ਵਿਓਪਾਰ
ਸ਼ੂਨਯ ਪ੍ਰਭੂ
ਇਸ ਮੰਡੀ ਦੀ ਹੈ ਸਰਕਾਰ
ਸ਼ੂਨਯ ਪ੍ਰਭੂ ਵਿਓਪਾਰ ਹੈ ਆਪੇ
ਆਪੇ ਸ਼ਾਹ ਆਪ ਸਮੁੰਦਰ
ਆਪ ਜਹਾਜ਼ ਆਪ ਮਲਾਹ

-0-

ਸ਼ੂਨਯ ਪ੍ਰਭੂ ਆਪ ਬਾਦਸ਼ਾਹ
ਕੁਦਰਤ ਉਸਦਾ ਤਖ਼ਤ ਸੁਹਾਵਾ
ਬੈਠਾ ਜਿਸ ਤੇ ਆਸਨ ਲਾ
ਸੂਰਜ ਚੰਨ ਸਿਤਾਰੇ
ਇਸ ਤਖ਼ਤ ਨੂੰ ਚਾਨਣ ਦੇਵਣ ਵਾਲੇ
ਮਨੁੱਖ ਵਣਜਾਰੇ ਸਭਨਾਂ ਗੁਣਾਂ ਦੇ
ਵਣਜ ਕਰਨ ਲਈ ਲਏ ਬਣਾ

–0–

ਸੱਚ ਝੂਠ ਦੇ ਰੰਗ ਬਰੰਗੇ
ਮੋਹ ਮਾਇਆ ਦੇ ਸੁਫ਼ਨੇ
ਸ੍ਰਿਸ਼ਟੀ ਵਿਚ ਦਿਤੇ ਸਜਾ
ਜਗਤ ਸਿਰਜ ਕੇ
ਸ਼ੂਨਯ ਪ੍ਰਭੂ ਨਿਰਗੁਣ ਤੋਂ
ਹੋ ਸਰਗੁਣ ਅਕਾਰ ਗਿਆ
ਜਗਤ ਵਿਚ ਵਿਚਰਦਾ
ਵਿਚਰਨ ਤੋਂ ਨਿਰਲੇਪ ਰਿਹਾ
ਸਾਫ਼ ਨਜ਼ਰ ਆਉਂਦਾ ਹੋਇਆ ਵੀ
ਗੁਪਤ ਹਮੇਸ਼ ਰਿਹਾ

–0–

ਜਗਤ ਖੇਡ ਦੇ ਨਾਲ ਹੀ
ਮਾਇਆ ਮੋਹ ਉਸ ਰਚਿਆ
ਉਸ ਦਾ ਜਨਮਿਆ ਜੀਵ
ਆ ਮਾਇਆ ਵਿਚ ਫਸਿਆ

ਹਾਉਮੈ ਵਿਚ ਮਾਨਵ ਦੁੱਖ ਹੰਢਾਏ
ਜਨਮ ਮਰਨ ਚੱਕਰ ਵਿਚ ਆਏ
ਬਹੁਰੰਗੀ ਕੁਦਰਤ ਰਚ ਦਾਤਾ
ਹਰ ਰੰਗ ਵਿਚ ਆਪ ਸਮਾਏ

-0-

ਇਹ ਜਗਤ ਰਚ ਦਾਤੇ ਨੇ
ਆਪਣਾ ਆਪ ਪ੍ਰਗਟਾਇਆ
ਇਕੋ ਮਿੱਟੀ ਦੇ ਵਖ ਵਖ
ਭਾਂਡਿਆਂ ਦਾ ਰੂਪ ਬਣਾਇਆ
ਗੁਰੂ ਕ੍ਰਿਪਾ ਸੰਗ
ਹਰ ਭਾਂਡੇ ਦੀ ਮਿੱਟੀ ਵਿਚ
ਆਪਣਾ ਦੀਪ ਜਲਾਇਆ

-0-

ਇਹ ਸ਼ੂਨਯ ਹੈ ਸਰਬਵਿਆਪਕ
ਆਪੇ ਦੁੱਖ ਸੁੱਖ ਦੇਵਣਹਾਰ
ਆਪੇ ਦੁੱਖ ਸੁੱਖ ਭੋਗਣਹਾਰ
ਇਹ ਸ਼ੂਨਯ ਹਰ ਜੀਵ ਦਾ ਵਾਸਾ
ਕੁੱਲ ਸ੍ਰਿਸ਼ਟੀ ਵਿਚ ਮੌਜੂਦ
ਸਰਬਵਿਆਪਕ ਹੋ ਕੇ ਵੀ
ਨਿਰਲੇਪ ਰਹੇ ਇਸ ਦਾ ਵਜ਼ੂਦ

-0-

ਜੋ ਸਵੈ ਦੀ ਜੋਤ ਜਗਾਏ
ਉਸ ਨੂੰ ਇਹ ਸ਼ੂਨਯ ਨਜ਼ਰੀਂ ਆਏ
ਬਿਨਤੀ ਸੁਣੇ ਤੇ ਹੁਕਮ ਬਖਾਣੇ

ਹਰ ਇਕ ਚੋਂ ਇਹ ਸ਼ੂਨਯ ਬੋਲੇ
ਪਾਪ ਪੁੰਨ ਹਰ ਇਕ ਦੇ ਤੋਲੇ
ਸਾਰੀ ਕੁਦਰਤ
ਇਸਦਾ ਹੁਕਮ ਵਜਾਏ
ਤੂੰ ਹੀ ਤੂੰ ਦਾ ਰਾਗ ਸੁਣੀਦਾ
ਸਭ ਨੂੰ ਨਜ਼ਰੀਂ ਆਏ

-0-

ਕਈ ਕਿਸਮ ਦੇ ਚੋਜ ਤਮਾਸ਼ੇ
ਸ਼ੂਨਯ ਪ੍ਰਭੂ ਜਗਤ ਰਚਾਏ
ਦੁਨੀਆਂ ਦੀ ਹਰ ਰਚਨਾ ਚੋਂ
ਸ਼ੂਨਯ ਦਾ ਚਿਹਰਾ ਨਜ਼ਰੀਂ ਆਏ
ਸਾਰੇ ਜਗਤ 'ਚ
ਕੋਈ ਵੀ ਵਸਤੂ ਐਸੀਂ ਨਹੀਂ ਹੈ
ਜੋ ਇਸ ਸ਼ੂਨਯ ਤੋਂ ਵੱਖਰੀ ਕਹਾਏ
ਸਾਰੇ ਜਗਤ 'ਚ
ਇਸ ਸ਼ੂਨਯ ਦੀ ਜੋਤ ਵਿਆਪਕ
ਨਜ਼ਰੀਂ ਆਏ

-0-

ਜਗਤ ਤਮਾਸ਼ਾ ਸ਼ੂਨਯ
ਕਰੇ ਕਰਾਵੇ ਵੇਖੇ ਆਪ
ਆਪ ਵਜੇ ਆਪ ਵਜਾਵੇ
ਆਪੇ ਹੀ ਸੁਰਤਾਲ
ਇਹ ਜਗਤ ਹੈ ਜੀਵਾਂ ਦੇ
ਆਵਣ ਜਾਵਣ ਦਾ ਅਸਥਾਨ

ਹਰ ਜੀਵ ਦੇ ਗਲ ਵਿਚ ਪਾਈ
ਜੀਵਨ ਯੁਗਤੀ ਦੀ ਪਹਿਚਾਣ
ਜਿਵੇਂ ਬੁਲਾਵੇ ਤਿਵੇਂ ਬੋਲਦੇ
ਜਿਵੇਂ ਤੋਰਦਾ ਤਿਵੇਂ ਹੀ ਤੁਰਦੇ
ਹਰ ਇਕ ਅੰਦਰ ਆਪ ਹੈ ਬੈਠਾ
ਜੀਵਨ ਪ੍ਰਣਾਲੀ ਦਾ ਫੁਰਮਾਨ

-0-

ਆਪ ਹੀ ਸੇਵਾ ਕਰੇ ਕਰਾਏ
ਆਪੇ ਗੋਪੀਆਂ ਆਪੇ ਕਾਹਨ
ਆਪੇ ਗਉਆਂ ਆਪੇ ਮੁਰਲੀ
ਆਪੇ ਪੌਣ ਵਜਾਵਣਹਾਰ
ਇਹ ਜਗਤ ਸ਼ੂਨਯ ਪ੍ਰਭੂ ਨੇ
ਆਪਣੀ ਰੰਗਲੀ ਸੱਤਾ ਤੋਂ ਰਚਿਆ
ਦੁਨੀਆਂ ਦੇ ਹਰ ਰੰਗ ਅੰਦਰ
ਤਾਂ ਹੀ ਤੇ ਹੈ ਆਪੇ ਵਸਿਆ

-0-

ਇਸ ਸ਼ੂਨਯ ਦੀ ਕੁਦਰਤ ਹੈ
ਅਪਰਮਪਾਰ
ਵਿਰੋਧੀ ਤੱਤਾਂ ਦਾ ਰਚਕੇ ਸੰਸਾਰ
ਆਪੋ ਆਪਣੇ ਕੰਮੀਂ ਧੰਦੀਂ ਲਾਇਆ
ਹਰ ਇਥ ਤੱਤ ਦੇ ਅੰਦਰ
ਵੈਰ ਵਿਰੋਧ ਦੀ ਥਾਂ ਤੇ ਹੈ
ਮਿਲਵਰਤਣ ਵੀ ਪਾਇਆ

-0-

ਅਕਾਸ਼ ਹਵਾ ਅੱਗਣ ਜਲ ਧਰਤੀ
ਜੋ ਵੀ ਨਜ਼ਰੀਂ ਆਵੇ
ਸ਼ੂਨਯ ਹੁਕਮ ਤੋਂ ਪੈਦਾ ਹੋ ਕੇ
ਸ਼ੂਨਯ ਹੁਕਮ ਸਮਾਵੇ
ਜਿਉਂ ਕਿਰਨਾਂ ਸੂਰਜ
ਸੂਰਜ ਕਿਰਨਾਂ ਹੋ ਜਾਵੇ
ਤਿਵੇਂ ਹੀ ਹਰ ਜੀਵ ਜੰਤ ਚੋਂ ਸ਼ੂਨਯ
ਸ਼ੂਨਯ ਚੋਂ ਹਰ ਜੀਵ ਜੰਤ ਨਜ਼ਰੀਂ ਆਵੇ

-0-

ਧਨ ਧਨ ਸ਼ੂਨਯ ਪ੍ਰਭ ਦਾਤਾ
ਤੇਰੀ ਸ਼ੋਭਾ ਤੈਨੂੰ ਬਣ ਆਈ
ਅਣਦਿੱਸਦੇ ਤੋਂ ਦਿੱਸਦੇ ਵਿਚ
ਤੂੰ ਹੀ ਤੂੰ ਹੈਂ
ਕੋਈ ਥਾਂ ਨਹੀਂ ਐਸਾ
ਜਿਸ ਥਾਂ ਤੇ ਜਲਵਾ ਨਹੀਂ ਤੇਰਾ
ਫੁੱਲ ਵੀ ਤੂੰ ਸੁਗੰਧ ਵੀ ਤੂੰ
ਤੂੰ ਹੀ ਮਾਨਣਹਾਰਾ
ਜਿਸ ਤੇ ਨਦਰਿ ਨਿਹਾਲ ਤੂੰ ਦਾਤਾ
ਉਹ ਕਾਇਆਕਲਪ ਹੋ ਜਾਵੇ
ਤੇਰਾ ਨਾਮ ਧਿਆਉਂਦਾ ਹੀ
ਉਹ ਤੇਰਾ ਹੋ ਜਾਵੇ

-0-

ਵਖ ਵਖ ਜੀਵ ਪਸ਼ੂ ਤੇ ਜਾਨਵਰ

ਦੁੱਧ ਸਭਨਾਂ ਦਾ ਇਕ ਰੰਗਾ
ਵਖ ਵਖ ਰੰਗ ਨਸਲ ਤੇ ਜਾਤਾਂ
ਲਹੂ ਸਭ ਦਾ ਇਕ ਰੰਗਾ
ਦੁੱਧ ਚੋਂ ਮੱਖਣ ਇਕੋ ਰੂਪ ਹੈ
ਜੋਤ ਸਮਾਈ ਸਰਬੰਗਾ
ਵਖ ਵਖ ਰੂਪ ਬਾਨਸਪਤੀ ਦੇ
ਵਿਚ ਜਲ ਅੱਗਣ ਇਕ ਰੰਗਾ
ਬਹੁਰੰਗੇ ਇਸ ਜਗਤ ਅੰਦਰ
ਇਕ ਤੇਰੀ ਜੋਤ ਸਮਾਈ
ਹਰ ਮਾਨਵ ਹਰ ਜੀਵ ਜੰਤ ਵਿਚ
ਇਕੋ ਜਿਹੀ ਨਜ਼ਰੀਂ ਆਈ

-0-

ਜਲ ਥਲ ਪਰਬਤ ਬਨਾਸਪਤੀ
ਅਕਾਸ਼ ਪਤਾਲ
ਸਾਰੀ ਸ੍ਰਿਸ਼ਟੀ ਦਾ ਕਿਣਕਾ ਕਿਣਕਾ
ਸ਼ੂਨਯ ਪ੍ਰਭੂ
ਮਣਕਿਆਂ ਵਾਂਗ ਪਰੋਇਆ
ਹਰ ਮਣਕੇ ਦੀ ਜੋਤ ਦੇ ਅੰਦਰ
ਪਰਮ ਜੋਤ ਦਾ ਨੂਰ ਸਮੋਇਆ
ਉੱਚਾ ਨੀਵਾਂ ਚੰਗਾ ਮਾੜਾ
ਸਭ ਸ਼ੂਨਯ ਪ੍ਰਭੂ ਉਪਜਾਇਆ
ਸਭ ਵਿਚ ਵਸਦਾ ਇਕੋ ਜਿਹਾ
ਉਹ ਨਜ਼ਰੀਂ ਆਇਆ

-0-

ਇਹ ਸ਼ੂਨਯ
ਸ਼ੂਨਯ ਹੋ ਕੇ ਵੀ ਰਿਜ਼ਕਵਾਨ ਹੈ
ਹਰ ਇਕ ਜੀਵ ਜੰਤ ਦਾ ਰਿਜ਼ਕ
ਇਸ ਸ਼ੂਨਯ ਹੱਥੀਂ ਲਿਖਿਆ
ਪੰਛੀ ਜੋ ਧਨ ਰਹਿਤ ਹਨ
ਜੰਗਲੀ ਰੁੱਖਾਂ ਵਿਚ ਵਸਦੇ ਹਨ
ਸ਼ੂਨਯ ਪ੍ਰਭੂ ਦਾ ਦਿਤਾ ਖਾਂਦੇ
ਉਸਦਾ ਭਾਣਾ ਮੰਨਦੇ ਹਨ
ਸਮੁੰਦਰ ਦੇ ਵਿਚ ਬੇਅੰਤ
ਜੀਵ ਜੰਤੂਆਂ ਦਾ ਵਸੇਰਾ ਹੈ
ਨਾ ਕੋਈ ਕਿਰਤ ਨਾ ਹੱਟ ਕੋਈ
ਨਾ ਕੋਈ ਉੱਥੇ ਕਾਰ ਵਿਹਾਰ
ਜੰਗਲ ਤੇ ਜਲ ਦੇ ਜੀਵ ਜੰਤ
ਸਭ ਉਸ ਦਾ ਦਿੱਤਾ ਖਾਂਦੇ
ਉਸ ਦਾ ਸ਼ੁਕਰ ਮਨਾਉਂਦੇ

-0-

ਇਸ ਬੇਅੰਤ ਰਚਨਾ ਦਾ
ਰਿਜ਼ਕ ਪ੍ਰਬੰਧ
ਸ਼ੂਨਯ ਪ੍ਰਭੂ ਬਣਾਇਆ
ਜਿਸਦੇ ਹਿੱਸੇ ਜੋ ਵੀ ਲਿਖਿਆ
ਉਸਦੇ ਹਿੱਸੇ ਆਇਆ
ਪੱਥਰ ਦਾ ਕੀੜਾ
ਪੱਥਰ ਵਿਚ ਜਨਮਿਆਂ

ਪੱਥਰ ਵਿਚ ਹੀ ਖਾਏ
ਬਾਹਰੋਂ ਉਸਨੂੰ ਜਿਉਣ ਦੀ ਖ਼ਾਤਰ
ਇਕ ਦਾਣਾ ਨਾ ਆਏ
ਕੂੰਜਾਂ ਆਪਣੇ ਆਂਡੇ ਦੇ ਕੇ
ਕੋਹਾਂ ਦੂਰ ਤੁਰ ਜਾਵਣ
ਕੂੰਜਾਂ ਦਿਆਂ ਬੋਟਾਂ ਨੂੰ
ਕਿਹੜਾ ਚੋਗ ਚੁਗਾਏ
ਉਸ ਸ਼ੂਨਯ ਪ੍ਰਭੂ ਦਾ ਦਿੱਤਾ
ਹਰ ਕੋਈ ਖਾਏ

-0-

ਸ਼ੂਨਯ ਪ੍ਰਭੂ
ਰਹਿਮਤਾਂ ਨਿਹਮਤਾਂ ਦਾ ਦਾਤਾ ਹੈ
ਸਭ ਦੇ ਕਸ਼ਟ ਮਿਟਾਏ
ਜੋ ਸ਼ਰਧਾ ਕਰ ਸਿਮਰੇ ਉਸਨੂੰ
ਮਨ ਚਾਹਿਆ ਫੱਲ ਪਾਏ
ਜਿਸ ਦਾਤੇ ਇਹ ਦੇਹ ਬਖ਼ਸ਼ੀ
ਤੇ ਵਿਚ ਜਾਨ ਹੈ ਪਾਈ
ਉਸ ਦਾਤੇ ਇਸ ਦੇਹ ਲਈ
ਰੋਜ਼ੀ ਦੀ ਯੁਗਤ ਬਣਾਈ
ਸਭ ਜੀਵਾਂ ਨੂੰ ਸਿਰਜੇ
ਸਭ ਦੀ ਕਰੇ ਸੰਭਾਲ
ਸਭਨਾਂ ਦੀ ਭੁੱਖ ਪਿਆਸ ਮਿਟਾਵੇ
ਸਭਨਾਂ ਦਾ ਧਰਵਾਸ

-0-

ਕਛੁਕੁਮੀ ਪਾਣੀ ਵਿਚ ਰਹਿੰਦੀ
ਬੱਚੇ ਜਣਦੀ ਰੇਤੇ
ਨਾ ਬੱਚਿਆਂ ਦੇ ਖੰਭ ਉੱਡਣ ਲਈ
ਨਾ ਕਛੁਕੁਮੀ ਧਨ ਸੇਤੇ
ਨਾ ਬੱਚਿਆਂ ਨੂੰ ਦੁੱਧ ਪਿਆਵੇ
ਸ਼ੂਨਯ ਪ੍ਰਭੂ ਦਾ ਦਿਤਾ
ਹਰ ਕੋਈ ਖਾਵੇ
ਜੋ ਨਰ ਨਾਰੀ
ਸ਼ੂਨਯ ਪ੍ਰਭੂ ਦੇ ਚਰਨੀਂ ਆਵੇ
ਬੰਦਿਆਂ ਦੀ ਗਰਜ਼ ਤੋਂ
ਉਹ ਨਰ ਨਾਰੀ ਮੁਕਤ ਹੋ ਜਾਵੇ

-0-

ਇਹ ਸ਼ੂਨਯ ਰਖਿਅਕ ਸ਼ੂਨਯ ਹੈ
ਸਭ ਜੀਵਾਂ ਦੀ ਹੈ ਪ੍ਰੇਰਨਾ
ਆਪਣੀ ਰਜ਼ਾ ਦੀ ਨੱਥ
ਉਹ ਹਰ ਜੀਵ ਦੇ ਨੱਕ ਵਿਚ ਪਾਈ
ਉਸ ਦੀ ਕੁਦਰਤ ਨੂੰ ਕੋਈ ਵਾਚੇ
ਸਮੁੰਦਰ ਵਿਚ ਹੈ ਧਰਤ ਟਿਕਾਈ
ਲੱਕੜ ਵਿਚ ਅੱਗ ਛੁਪਾਈ
ਜਲ ਵਿਚ ਲਾਵਾ ਅੱਗਣ ਦਾ ਵਾਸ
ਜਲ ਤੇ ਬਿਜਲੀ ਬੱਦਲ ਪਾਸ

-0-

ਸ਼ੂਨਯ ਪ੍ਰਭੂ
ਆਪਣੇ ਭਗਤਾਂ ਦੀ ਰੱਖਦਾ ਲਾਜ
ਪ੍ਰਹਿਲਾਦ ਦੀ ਰਖ਼ਸ਼ਾ
ਹਰਿਨਾਖਸ਼ ਦਾ ਨਾਸ
ਨੀਵੇਂ ਉੱਚੇ ਦਾ ਹੈ ਰੱਖਿਅਕ
ਬਲਹੀਣ ਨੂੰ ਬਚਾਵਣਹਾਰ
ਮਾਇਆ ਦੀ ਤ੍ਰਿਸ਼ਨਾ ਵਿਚ
ਮਾਨਵ ਆਤਮਕ ਜੀਵਨ
ਸਾੜ ਮੁਕਾਏ
ਮਾਇਆ ਦੀ ਅੱਗ ਤੋਂ ਜੀਵਾਂ ਨੂੰ
ਸ਼ੂਨਯ ਪ੍ਰਭੂ ਆਪ ਬਚਾਏ
ਅਨਜਾਣ ਜੀਵਾਂ ਨੂੰ ਉਂਗਲੀ ਲਾ ਕੇ
ਭਵਸਾਗਰ ਤੋਂ ਪਾਰ ਲੈ ਜਾਏ

-0-

ਸ਼ੂਨਯ ਪ੍ਰਭੂ ਹੈ
ਭੁੱਲਾਂ ਦਾ ਬਖ਼ਸ਼ਣਹਾਰ
ਹਰ ਮਾਨਵ ਲਈ ਉਸ ਦੇ ਖੁੱਲ੍ਹੇ ਦੁਆਰ
ਇਕ ਕਦਮ ਜੋ ਉਸ ਵੱਲ ਜਾਵੇ
ਸੌ ਕਦਮ ਉਹ ਉਸ ਵੱਲ ਆਵੇ
ਸੰਸਾਰ ਸਮੁੰਦਰ ਦੀਆਂ ਲਹਿਰਾਂ ਤੋਂ
ਰੱਖਦਾ ਦਾਤਾ ਦੇ ਕੇ ਹੱਥ

ਮਾਨਵ ਦੀ ਮੁਕਤੀ ਲਈ
ਸ਼ੂਨਯ ਪ੍ਰਭੂ ਹੀ ਹੈ ਸਮਰੱਥ

-0-

ਇਹ ਸ਼ੂਨਯ ਬੇਅੰਤ ਗੁਣਾਂ ਦੀ
ਧਾਰਨੀ ਹੈ
ਬਿਗੜੇ ਕਾਜ ਜਗਤ ਦੇ
ਸੁਆਰਦੀ ਹੈ
ਜੇ ਕਰੋੜਾਂ ਯੁੱਗ ਸਮਾਧੀ ਲਾ ਕੇ
ਬੜੇ ਬੜੇ ਤੱਪਾਂ ਜੱਪਾਂ ਦਾ ਆਸਰਾ ਪਾ ਕੇ
ਦਿੱਬ ਦ੍ਰਿਸ਼ਟੀ ਪਾ ਲਈਏ
ਅਕਾਸ਼ ਪਤਾਲ ਧਰਤੀਆਂ
ਅਖੰਡ ਬ੍ਰਹਿਮੰਡ
ਤਲੀਆਂ ਤੇ ਉਠਾ ਲਈਏ
ਜੇ ਲਿਖ ਲਿਖ ਕੇ ਸਾਰਾ ਬ੍ਰਹਿਮੰਡ
ਪ੍ਰਭੂ ਵਡਿਆਈ ਨਾਲ ਭਰ ਦਈਏ
ਤਾਂ ਵੀ ਉਸ ਦਾ ਅੰਤ ਨਾ ਪਾ ਸਕੀਏ
ਉਸ ਉੱਚੇ ਜਿੱਡਾ ਆਪਣਾ
ਆਪ ਬਣਾ ਨਾ ਸਕੀਏ

-0-

ਉਹ ਹੈ ਆਪਣੇ ਆਪ ਸਹਾਰੇ
ਉਸ ਦੀ ਪਹੁੰਚ ਹੈ ਦੂਰ ਕਿਨਾਰੇ
ਸਗਲ ਜਗਤ ਦੀ ਉਸ ਹੱਥ ਡੋਰ

ਇਕੋ ਇਕ ਉਹ ਦਾਤਾ ਹੈ
ਉਸ ਜਿਹਾ ਨਹੀਂ ਕੋਈ ਹੋਰ
ਉਸਦੀ ਵਡਿਆਈ
ਜ਼ਰੇ ਜ਼ਰੇ ਵਿਚ ਸਮਾਈ
ਉਸ ਦਾਤੇ ਦੀ ਪੀਰੀ
ਵੱਡ ਵਡੇਰੇ ਦੇਵਤਿਆਂ ਦੀ ਵੀ
ਸਮਝ ਨਾ ਆਈ
ਭਾਵੇਂ ਉਹ ਕੁਦਰਤ ਦਾ ਭੇਦ ਹੈ
ਮਾਨਵ ਦੇਹ ਵਿਚ
ਆਤਮ ਰੂਪ 'ਚ ਉਹ ਆਭੇਦ ਹੈ

-0-

ਸਾਗਰ ਚੋਂ
ਕਈ ਲਹਿਰਾਂ ਉੱਠਦੀਆਂ ਹਨ
ਮੁੜ ਸਾਗਰ ਵਿਚ ਰਲ਼ ਜਾਂਦੀਆਂ ਹਨ
ਸੋਨੇ ਦੇ ਕਈ ਕਿਸਮ ਦੇ ਗਹਿਣੇ
ਬਣਦੇ ਹਨ
ਗਹਿਣੇ ਹੁੰਦਿਆਂ ਵੀ ਸੋਨਾ
ਸੋਨਾ ਰਹਿੰਦਾ ਹੈ
ਕਿਸੇ ਬੀਜ ਚੋਂ ਰੁੱਖ ਉੱਗਦਾ ਹੈ
ਪੱਤੇ ਸਾਖ਼ਾਂ ਫੁੱਲ ਲਗਦੇ ਹਨ
ਰੁੱਖ ਦੇ ਕਈ ਰੂਪ ਦਿੱਸਦੇ ਹਨ

ਪਰ ਫੱਲ ਪੱਕਣ ਤੇ ਉਹ ਰੁੱਖ
ਬੀਜ ਦੇ ਵਿਚ ਸਮਾ ਜਾਂਦਾ ਹੈ
ਆਪਣਾ ਸਫ਼ਰ ਮੁਕਾ ਕੇ ਰੁੱਖ
ਆਪਣੇ ਸੱਚ ਨੂੰ ਪਾ ਜਾਂਦਾ ਹੈ

-0-

ਇਸੇ ਤਰ੍ਹਾਂ ਹੀ
ਇਸ ਬਹੁਰੰਗੀ ਸੰਸਾਰ ਦਾ ਅਸਲਾ
ਇਕ ਨਿਰਜਨ ਸ਼ੁਨਯ ਪ੍ਰਭੂ ਹੈ
ਜੋ ਨਿਰਜਨ ਚੋਂ ਜਨਮ ਕੇ
ਨਿਰਜਨ ਵਿਚ ਸਮਾ ਜਾਦਾ ਹੈ

-0-

ਇਕੋ ਅਕਾਸ਼
ਪਾਣੀ ਨਾਲ ਭਰੇ ਹਜ਼ਾਰਾਂ ਘੜਿਆਂ ਚੋਂ
ਵਖ ਵਖ ਦਿੱਸਦਾ ਹੈ
ਜਦ ਉਹ ਘੜੇ ਟੁੱਟ ਜਾਂਦੇ ਹਨ
ਤਾਂ ਉਹ ਇਕ ਅਕਾਸ਼ ਹੀ
ਬਾਕੀ ਦਿੱਸਦਾ ਰਹਿ ਜਾਂਦਾ ਹੈ
ਮੋਹ ਮਾਇਆ ਦੇ ਭਰਮ ਦੇ ਕਾਰਨ
ਜੀਵ ਦੇ ਅੰਦਰ ਭਟਕਣ ਲੋਭ ਮੋਹ
ਹੰਕਾਰ ਵਿਕਾਰ ਆਦਿ ਉੱਠਦੇ ਹਨ
ਭਰਮ ਮਿਟਣ ਤੇ

ਜੀਵ ਦੇ ਅੰਦਰ ਪ੍ਰਭੂ ਦਾ ਸੱਚ ਹੀ
ਰਹਿ ਜਾਂਦਾ ਹੈ

-0-

ਅੰਤ ਸੰਸਾਰ ਬਿਨਸਨਹਾਰ ਹੈ
ਜੋ ਰਹਿਣਾ ਹੈ
ਉਹ ਸ਼ੂਨਯ ਪ੍ਰਭੂ ਰਹਿਣਾ ਹੈ
ਜੋ ਅਮਰ ਹੈ
ਜੋ ਸੰਸਾਰ ਦੇ ਆਦਿ ਅੰਤ ਤੋਂ ਪਹਿਲਾਂ ਵੀ ਸੀ
ਪਿਛੋਂ ਵੀ ਹੈ
ਸੰਸਾਰ ਜਦ ਆਪਣਾ ਸਫ਼ਰ ਮੁਕਾ ਜਾਂਦਾ ਹੈ
ਸ਼ੂਨਯ ਪ੍ਰਭੂ ਚੋਂ ਜਨਮਦਾ ਹੈ
ਸ਼ੂਨਯ ਪ੍ਰਭੂ 'ਚ ਹੀ ਸਮਾ ਜਾਂਦਾ ਹੈ

------



ਜਗਤ
ਜ਼ਹਿਰੀਲੇ ਪਾਣੀਆਂ ਦਾ
ਸਾਗਰ ਹੈ
ਇਸ ਚੋਂ
ਜਿਸ ਵੀ ਘੁੱਟ ਹੈ ਭਰਿਆ
ਉਹ ਮੋਹ ਮਾਇਆ ਵਿਚ ਫਸ ਕੇ
ਜਿਉਂਦੇ ਜੀਅ ਹੀ ਮਰਿਆ

**ਚਰਨ ਸਿੰਘ**